SARDAR SUPER MARKET
ਸਰਦਾਰ ਸੁਪਰ ਮਾਰਕੀਟ
ਸਸਤੀ ਅਤੇ ਸਿਹਤਮੰਦ ਵਰਾਇਟੀ ਵਾਲਾ ਗਰੌਸਰੀ ਸਟੋਰ
204 416 0999
E1-55 Waterford Green Commons, Winnipeg (MB) R2R 0Z9

The Punjabi Newspaper
ਪੰਜਾਬੀਅਤ ਦਾ ਪਹਿਰੇਦਾਰ
# ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Edmonton : 780 599 2000 I Regina/Saskatoon : 639 999 1000 : Winnipeg 431 733 3000
Chief Editor : Harbans Buttar

ਵਿਨੀਪੈਗ ਦੇ ਕਿਸੇ ਵੀ ਏਰੀਆ ਵਿੱਚ ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਲਈ ਕਾਲ ਕਰੋ
AMRITPAL DHILLON
BROKER: MAXIMUM REALTY
MAXIMUM REALTY
Call: 204-979-7200
Office: 204-777-9999
Email: amritrealtorwinnipeg@gmail.com

Vol: 9 No: 213 Website : www.punjabiakhbaar.ca Email: editor@punjabiakhbaar.ca Friday, 3 Febuary 2023

## ਹੁਣ ਬੀ ਸੀ ਵਿਚ 2.5 ਗ੍ਰਾਮ ਤੱਕ ਡਰੱਗਜ਼ ਰੱਖਣਾ ਗ਼ੈਰ ਕਾਨੂੰਨੀ ਨਹੀਂ ਹੋਵੇਗਾ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬੀਤੀ 31 ਜਨਵਰੀ ਤੋਂ ਲੈਕੇ 31 ਜਨਵਰੀ 2026 ਤੱਕ ਯਾਨੀ ਤਿੰਨ ਸਾਲ ਲਈ ਬ੍ਰਿਟਿਸ਼ ਕੋਲੰਬੀਆ ਸੂਬੇ ਵਿੱਚ 18 ਸਾਲ ਅਤੇ ਇਸ ਤੋ ਉੱਪਰ ਉਮਰ ਵਰਗ ਵਾਲੇ ਲੋਕਾਂ ਲਈ ਢਾਈ ਗ੍ਰਾਮ ਤੱਕ ਗੈਰ-ਕਨੂੰਨੀ ਡਰਗਜ਼ ਰੱਖਣਾ ਅਪਰਾਧ ਨਹੀਂ ਮੰਨਿਆ ਜਾਵੇਗਾ। ਫਿਰ ਭਾਵੇਂ ਤੁਹਾਡੇ ਕੋਲ ਕੋਕੀਨ ਮੈੱਥ ਅਤੇ ਮਾਰਫੀਨ ਹੀ ਕਿਉਂ ਨਾ ਹੋਵੇ। ਇਹ ਕਦਮ ਸੂਬੇ ਵਿੱਚ ਡਰੱਗ ਦੀ ਓਵਰਡੋਜ਼ ਕਾਰਨ ਨਿੱਤ ਦਿਨ ਵਧ ਰਹੀ ਮੌਤਾਂ ਦੀ ਗਿਣਤੀ ਨੂੰ ਰੋਕਣ ਦੇ ਮੱਦੇਨਜ਼ਰ ਚੁੱਕਿਆ ਦੱਸਿਆ ਜਾ ਰਿਹਾ ਹੈ। ਕੈਨੇਡਾ ਦੀ ਮੈਂਟਲ ਹੈਲਥ ਵਿਭਾਗ ਦੀ ਮੰਤਰੀ ਕੈਰੋਲਿਨ ਬੈਨੇਟ ਨੇ ਇਹ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕੀ ਇਸ ਮਾਤਰਾ ਵਿੱਚ ਇਹ ਡਰੱਗਜ਼ ਰੱਖਣੀਆਂ ਤਾਂ ਹੀ ਅਪਰਾਧ ਨਹੀਂ ਹੋਣਗੀਆਂ ਜੇਕਰ ਇਹ ਨਿੱਜੀ ਵਰਤੋਂ ਵਾਸਤੇ ਹੋਣਗੀਆਂ ਪਰ ਜੇਕਰ ਇਨ੍ਹਾਂ ਡਰਗਜ਼ ਨੂੰ ਵੇਚਣ ਸਮੱਗਲ ਕਰਨ ਜਾਂ ਉਤਪਾਦਨ ਦੇ ਤੌਰ ਤੇ ਵਰਤਿਆ ਜਾਵੇਗਾ ਤਾਂ ਉਹ ਗੈਰ ਕਨੂੰਨੀ ਹੋਵੇਗਾ।

ਉਨ੍ਹਾਂ ਆਖਿਆ ਕਿ ਇਹ ਕਦਮ ਕੀਮਤੀ ਜਾਨਾਂ ਬਚਾਉਣ ਲਈ ਚੁੱਕਿਆ ਜਾ ਰਿਹਾ ਹੈ ਉਨ੍ਹਾਂ ਆਖਿਆ ਕਿ ਕਦੀ ਵੀ ਸਥਿੱਤੀ ਏਨੀ ਗੰਭੀਰ ਨਹੀਂ ਹੋਈ ਜਿੰਨੀ ਹੁਣ ਹੋ ਚੁੱਕੀ ਹੈ। ਉਨ੍ਹਾਂ ਅੰਕੜੇ ਸਾਂਝੇ ਕਰਦਿਆਂ ਦੱਸਿਆ ਕਿ ਕੈਨੇਡਾ ਵਿੱਚ ਸਾਲ 2016 ਤੋਂ ਲੈ ਕੇ ਹੁਣ ਤੱਕ 30 ਹਜ਼ਾਰ ਤੋਂ ਵੱਧ ਮੌਤਾਂ ਨਸ਼ੇ ਦੀ ਓਵਰਡੋਜ਼ ਕਾਰਨ ਹੋ ਚੁੱਕੀਆਂ ਹਨ।

## ਲੋਕ ਸਭਾ 'ਚ ਵਿੱਤੀ ਸਾਲ 2022-23 ਦਾ ਆਰਥਿਕ ਸਰਵੇਖਣ ਪੇਸ਼

### ਸਾਲ 2023-24 'ਚ ਦੇਸ਼ ਦੀ ਆਰਥਿਕਤਾ 6.5% ਦਰ ਨਾਲ ਅੱਗੇ ਵਧੇਗੀ



ਨਵੀਂ ਦਿੱਲੀ (ਪੰਜਾਬੀ ਅਖਬਾਰ ਬਿਊਰੋ)- ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਅੱਜ ਲੋਕ ਸਭਾ ਵਿੱਚ ਵਿੱਤੀ ਸਾਲ 2022-23 ਦੀ ਆਰਥਿਕ ਸਰਵੇਖਣ ਪੇਸ਼ ਕੀਤਾ। ਇਸ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਦੇਸ਼ ਦੀ ਅਰਥਵਿਵਸਥਾ 2023-24 'ਚ 6.5 ਫੀਸਦੀ ਦੀ ਦਰ ਨਾਲ ਵਿਕਾਸ ਕਰੇਗੀ, ਜਦਕਿ ਮੌਜੂਦਾ ਵਿੱਤੀ ਸਾਲ 'ਚ ਸੱਤ ਫੀਸਦੀ ਦੀ ਦਰ ਨਾਲ ਵਾਧਾ ਹੋਵੇਗਾ। ਪਿਛਲੇ ਵਿੱਤੀ ਸਾਲ 'ਚ ਵਿਕਾਸ ਦਰ 8.7 ਫੀਸਦੀ ਸੀ। ਸਰਵੇਖਣ 'ਚ ਕਿਹਾ ਗਿਆ ਹੈ ਕਿ ਭਾਰਤ ਦੁਨੀਆ 'ਚ ਸਭ ਤੋਂ ਤੇਜ਼ੀ ਨਾਲ ਵਧਣੀ ਆਰਥਿਕਤਾ ਬਣੀ ਰਹੇਗੀ।


ਸੰਸਦ ਦਾ ਬਜਟ ਸੈਸ਼ਨ ਅੱਜ ਤੋਂ ਸ਼ੁਰੂ ਹੋ ਗਿਆ ਹੈ। ਰਾਸ਼ਟਰਪਤੀ ਦ੍ਰੋਪਦੀ ਮੁਰਮੂ ਪਹਿਲੀ ਵਾਰ ਸੰਸਦ ਦੇ ਸਾਂਝੇ ਸੈਸ਼ਨ ਨੂੰ ਸੰਬੋਧਨ ਕਰ ਰਹੇ ਹਨ। ਮੁਰਮੂ ਦੇ ਪੁੱਜਣ 'ਤੇ ਪੂਰੇ ਸਦਨ ਨੇ ਮੇਜ਼ਾਂ ਥਪਥਪਾਉਂਦੇ ਹੋਏ ਉਨ੍ਹਾਂ ਦਾ ਸਵਾਗਤ ਕੀਤਾ। ਮੁਰਮੂ ਨੇ ਕਿਹਾ- ਸੰਸਦ ਦੇ ਇਸ ਸਾਂਝੇ ਸੈਸ਼ਨ ਨੂੰ ਸੰਬੋਧਨ ਕਰਦਿਆਂ ਮੈਨੂੰ ਖੁਸ਼ੀ ਹੋ ਰਹੀ ਹੈ। ਅਜੇ ਕੁਝ ਮਹੀਨੇ ਪਹਿਲਾਂ ਹੀ ਦੇਸ਼ ਆਪਣੀ ਅਜ਼ਾਦੀ ਦੇ 75 ਸਾਲ ਪੂਰੇ ਕਰ ਕੇ ਅੰਮ੍ਰਿਤਕਾਲ 'ਚ ਪ੍ਰਵੇਸ਼ ਕੀਤਾ ਸੀ। ਅੰਮ੍ਰਿਤਕਾਲ ਦੇ 25 ਸਾਲਾਂ ਦਾ ਸਮਾਂ ਆਜ਼ਾਦੀ ਦੀ ਸੁਨਹਿਰੀ ਸਦੀ ਅਤੇ ਵਿਕਸਤ ਭਾਰਤ ਦੇ ਨਿਰਮਾਣ ਦਾ ਸਮਾਂ ਹੈ।

Barinder Ubhi
Realtor
C (204)807-5013
E babbu_ubhi@yahoo.com
MAXPRO REAL ESTATE
1739 Pembina Hwy, Winnipeg, MB, R3T 2G6
P:(204) 218-2222
F:(204) 261-1488
www.maxprorealestate.ca

iccrc crcic
Raman D. Sood
Regulated Immigration Consultant (RCIC)
Commissioner of Oaths, Manitoba
Rainbow Immigration Ltd.
Fulfilling Dreams!
Ph: 204-202-7900
1403 Jefferson Ave., Winnipeg, MB, Canada R2P 0R6
Web: www.rainbowimmigration.ca
Email: rainbowimmigrationwinnipeg@gmail.com

IATA
ONKAR TRAVELS
Call:- 204-202-7900 for BEST WHOLESALE AIRFARES
Sood Brothers Travels & Tours
ਇੰਡੀਆ ਜਾਣ ਲਈ ਸਸਤੀਆਂ ਟਿਕਟਾਂ
1403 Jefferson Ave. Winnipeg, MB Canada
Ph: 204-202-7900, www.onkartravels.com
email: ywg@onkartravels.com

## ਚੀਨ ਨੇ ਜਾਪਾਨੀਆਂ ਨੂੰ ਵੀਜ਼ਾ ਦੇਣਾ ਮੁੜ ਕੀਤਾ ਸ਼ੁਰੂ



ਟੋਕੀਓ (ਪੰਜਾਬੀ ਅਖਬਾਰ ਬਿਊਰੋ)- ਚੀਨ ਨੇ ਐਲਾਨ ਕੀਤਾ ਹੈ ਕਿ ਉਹ ਐਤਵਾਰ ਤੋਂ ਜਾਪਾਨੀ ਯਾਤਰੀਆਂ ਲਈ ਵੀਜ਼ਾ ਜਾਰੀ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਰਿਹਾ ਹੈ। ਚੀਨ ਨੇ ਆਪਣੇ ਨਾਗਰਿਕਾਂ ਨੂੰ ਜਾਪਾਨ 'ਚ ਦਾਖਲ ਹੋਣ ਲਈ ਸਖ਼ਤ ਕੋਵਿਡ-19 ਨਿਯਮਾਂ ਦੇ ਵਿਰੋਧ 'ਚ ਜਾਪਾਨੀ ਨਾਗਰਿਕਾਂ ਨੂੰ ਵੀਜ਼ਾ ਜਾਰੀ ਕਰਨ ਦੀ ਪ੍ਰਕਿਰਿਆ ਨੂੰ ਮੁਅੱਤਲ ਕਰ ਦਿੱਤਾ ਸੀ ਅਤੇ ਲਗਭਗ ਤਿੰਨ ਹਫ਼ਤਿਆਂ ਬਾਅਦ ਇਸ ਨੂੰ ਬਹਾਲ ਕਰ ਰਿਹਾ ਹੈ।

ਬੀਜਿੰਗ ਨੇ ਟੋਕੀਓ ਸਥਿਤ ਚੀਨੀ ਦੂਤਘਰ ਦੀ ਵੈੱਬਸਾਈਟ 'ਤੇ ਪੋਸਟ ਕੀਤੇ ਇੱਕ ਬਿਆਨ ਰਾਹੀਂ ਆਪਣੇ ਫ਼ੈਸਲੇ ਦਾ ਐਲਾਨ ਕੀਤਾ। 10 ਜਨਵਰੀ ਨੂੰ ਚੀਨ ਨੇ ਜਾਪਾਨ 'ਚ ਨਵੇਂ ਵੀਜ਼ੇ ਜਾਰੀ ਕਰਨ 'ਤੇ ਪਾਬੰਦੀ ਲਗਾ ਦਿੱਤੀ ਸੀ। ਦਸੰਬਰ ਦੇ ਅਖੀਰ 'ਚ ਚੰਦਰ ਨਵੇਂ ਸਾਲ ਤੋਂ ਪਹਿਲਾਂ ਦੇਸ਼ 'ਚ ਆਉਣ ਵਾਲੇ ਚੀਨੀ ਸੈਲਾਨੀਆਂ ਲਈ ਟੋਕੀਓ ਵਲੋਂ ਵਾਧੂ ਕੋਵਿਡ ਟੈੱਸਟ ਲਾਜ਼ਮੀ ਕੀਤੇ ਜਾਣ ਦੇ ਵਿਰੋਧ 'ਚ ਇਹ ਕਦਮ ਚੁੱਕਿਆ ਸੀ। ਜਾਪਾਨ ਨੇ ਪਿਛਲੇ ਸਾਲ ਅਕਤੂਬਰ 'ਚ ਸੈਲਾਨੀਆਂ ਲਈ ਆਪਣੀਆਂ ਸਰਹੱਦਾਂ ਖੋਲ੍ਹ ਦਿੱਤੀਆਂ ਸਨ ਅਤੇ ਯਾਤਰੀਆਂ ਲਈ ਹਵਾਈ ਅੱਡੇ 'ਤੇ ਕੋਵਿਡ ਨੈਗੇਟਿਵ ਰਿਪੋਰਟਾਂ ਦੀ ਬਜਾਏ ਸਿਰਫ਼ ਟੀਕਾਕਰਨ ਸਰਟੀਫ਼ਿਕੇਟ ਦਿਖਾਉਣ ਦੀ ਵਿਵਸਥਾ ਕੀਤੀ ਸੀ, ਪਰ ਦਸੰਬਰ 'ਚ ਜਾਪਾਨ ਨੇ ਚੀਨੀ ਯਾਤਰੀਆਂ ਲਈ ਕੋਵਿਡ-19 ਟੈੱਸਟ ਕਰਵਾਉਣ ਅਤੇ ਚੀਨ ਛੱਡਣ ਤੋਂ ਪਹਿਲਾਂ ਇੱਕ ਸੰਕਰਮਣ ਮੁਕਤ ਸਰਟੀਫ਼ਿਕੇਟ ਪੇਸ਼ ਕਰਨ ਦੀ ਸ਼ਰਤ ਲਗਾ ਦਿੱਤੀ ਸੀ।

Always Fresh
Always Delicious
OPEN
11am - Midnight
ਪਹਿਲੀ ਅਤੇ ਆਖਰੀ ਬਾਈਟ ਦੀ ਤਸੱਲੀ ਦਾ ਨਾਂ ਹੀ ਪੀਜ਼ਾ ਬਾਈਟ ਐ !
Pizza Bite
Perfect place for Perfect taste
Authentic Indian Curry and Sweet House
• Pizza and Indian Food
• Indian Sweets
• Tiffin Service
• Catering
Pizzabite saskatoon
Pizza Bite
www.pizzabite.ca
Call - (306)954-0011 , (306)-954-0077
#2 606 22nd St West Saskatoon , SK.

Falcon TRANSPORT Inc.
Hiring New Drivers and Owner Operators
Great Mile Rates
Dedicated Runs
New Automatic Truck
Local/Long Haul US - Canada Runs
Home time every weekend
SINP/LMIA ਲਈ ਵੀ ਮਦਦ ਕਰਦੇ ਹਾਂ
ਟਰੱਕ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ।
Balpreet Singh
Tel:306-952-4977 Cell: 306-212-0246
Email: falcontransport86@gmail.com
Website: Falcontansport.ca

Amrit Singh Kang
Mortgage Expert
Call Me For All Your Mortgage Needs
ਮੰਨ ਗਏ ਤੁਹਾਡੀ ਘਰ ਦੀ ਪਸੰਦ ਨੂੰ ਹੁਣ ਮਾਰਗੇਜ ਲਈ ਕਾਲ ਕਰੋ ਕੰਗ ਨੂੰ
204-218-3852
Just4kang@gmail.com

Universal Immigration Consultancy
UIC
Paramjit Kaur
param@uicimmigration.com
www.uicimmigration.com
Phone: 306-914-8555 | Office: 306-546-0502
Unit#4-3000 Diefenbaker Dr, Saskatoon (SK) S7L7K2 (Near Superstore West)

SUPER VISA INSURANCE
BEST RATE
SAHARA INSURANCE GROUP
DEEP GREWAL
Cell: 204-996-2571
deepgrewal12@gmail.com
Unit F10, 1833 Inkster Blvd. Winnipeg, MB. R2X 1R3

Buta Singh Dhillon
Sales Associates
ਘਰ ਖਰੀਦਣ ਜਾਂ ਵੇਚਣ ਲਈ ਤਜ਼ਰਬੇਕਾਰ ਅਤੇ ਭਰੋਸੇਯੋਗ ਨਾਂ
RE/MAX executives realty
Cell:204.880.6600
Office:204.987.9800
butadhillon@remax.net www.remax.ca

FOR YOUR ALL REAL ESTATE NEEDS
ROYAL LEPAGE Saskatoon Real Estate
Amandeep Dhaliwal
REALTOR®
Cell 306-241-8501

Ready to make a move?
TD Ready for you
Rajandeep Mudhar, MBA
Manager, Mobile Mortgage Specialist
C: 204-963-9481
rajandeep.mudhar@td.com

Way to Success
Class 1 & 3 Driving Training Center
PVI and MELT Approved School
PERFECT ONE DRIVING SCHOOL LTD.
NARINDER SAINI
ROBIN SANDHU
204 930 5822
204 899 5823
2040, Logan Avenue Manitoba, R2H 0H9
Email: info@perfectonedrivingschool.com
www.perfectonedrivingschool.com

BEST DEAL DRIVING SCHOOL
204-583-4500
Jaspreet Kaur Thind
Class 5 Instructor
Class 5 • Brush up Courses • Pickup and Drop
Special Discount for New Comers and Students

Need a Mortgage?......
MORTGAGE ARCHITECTS
Thinking of buying a Real Estate? Call today to discuss your mortgage options. We guarantee the lowest rates.
SUPER VISA INSURANCE
SAHARA INSURANCE GROUP
Giving you the protection you need.
We offer best solution for you.
Super Visa Insurance
Critical Illness Insurance
Disability Insurance
Dental & Health Insurance
Mortgage Insurance
Life Insurance
Visitor Insurance
KAMALJEET SANDHU
Mortgage and Insurance Expert
Cell: 1(204) 751-0124
360 Keewatin St., Unit # 5, Winnipeg, MB

Dawat
Take Out Catering
ਖਾਣਾ ਤਿਆਰ ਹੈ ਬੱਸ ਆਕੇ ਲੈ ਜਾਓ
ਸੁਆਦਲੇ ਖਾਣਿਆਂ ਦਾ ਆਨੰਦ ਲੈਣ ਲਈ ਫੋਨ ਮਿਲਾਓ।
14 Keewatin ST Winnipeg (MB)
204 582 6666
204 880 8770




# ਤੁਹਾਡੇ ਸੁਪਨਿਆਂ ਦਾ ਘਰ ਤੁਹਾਡੀ ਸੋਚ ਨਾਲੋਂ ਨੇੜੇ ਹੈ

**ਸਿੰਗਲ ਫੈਮਿਲੀ ਹੋਮ,ਕਾਨੂੰਨੀ ਤੌਰ 'ਤੇ ਆਮਦਨ ਵਾਲਾ ਸੂਇਟ**

ਸਾਡੇ ਆਲੀਸ਼ਾਨ ਅਤੇ ਵਿਸ਼ਾਲ ਮਾਡਰਨ ਸਿੰਗਲ ਫੈਮਿਲੀ ਅਤੇ ਲਗਜ਼ਰੀ ਅਸਟੇਟ ਸਿੰਗਲ ਫੈਮਿਲੀ ਹੋਮਜ਼ ਕਾਪਰਫੀਲਡ ਦੇ ਪ੍ਰਮੁੱਖ ਦੱਖਣ-ਪੂਰਬੀ ਕੈਲਗਰੀ ਇਲਾਕੇ ਵਿੱਚ ਉੱਚ ਪੱਧਰੀ ਪਰ ਕਿਫਾਇਤੀ ਰਹਿਣ ਦਾ ਪ੍ਰਤੀਕ ਹਨ।


Bathroom


Bonus Room

2,000 ਵਰਗ ਫੁੱਟ ਤੋਂ ਲੈ ਕੇ ਲਗਭਗ 3,000 ਵਰਗ ਫੁੱਟ ਤੱਕ। 3 ਜਾਂ 4 ਬੈੱਡਰੂਮਾਂ ਦੇ ਨਾਲ, ਇਹਨਾਂ ਵਿੱਚੋਂ ਜ਼ਿਆਦਾਤਰ ਘਰਾਂ ਵਿੱਚ ਭਵਿੱਖ ਦੇ ਵਿਕਾਸ ਲਈ 9 ਫੁੱਟ ਦੀ ਛੱਤ ਵਾਲੇ ਅਧੂਰੇ ਬੇਸਮੈਂਟਾਂ ਤੋਂ ਇਲਾਵਾ ਇੱਕ ਹੋਮ ਆਫਿਸ ਅਤੇ ਬੋਨਸ ਕਮਰੇ ਹਨ। ਮੌਰਗੇਜ ਭੁਗਤਾਨਾਂ ਵਿੱਚ ਸਹਾਇਤਾ ਲਈ ਮਹੀਨਾਵਾਰ ਕਿਰਾਏ ਦੀ ਆਮਦਨ ਲਈ ਇੱਕ 1- ਜਾਂ 2- ਬੈੱਡਰੂਮ ਕਾਨੂੰਨੀ ਆਮਦਨ ਸੂਇਟ ਵਾਲਾ ਸ਼ਾਮਲ ਕਰੋ


Legal Income Suite

**ਹੋਰ ਜਾਣਨ ਲਈ ਅੱਜ ਹੀ ਰਜਿਸਟਰ ਕਰੋ!**

**ਅਵਾਰਡ ਜੇਤੂ ਟਾਊਨਹੋਮਸ-** ਕਾਪਰਫੀਲਡ ਦੇ ਕੈਲਗਰੀ ਦੇ ਪ੍ਰਮੁੱਖ ਦੱਖਣ-ਪੂਰਬੀ ਕੁਆਡਰੈਂਟ ਇਲਾਕੇ ਵਿੱਚ ਇੱਕ ਬਿਲਕੁਲ ਨਵੇਂ ਟਾਊਨਹੋਮ ਦੇ ਮਾਲਕ ਬਣੋ। 6 ਵੱਖ-ਵੱਖ ਫਲੋਰ ਪਲਾਨ ਦੇ ਨਾਲ, ਇੱਥੇ ਇੱਕ ਘਰ ਹੈ ਜੋ ਤੁਹਾਡੇ ਪਰਿਵਾਰ ਦੀ ਜ਼ਰੂਰਤ ਨੂੰ ਪੂਰੀ ਤਰ੍ਹਾਂ ਫਿੱਟ ਕਰਦਾ ਹੈ। ਇਹ ਸੋਚ-ਸਮਝ ਕੇ ਡਿਜ਼ਾਈਨ ਕੀਤੇ ਗਏ ਫਲੋਰਪਲਾਨਸ 1,300 ਵਰਗ ਫੁੱਟ ਤੋਂ 1,800 ਵਰਗ ਫੁੱਟ ਤੱਕ ਦੇ ਹੁੰਦੇ ਹਨ ਅਤੇ 3-ਬੈੱਡਰੂਮ ਜਾਂ ਡਬਲ ਪ੍ਰਾਇਮਰੀ ਸੂਟ ਅਤੇ ਫਲੈਕਸ ਰੂਮ ਵਿਕਲਪ ਪ੍ਰਦਾਨ ਕਰਦੇ ਹਨ। ਆਪਣੀ ਜੀਵਨ ਸ਼ੈਲੀ ਲਈ ਸੰਪੂਰਣ ਘਰ ਚੁਣੋ।

**4 ਲੱਖ ਡਾਲਰ ਤੋਂ ਘੱਟ ਵਿੱਚ ਹੀ ਘਰ ਦੀ ਮਾਲਕੀ !**

**ਹੋਰ ਜਾਣਨ ਲਈ ਅੱਜ ਹੀ ਰਜਿਸਟਰ ਕਰੋ!**



**ਸ਼ੋਅ ਹੋਮ ਹੁਣ ਖੁੱਲ ਚੁੱਕੇ ਹਨ**
1233 Copperfield Blvd SE,
Calgary, AB T2Z 5G1

Monday to Wednesday - 2 PM to 8 PM
Thursday & Friday - By Appointment Only
Saturday & Sunday - 12 PM to 5 PM

**587.352.4266 | COPPERSTONELIVING.COM**

VESTA PROPERTIES

# ਕੁਸ਼ਤੀ ਚੈਂਪੀਅਨ ਰੂਪਿੰਦਰ ਜੌਹਲ ਬੀ ਸੀ ਦੀ ਐਥਲੀਟ ਆਫ ਦਾ ਯੀਅਰ ਐਵਾਰਡ ਲਈ ਨਾਮਜ਼ਦ ਹੋਈ



ਸਰੀ(ਪੰਜਾਬੀ ਅਖ਼ਬਾਰ ਬਿਊਰੋ) ਐਬਟਸਫੋਰਡ, ਬੀ ਸੀ ਦੀ ਸਤਾਰਾਂ ਸਾਲਾ ਸਕੂਲ ਵਿਦਿਆਰਥਣ ਰੂਪਿੰਦਰ ਜੌਹਲ (ਰੂਪਨ) ਨੂੰ ਸਾਲ 2022 ਲਈ ਬੀ ਸੀ ਦੇ ਸਕੂਲੀ ਲੜਕੀਆਂ ਦੇ ਵਰਗ ਵਿੱਚ ਸਾਲਾਨਾ ਐਥਲੀਟ ਆਫ ਦ ਯੀਅਰ ਐਵਾਰਡ ਲਈ ਨਾਮਜ਼ਦ ਕੀਤਾ ਗਿਆ ਹੈ। ਰੂਪਿੰਦਰ ਨੇ ਏਨੀ ਛੋਟੀ ਉਮਰ ਵਿੱਚ ਕੁਸ਼ਤੀ ਦੇ ਖੇਤਰ ਵਿੱਚ ਕਹਿੰਦੀਆਂ-ਕਹਾਉਂਦੀਆਂ ਘੁਲਾਟਣਾਂ ਨੂੰ ਚਿੱਤ ਕਰ ਕੇ ਉਹ ਨਾਮਣਾ ਖੱਟਿਆ ਹੈ ਜਿਸ ਤੋਂ ਵਿਸ਼ੇਸ਼ ਕਰ ਕੇ ਹਰੇਕ ਪੰਜਾਬੀ ਦਾ ਸਿਰ ਮਾਣ ਨਾਲ ਉੱਚਾ ਹੋ ਜਾਂਦਾ ਹੈ ਅਤੇ ਸਾਡੀਆਂ ਧੀਆਂ ਨੂੰ ਜ਼ਿੰਦਗੀ ਵਿੱਚ ਸ਼ਾਨਦਾਰ ਪ੍ਰਾਪਤੀਆਂ ਕਰਨ ਦੀ ਪ੍ਰੇਰਨਾ ਅਤੇ ਸ਼ਕਤੀ ਮਿਲਦੀ ਹੈ। ਪਿਛੋਕੜ ਵੱਲ ਝਾਤ ਮਾਰਦਿਆਂ ਪਤਾ ਲੱਗਦਾ ਹੈ ਕਿ ਪਿਛਲੇ ਸਾਲਾਂ ਦੌਰਾਨ ਰੂਪਿੰਦਰ ਨੇ ਕੁਸ਼ਤੀ ਮੁਕਾਬਲਿਆਂ ਵਿੱਚ ਅਨੇਕਾਂ ਤਗਮੇ ਖਾਸ ਕਰ ਗੋਲਡ ਮੈਡਲ ਜਿੱਤ ਕੇ ਧਾਕ ਜਮਾਈ ਹੈ। ਅਜੇ ਪਿਛਲੇ ਸਾਲ ਹੀ ਉਸ ਨੇ ਫ਼ਰਵਰੀ ਮਹੀਨੇ ਵੈਨਕੂਵਰ ਵਿਖੇ ਹੋਏ ਬੀ ਸੀ ਸਕੂਲ ਸਪੋਰਟਸ ਪ੍ਰੋਵਿੰਸ਼ੀਅਲ ਰੈਸਲਿੰਗ ਚੈਂਪੀਅਨਸ਼ਿਪ ਵਿੱਚ ਗੋਲਡ ਮੈਡਲ ਜਿੱਤਿਆ ਸੀ। ਉਹ ਕਈ ਬਹੁ-ਪੱਖੀ ਅੰਤਰਰਾਸ਼ਟਰੀ ਚੈਂਪੀਅਨਸ਼ਿਪ ਮੁਕਾਬਲਿਆਂ ਵਿੱਚ ਕੈਨੇਡਾ ਦੀ ਪ੍ਰਤੀਨਿਧਿਤਾ ਕਰ ਚੁੱਕੀ ਹੈ। ਇਨ੍ਹਾਂ ਵਿੱਚ ਸਾਲ 2022 ਦੀ ਅੰਡਰ-17 ਵਿਸ਼ਵ ਚੈਂਪੀਅਨਸ਼ਿਪ ਅਤੇ ਅੰਡਰ-17 ਪੈਨ-ਅਮੈਰੀਕਾ ਚੈਂਪੀਅਨਸ਼ਿਪ ਸ਼ਾਮਿਲ ਹਨ। ਜਿੱਥੇ ਉਸ ਨੇ 73 ਕਿਲੋਗ੍ਰਾਮ ਵਰਗ ਵਿੱਚ ਵੂਮੈਨ ਆਊਟਸਟੈਂਡਿੰਗ ਰੈਸਲਰ (ਸਰਵੋਤਮ ਪਹਿਲਵਾਨ) ਐਵਾਰਡ ਜਿੱਤਿਆ। ਮਈ 2022 ਵਿੱਚ ਐਡਮੰਟਨ ਵਿਖੇ ਹੋਏ ਅੰਡਰ-17 ਵਰਗ ਵਾਲੇ ਕੌਮੀ ਪੱਧਰ ਦੇ ਅਜ਼ਮਾਇਸ਼ੀ ਮੁਕਾਬਲਿਆਂ ਵਿੱਚ ਗੋਲਡ ਮੈਡਲ ਫੁੰਡਿਆ। ਪਿਛਲੇ ਸਾਲ ਅਗਸਤ ਮਹੀਨੇ ਕੈਨੇਡਾ ਦੇ ਗਰਮ ਰੁੱਤ ਦੇ ਸਕੂਲੀ ਖੇਡ ਮੁਕਾਬਲੇ ਨਿਆਗਰਾ ਵਿੱਚ ਆਯੋਜਿਤ ਕੀਤੇ ਗਏ, ਜਿੱਥੇ ਰੂਪਿੰਦਰ ਨੇ ਬੀ ਸੀ ਦੇ ਸਕੁਐਡ ਦੀ ਝੰਡਾ ਬਰਦਾਰ ਹੋ ਕੇ ਅਗਵਾਈ ਕੀਤੀ। ਇਨ੍ਹਾਂ ਹੀ ਕੁਸ਼ਤੀ ਮੁਕਾਬਲਿਆਂ ਵਿੱਚ ਉਸ ਨੇ 79 ਕਿਲੋਗ੍ਰਾਮ ਦੇ ਵਰਗ ਵਿੱਚ ਗੋਲਡ ਮੈਡਲ ਹਾਸਲ ਕੀਤਾ ਅਤੇ ਨਾਲ ਹੀ ਟੂਰਨਾਮੈਂਟ ਦੀ ਚੈਂਪੀਅਨ ਬਣੀ। ਜੂਨ 2022 ਵਿੱਚ ਬਿਊਨਸ ਏਰੀਜ਼ ਵਿਖੇ ਹੋਏ ਪੈਨ-ਅਮੈਰੀਕਾ ਟੂਰਨਾਮੈਂਟ ਵਿੱਚ 73 ਕਿਲੋਗ੍ਰਾਮ ਵਰਗ ਵਿੱਚ ਕੁਸ਼ਤੀ ਦਾ ਗੋਲਡ ਮੈਡਲ ਡੁੱਕ ਕੇ ਸ਼੍ਰੋਮਣੀ ਪਹਿਲਵਾਨ ਬਣੀ। ਰੂਪਿੰਦਰ ਨੂੰ ਇਸ ਟੂਰਨਾਮੈਂਟ ਦੀ ?ਵਰਾਲ ਸਰਬੋਤਮ ਖਿਡਾਰਨ ਗਰਦਾਨ ਕੇ ਗੋਲਡਨ ਬੂਟ ਪ੍ਰਦਾਨ ਕੀਤਾ ਗਿਆ। ਇਸ ਸੋਨ-ਕੁੜੀ ਰੂਪਿੰਦਰ ਦਾ ਮੰਨਣਾ ਹੈ ਕਿ ਅਸਫਲਤਾਵਾਂ ਸਮੇਂ ਹਾਂ-ਪੱਖੀ ਸੋਚ ਅਪਣਾ ਕੇ ਨਿੱਤਰੋ, ਉੱਠੋ, ਅੱਗੇ ਵਧੋ, ਲਗਨ, ਮਿਹਨਤ, ਮਾਨਸਿਕ ਤਾਕਤ ਤੇ ਦ੍ਰਿੜ੍ਹ ਇਰਾਦਾ ਸਫਲਤਾ ਦੀ ਕੁੰਜੀ ਹੈ। ਰੂਪਿੰਦਰ ਦੀ ਮਾਂ ਮਨਦੀਪ ਅਤੇ ਪਿਤਾ ਬਲਰਾਜ ਜੌਹਲ ਉਸ ਦੀਆਂ ਹਰ ਤਰਾਂ ਦੀਆਂ ਲੋੜਾਂ ਅਤੇ ਸਹੂਲਤਾਂ ਪੂਰੀਆਂ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਰਹਿਣ ਦਿੰਦੇ। ਰੂਪਿੰਦਰ ਦਾ ਕਹਿਣਾ ਹੈ ਕਿ ਅਜੇ ਤਾਂ ਉਸ ਨੇ ਬਹੁਤ ਮੱਲਾਂ ਮਾਰਨੀਆਂ ਹਨ।

## ਸਾਹੋਕਿਆਂ ਵਾਲਾ ਕਵੀਸ਼ਰੀ ਜੱਥਾ ਇਹਨੀ ਦਿਨੀ ਕੈਲਗਰੀ ਗੁਰੂਘਰ ਵਿਖੇ ਸੇਵਾ ਨਿਭਾ ਰਿਹਾ ਹੈ





ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕਵੀਸ਼ਰ ਜਗਤ ਦਾ ਮਾਣ ਬਾਬੂ ਰਜ਼ਬ ਅਲੀ ਦੇ ਪਿੰਡੋਂ ਜੱਥੇਦਾਰ ਜਗਦੇਵ ਸਿੰਘ ਸਾਹੋਕੇ ਦੀ ਅਗਵਾਈ ਹੇਠ ਸਾਥੀ ਜਸਵਿੰਦਰ ਸਿੰਘ ਸਾਹੋਕੇ ਅਤੇ ਕੁਲਦੀਪ ਸਿੰਘ ਮੱਲਕੇ ਦਾ ਕਵੀਸ਼ਰੀ ਜੱਥਾ ਇਹਨੀ ਦਿਨੀ ਕੈਲਗਰੀ ਦੇ ਗੁਰਦਵਾਰਾ ਦਸ਼ਮੇਸ਼ ਕਲਚਰਲ ਸੈਂਟਰ ਵਿਖੇ ਆਪਣੀਆਂ ਸੇਵਾਵਾਂ ਨਿਭਾ ਰਿਹਾ ਹੈ। ਜੱਥੇ ਦੇ ਮੋਢੀ ਸ: ਜਗਦੇਵ ਸਿੰਘ ਸਾਹੋਕੇ ਦੇ ਦੱਸਣ ਅਨਸਾਰ ਉਹਨਾਂ ਦਾ ਜੱਥਾ ਪੂਰਾ ਫਰਵਰੀ ਮਹੀਨਾ ਕੈਲਗਰੀ ਗੁਰੂਘਰ ਵਿਖੇ ਹੀ ਸੇਵਾ ਕਰੇਗਾ। ਕੈਲਗਰੀ ਤੋਂ ਪਹਿਲਾਂ ਉਹਨਾਂ ਦਾ ਜੱਥਾ ਐਡਮੰਟਨ ਵਿਖੇ ਸੇਵਾਵਾਂ ਨਿਭਾ ਰਿਹਾ ਸੀ ਪਰ ਕੈਲਗਰੀ ਗੁਰੂਘਰ ਵਿੱਚੋਂ ਅਚਾਨਕ ਹੀ ਇੱਕ ਢਾਡੀ ਜੱਥੇ ਦੇ ਗੈਰਹਾਜਿਰ ਹੋ ਜਾਣ ਕਾਰਣ ਸਾਹੋਕਿਆਂ ਵਾਲੇ ਕਵੀਸ਼ਰੀ ਜੱਥੇ ਨੂੰ ਇੱਥੇ ਬੁਲਾਇਆ ਗਿਆ ਤਾਂ ਜੋ ਸਿੱਖ ਸੰਗਤਾਂ ਨਾਲ ਹਰ ਰੋਜ਼ ਦੇ ਦੀਵਾਨਾਂ ਵਿੱਚ ਸਿੱਖ ਇਤਿਹਾਸ ਦੀ ਬਾਤ ਪੈਂਦੀ ਰਹੇ। ਜੱਥੇ ਦਾ ਸੰਪਰਕ ਨੰਬਰ 91-98 761 90316 ਹੈ।

## ਜਨਮਦਿਨ ਮੁਬਾਰਕ



ਕੈਲਗਰੀ ਵਾਸੀ ਮਨਪ੍ਰੀਤ ਸਿੰਘ ਦੰਦੀਵਾਲ ਅਤੇ ਵੀਰਪਾਲ ਕੌਰ ਦੰਦੀਵਾਲ ਦੀ ਲਾਡਲੀ ਧੀ, ਮਾਨਸਾ ਜਿਲੇ ਦੇ ਮਸ਼ਹੂਰ ਪਿੰਡ ਨੰਦਗੜ੍ਹ ਵਾਸੀ ਦਾਦਾ ਪਰਮਜੀਤ ਸਿੰਘ ਦੰਦੀਵਾਲ,ਦਾਦੀ ਜਸਵੀਰ ਕੌਰ ਦੰਦੀਵਾਲ ਦੀ ਪੋਤਰੀ, ਲਹਿਰਾ ਮੁਹੱਬਤ ਦੇ ਵਸਨੀਕ ਨਾਨਾ ਸਕੱਤਰ ਸਿੰਘ ਸਿੱਧੂ,ਨਾਨੀ ਬਲਜੀਤ ਕੌਰ ਸਿੱਧੂ ਦੀ ਪਿਆਰੀ ਦੋਹਤੀ, ਸੱਚਲੀਨ ਕੌਰ ਦੰਦੀਵਾਲ ਦੇ ਪਹਿਲੇ ਜਨਮਦਿਨ ਮੌਕੇ ਅਦਾਰਾ ਪੰਜਾਬੀ ਅਖ਼ਬਾਰ ਦੀ ਸਮੁੱਚੀ ਟੀਮ ਵੱਲੋਂ ਬਹੁਤ ਬਹੁਤ ਵਧਾਈਆਂ।











# ਮਿੱਲਵੁਡ ਕਲਚਰਲ ਸੀਨੀਅਰ ਸੁਸਾਇਟੀ ਐਡਮਿੰਟਨ ਦੇ ਪ੍ਰਧਾਨ ਸ੍ਰੀ ਸੁਦਾਗਰ ਸਿੰਘ ਦਾ ਸਟੇਟ ਪੱਧਰੀ ਸਮਾਗਮ ਦੌਰਾਨ ਸਨਮਾਨ ਹੋਇਆ




ਐਡਮਿੰਟਨ (ਪੰਜਾਬੀ ਅਖ਼ਬਾਰ ਬਿਊਰੋ) ਮਿੱਲਵੁਡ ਕਲਚਰਲ ਸੀਨੀਅਰ ਸੁਸਾਇਟੀ ਆਫ ਰਿਟਾਇਰਡ ਐਂਡ ਸੈਮੀ ਰਿਟਾਇਰਡ ਐਡਮਿੰਟਨ (ਅਲਬਰਟਾ) 1560-48 ਸਟਰੀਟ ਦੇ ਪਰਧਾਨ ਸ਼੍ਰੀ ਸੁਦਾਗਰ ਸਿੰਘ ਜੀ ਨੂੰ ਸਟੇਟ ਪੱਧਰੀ ਸਮਾਗਮ ਦੌਰਾਨ ਐਡਮਿੰਟਨ ਸ਼ਹਿਰ ਦੀ ਫੈਡਰਲ ਬਿਲਡਿੰਗ ਵਿੱਚ ਕੁਈਨ ਐਲਜਾਬੈਥ 11 ਜੁਬਲੀ ਪਲਾਟੀਨਮ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਬੋਲਦਿਆਂ ਸੁਦਾਗਰ ਸਿੰਘ ਹੋਰਾਂ ਦੱਸਿਆ ਇਹ ਐਵਾਰਡ ਹਾਸਲ ਕਰਨ ਵਿੱਚ ਮੇਰੇ ਪਰਿਵਾਰ ਦਾ ਬਹੁਤ ਵੱਡਾ ਯੋਗਦਾਨ ਹੈ, ਖਾਸ ਤੌਰ ਤੇ ਉਨ੍ਹਾਂ ਆਪਣੀ ਪੋਤਰੀ ਮਨਪਰੀਤ ਦਾ ਜਿਕਰ ਕੀਤਾ। ਉਨ੍ਹਾਂ ਜਸਵੀਰ ਐਮ ਐਲ ਏ, ਮੈਡਮ ਕਰਿਸਟੀਨਾ ਗਰੇ ਦਾ ਵਿਸ਼ੇਸ਼ ਧੰਨਵਾਦ ਕੀਤਾ,ਜਿਨ੍ਹਾਂ ਉਹਨਾਂ ਦੀ ਚੋਣ ਇਸ ਐਵਾਰਡ ਲਈ ਕੀਤੀ । ਉਹਨਾ ਦੱਸਿਆ ਕਿ ਮਿੱਲਵੁਡ ਕਲਚਰਲ ਸੁਸਾਇਟੀ 1983 'ਚ ਹੋਂਦ ਚ ਆਈ ਜਿਸਨੂੰ40 ਸਾਲ ਦੇ ਕਰੀਬ ਹੋ ਗਏ ਹਨ। ਉਸ ਸਮੇ ਤੋ ਹੀ ਇਹ ਸੰਸਥਾ ਸਥਾਪਨਾ ਦਿਵਸ, ਸ਼ਹੀਦੇ ਆਜਮ ਭਗਤ ਸਿੰਘ ਦਾ ਸ਼ਹੀਦੀ ਦਿਨ 23 ਮਾਰਚ, ਕੈਨੇਡਾ ਡੇ, ਜੱਗ ਜਿਉਦਿਆਂ ਦੇ ਮੇਲੇ ਜਿੱਥੇ ਪਰੋਗਰਾਮ ਕਰਦੀ ਹੈ ਉੱਥੇ ਸੀਨੀਅਰ ਸਿਟੀਜਨ ਲਈ ਸਮੇ ਸਮੇ ਤੇ ਦੰਦਾਂ ਦੇ , ਅੱਖਾਂ ਦੇ ਮਾਹਿਰ ,ਮਾਨਸਿਕ ਸਿਹਤ ਦੇ ਵਿਦਵਾਨ ਬੁਲਾ ਕੇ ਵਿਚਾਰ ਵਟਾਂਦਰਾ ਕੀਤਾ ਜਾਂਦਾ ਹੈ। ਨਵੰਬਰ ਦੇ ਮਹੀਨੇ (life ceritifcate for seinors) ਲਈ ਵਿਸ਼ੇਸ਼ ਕੈਂਪ,ਲਾਉਣੇ,ਉਸਾਰੂ ਕਲਚਰਲ ਗਤੀਵਿਧੀਆਂ, ਲਾਇਬਰੇਰੀ, ਮਹਾਨ ਗਦਰੀ ਬਾਬਿਆਂ, ਅਜਾਦੀ ਸੰਗਰਾਮੀਆਂ ਨੂੰ ਸਮੇ ਸਮੇ' ਸਿਰ ਯਾਦ ਕਰਦੀ ਰਹਿੰਦੀ ਹੈ ਤਾਂ ਜੋ ਵਿਦੇਸ਼ਾਂ 'ਚ ਬੈਠੇ ਪੰਜਾਬੀਆਂ ਨੂੰ ਆਪਣਾ ਅਤੀਤ ਵਿਰਸਾ ਚੇਤਿਆਂ 'ਚ ਰਹੇ।

# ਕੈਨੇਡਾ ਦੇ ਲੋਕ ਮਹਿੰਗਾਈ,ਹਾਊਸਿੰਗ,ਅਪਰਾਧਾਂ ਅਤੇ ਨਸ਼ਿਆਂ ਕਾਰਨ ਹੋ ਰਹੀਆਂ ਮੌਤਾਂ ਕਾਰਨ ਬੇਹੱਦ ਪ੍ਰੇਸ਼ਾਨ ਹਨ : ਪੋਲੀਵਰ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੰਜ਼ਰਵਟਿਵ ਪਾਰਟੀ ਦੇ ਲੀਡਰ ਪੀਅਰੇ ਪੋਲੀਵਰ ਨੇ ਕੈਨੇਡਾ ਦੇ ਮੌਜੂਦਾ ਹਾਲਾਤ ਦੇ ਆਧਾਰ ਤੇ ਜਸਟਿਨ ਟਰੂਡੋ ਉੱਪਰ ਸ਼ਬਦੀ ਹਮਲੇ ਕੀਤੇ ਹਨ । ਪਾਰਟੀ ਕਾਕਸ ਦੀ ਮੀਟਿੰਗ ਦੌਰਾਨ ਸੰਬੋਧਨ ਕਰਦਿਆਂ ਪੋਲੀਵਰ ਨੇ ਜਸਟਿਨ ਟਰੂਡੋ ਨੂੰ ਸਿੱਧੇ ਤੌਰ 'ਤੇ ਸੰਬੋਧਨ ਕਰਦਿਆਂ ਆਖਿਆ ਕਿ ਇਸ ਵਕਤ ਦੇਸ਼ ਦੇ ਲੋਕ ਮਹਿੰਗਾਈ ਨਾਲ ਬੁਰੀ ਤਰ੍ਹਾਂ ਜੂਝ ਰਹੇ ਹਨ। ਇਸ ਤੋਂ ਇਲਾਵਾ ਫੈਡਰਲ ਸਰਕਾਰ ਵੱਲੋਂ ਲਗਾਏ ਗਏ ਕਾਰਬਨ ਟੈਕਸ ਕਾਰਨ ਲੋਕ ਆਪਣੇ ਘਰਾਂ ਨੂੰ ਗਰਮ ਕਰਨ ਤੋਂ ਵੀ ਅਸਮਰਥ ਹਨ। ਉਨ੍ਹਾਂ ਨਾਲ ਹੀ ਬੇਹੱਦ ਜਿਆਦਾ ਕਿਰਾਏ ਵਧਣ ਕਾਰਨ ਵਿਦਿਆਰਥੀਆਂ ਦੇ ਸ਼ੈਲਟਰ ਹੋਮਜ਼ ਵਿੱਚ ਰਹਿਣ ਨੂੰ ਮਜਬੂਰ ਹੋਣ ਦਾ ਮੁੱਦਾ ਵੀ ਚੁੱਕਿਆ । ਪੋਲੀਵਰ ਨੇ ਆਖਿਆ ਕਿ ਜੇਕਰ ਜਸਟਿਨ ਟਰੂਡੋ ਇਨ੍ਹਾਂ ਗੱਲਾਂ ਤੋਂ ਅਣਜਾਣ ਹਨ ਤਾਂ ਉਹ ਉਨ੍ਹਾਂ ਨਾਲ ਆ ਕੇ ਸਥਿਤੀ ਦੇਖ ਸਕਦੇ ਹਨ। ਕੰਜ਼ਰਵਟਿਵ ਲੀਡਰ ਨੇ ਨਾਲ ਹੀ ਦੇਸ਼ ਵਿੱਚ ਵਧ ਰਹੀ ਅਪਰਾਧ ਦਰ ਅਤੇ ਨਸ਼ਿਆਂ ਦੀ -ਵਰ ਡੋਜ਼ ਕਾਰਨ ਹੋ ਰਹੀਆਂ ਮੌਤਾਂ ਦਾ ਮੁੱਦਾ ਵੀ ਚੁੱਕਿਆ।

ਪਰ ਕੰਜ਼ਰਵਟਿਵ ਲੀਡਰ ਪੀਅਰੇ ਪੋਲੀਵਰ ਵੱਲੋਂ ਦਿੱਤੇ ਬਿਆਨ ਉਪਰ ਪ੍ਰਤੀਕਿਰਿਆ ਦਿੰਦਿਆਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਖਿਆ ਹੈ ਕਿ ਪੋਲੀਵਰ ਵੱਲੋਂ ਗਲਤ ਜਾਣਕਾਰੀ ਫੈਲਾਈ ਜਾ ਰਹੀ ਹੈ ਉਨ੍ਹਾਂ ਆਖਿਆ ਕਿ ਪਿਛਲੇ ਦਿਨੀ ਆਈ ਰਿਪੋਰਟ ਵਿੱਚ ਇਹ ਸਪਸ਼ਟ ਹੋ ਗਿਆ ਹੈ ਕਿ ਗ਼ਲਤ ਜਾਣਕਾਰੀ ਕਿੰਨੀ ਖਤਰਨਾਕ ਸਿੱਧ ਹੋ ਸਕਦੀ ਹੈ। ਅਸਲ ਵਿਚ ਪ੍ਰਧਾਨ ਮੰਤਰੀ ਉਸ ਰਿਪੋਰਟ ਦਾ ਜ਼ਿਕਰ ਕਰ ਰਹੇ ਸਨ, ਜਿਸ ਵਿੱਚ ਦੱਸਿਆ ਗਿਆ ਸੀ ਕਿ ਕਰੋਨਾ ਮਹਾਂਮਾਰੀ ਦੇ ਦੌਰਾਨ ਗਲਤ ਜਾਣਕਾਰੀ ਦੇ ਚਲਦਿਆਂ ਕੈਨੇਡਾ ਵਿੱਚ 2800 ਲੋਕਾਂ ਦੀ ਮੌਤ ਹੋਈ ਹੈ। ਇਸ ਦੇ ਨਾਲ ਹੀ ਜਸਟਿਨ ਟਰੂਡੋ ਨੇ ਪੋਲੀਵਰ ਉਪਰ ਵਿਅੰਗ ਕਸਦਿਆਂ ਕਿਹਾ ਕਿ ਉਹ ਯੂਟਿਊਬ ਤੋਂ ਗਲਤ ਜਾਣਕਾਰੀ ਚੁੱਕ ਕੇ ਉਸ ਉਪਰ ਬਿਆਨ ਦੇਣੇ ਸ਼ੁਰੂ ਕਰ ਦਿੰਦੇ ਹਨ -ਧਰ ਐਨ ਡੀ ਪੀ ਲੀਡਰ ਜਗਮੀਤ ਸਿੰਘ ਨੇ ਉਨਟਾਰੀ- ਅਤੇ ਅਲਬਰਟਾ ਦੀਆਂ ਸਰਕਾਰਾਂ ਵੱਲੋਂ ਕਈ ਸਰਜਰੀਆਂ ਦਾ ਕੰਮ ਨਿੱਜੀ ਹੱਥਾਂ ਵਿੱਚ ਦੇਣ ਦੀ ਤਿੱਖੀ ਅਲੋਚਨਾ ਕੀਤੀ। ਉਨ੍ਹਾਂ ਨਾਲ ਹੀ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅਤੇ ਕੰਜ਼ਰਵਟਿਵ ਲੀਡਰ ਪੋਲਿਵਰ ਦੁਆਰਾ ਦੋਹਾਂ ਸੂਬਿਆਂ ਦੀਆਂ ਕੰਜ਼ਰਵੇਟਿਵ ਸਰਕਾਰਾਂ ਦੇ ਇਸ ਫੈਸਲੇ ਦੀ ਸ਼ਲਾਘਾ ਕਰਨ ਨੂੰ ਵੀ ਮੰਦਭਾਗਾ ਕਰਾਰ ਦਿੱਤਾ। ਉਨਾਂ ਆਖਿਆ ਕਿ ਸਾਡੀ ਪਾਰਟੀ ਹੈਲਥ ਵਰਕਰਾਂ ਦੇ ਨਾਲ ਖੜੀ ਹੈ।
















# ਚੰਨ 'ਤੇ ਕਬਜ਼ਾ ਕਰਨ ਦੀ ਤਿਆਰੀ 'ਚ ਚੀਨ



ਬੀਜਿੰਗ (ਪੰਜਾਬੀ ਅਖਬਾਰ ਬਿਊਰੋ) -ਚੀਨ ਅਕਸਰ ਦੂਜੇ ਦੇਸ਼ਾਂ ਦੇ ਇਲਾਕਿਆਂ 'ਤੇ ਆਪਣਾ ਦਾਅਵਾ ਕਰਦਾ ਰਹਿੰਦਾ ਹੈ, ਪਰ ਭਵਿੱਖ 'ਚ ਉਹ ਚੰਨ 'ਤੇ ਵੀ ਕਬਜ਼ਾ ਕਰ ਸਕਦਾ ਹੈ। ਨਾਸਾ ਦੇ ਪ੍ਰਸ਼ਾਸਕ ਬਿਲ ਨੈਲਸਨ ਨੇ ਚੀਨ ਦੀਆਂ ਪੁਲਾੜ ਇੱਛਾਵਾਂ ਬਾਰੇ ਚਿੰਤਾਵਾਂ ਜ਼ਾਹਿਰ ਕੀਤੀਆਂ ਹਨ ਕਿ ਚੀਨ ਚੰਨ ਦੇ ਅਮੀਰ ਸਰੋਤ ਖੇਤਰਾਂ 'ਤੇ ਆਪਣਾ ਦਾਅਵਾ ਕਰ ਸਕਦਾ ਹੈ। ਇੰਡੋ-ਪੈਸੇਫ਼ਿਕ ਸੈਂਟਰ ਫ਼ੌਰ ਸਟ੍ਰੈਟੀਜਿਕ ਕਮਿਊਨੀਕੇਸ਼ਨ ਦੀ ਰਿਪੋਰਟ ਮੁਤਾਬਿਕ ਚੀਨ ਆਪਣੇ ਸਪੇਸ ਪ੍ਰੋਗਰਾਮ ਰਾਹੀਂ ਖ਼ੁਦ ਨੂੰ ਫ਼ੌਜੀ, ਆਰਥਿਕ ਅਤੇ ਤਕਨੀਕੀ ਸ਼ਕਤੀ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਨੈਲਸਨ ਨੇ 1 ਜਨਵਰੀ ਨੂੰ ਪੋਲੀਟਿਕੋ ਨਾਲ ਇੱਕ ਇੰਟਰਵਿਊ 'ਚ ਕਿਹਾ ਕਿ ਉਸ ਨੂੰ ਚਿੰਤਾ ਹੈ ਕਿ ਚੀਨ ਚੰਨ 'ਤੇ ਸਰੋਤਾਂ ਨਾਲ ਭਰਪੂਰ ਖੇਤਰਾਂ 'ਚ ਵਿਗਿਆਨਕ ਖੋਜ ਸਟੇਸ਼ਨ ਬਣਾਏਗਾ ਅਤੇ ਫ਼ਿਰ ਇਸ 'ਤੇ ਪ੍ਰਭੂਸੱਤਾ ਦਾ ਦਾਅਵਾ ਕਰੇਗਾ। IPSC ਨੇ ਦੱਸਿਆ ਕਿ ਬੀਜਿੰਗ ਚੰਨ ਦੇ ਦੱਖਣੀ ਧਰੁਵ ਨੇੜੇ ਇੱਕ ਖ਼ੁਦਮੁਖਤਿਆਰੀ ਚੰਦਰ ਖੋਜ ਸਟੇਸ਼ਨ ਬਣਾਉਣ ਦੀ ਵੀ ਯੋਜਨਾ ਬਣਾ ਰਿਹਾ ਹੈ ਜਿਸ ਦੇ 2025 'ਚ ਚਾਲੂ ਹੋਣ ਦੀ ਉਮੀਦ ਹੈ। ਚੀਨ ਆਰਥਿਕ ਲਾਭ ਅਤੇ ਰਣਨੀਤਕ ਕਾਰਨਾਂ ਕਰ ਕੇ ਪੁਲਾੜ ਯੁੱਧ ਜਿੱਤਣ ਦੀ ਕੋਸ਼ਿਸ਼ ਕਰ ਰਿਹਾ ਹੈ।IPSC ਅਨੁਸਾਰ ਚਾਈਨਾ ਏਰੋਸਪੇਸ ਸਾਇੰਸ ਐਂਡ ਟੈਕਨੌਲੋਜੀ ਕੌਰਪੋਰੇਸ਼ਨ (CASC) ਦੇ ਚੇਅਰਮੈਨ ਵੂ ਯੈਂਸ਼ੇਂਗ ਨੇ 20 ਦਸੰਬਰ ਨੂੰ ਚੀਨ ਦੇ ਪੁਲਾੜ ਵਿਕਾਸ ਟੀਚਿਆਂ ਦੀ ਰੂਪਰੇਖਾ ਤਿਆਰ ਕੀਤੀ। ਚੀਨ ਨੇ 2023 'ਚ 60 ਤੋਂ ਵੱਧ ਪੁਲਾੜ ਮਿਸ਼ਨਾਂ ਦੇ ਨਾਲ 200 ਤੋਂ ਵੱਧ ਪੁਲਾੜ ਯਾਨ ਲੌਂਚ ਕਰਨ ਦੀ ਯੋਜਨਾ ਬਣਾਈ ਹੈ। ਰਿਪੋਰਟ 'ਚ ਕਿਹਾ ਗਿਆ ਕਿ ਚੀਨ ਅਤੇ ਰੂਸ ਕੋਲ ਪਹਿਲਾਂ ਹੀ ਖ਼ਤਰਨਾਕ ਉਪਗ੍ਰਹਿ ਹਨ ਜੋ ਅਮਰੀਕੀ ਉਪਗ੍ਰਹਿਾਂ ਨੂੰ ਤਬਾਹ ਕਰ ਸਕਦੇ ਹਨ ਅਤੇ ਤਬਾਹੀ ਮਚਾ ਸਕਦੇ ਹਨ।







# ਅਜੇ ਵੇਲਾ ਨਹੀਂ ਸੀ ਜਾਣ ਦਾ




ਮੇਰੇ ਪਿੰਡ ਤੁੰਗਵਾਲੀ ਵਿੱਚ ਮੇਰੀ ਸੱਜੀ ਬਾਂਹ ,ਛੋਟੇ ਭਰਾਵਾਂ ਵਰਗੀ ਹੁਕਮ ਦੀ ਤਾਬਿਆਦਾਰੀ ਕਰਨ ਵਾਲੇ ਬਲਵਿੰਦਰ ਸਿੰਘ ਮਾਨ ਉਰਫ ਠੰਡੂ ਦੀ ਮੌਤ ਦਾ ਸੁਨੇਹਾ ਅੱਜ 18 ਜਨਵਰੀ 2023 ਦੀ ਸਵੇਰ ਨੂੰ ਬੇ-ਯਕੀਨੀ ਤੋਂ ਯਕੀਨੀ ਵਿੱਚ ਬਦਲਦਿਆਂ ਸਾਡੀ ਪਿਛਲਿਆਂ ਦੀ ਜ਼ਿੰਦਗੀ ਨੂੰ ਸੋਗਮਈ ਕਰ ਗਿਆ । ਠੰਡੂ ਮੇਰੇ ਤੋਂ ਕਾਫੀ ਸਾਲ ਛੋਟਾ ਮੇਰੇ ਬੱਚਿਆਂ ਵਰਗਾ ਮੇਰਾ ਯਾਰ ਭਰਾ ਸੀ। ਜਦੋਂ ਪਹਿਲੀ ਵਾਰ ਮੈਂ ਵਿਦੇਸ਼ ਵੱਲ ਉਡਾਰੀ ਭਰੀ ਤਾਂ ਦਿੱਲੀ ਏਅਰਪੋਰਟ ਤੱਕ ਮੈਨੂੰ ਠੰਡੂ ਹੀ ਛੱਡਣ ਆਇਆ ਸੀ, ਜਦੋਂ ਕਿ ਪਿੰਡ ਵਿੱਚ ਜਾਂ ਹੋਰ ਕਿਸੇ ਰਿਸ਼ਤੇਦਾਰ ਨੂੰ ਵੀ ਮੇਰੇ ਜਾਣ ਦੀ ਭਿਣਕ ਵੀ ਨਹੀਂ ਸੀ । ਹੋਰ ਪਿੱਛੇ ਵੱਲ ਝਾਤ ਮਾਰੀਏ ਤਾਂ ਸਾਲ 1984 ਦੇ ਨੇੜੇ ਤੇੜੇ ਜਿਹੇ ਠੰਡੂ ਮੇਰੇ ਅਤੇ ਸ: ਰਾਮ ਸਿੰਘ ਮਾਹਲ ਦੇ ਸੰਪਰਕ ਵਿੱਚ ਆਇਆ ਸੀ। ਉਸ ਦਿਨ ਤੋਂ ਲੈਕੇ ਅੱਜ ਤੱਕ ਦਾ ਸਫਰ ਮੋਹ-ਮੁਹੱਬਤੀ ਪਲਾਂ ਵਿੱਚ ਹੀ ਗੁਜ਼ਰਿਆ। ਕਨੇਡਾ ਵਿੱਚ ਰਾਤ ਹੋਣ ਕਾਰਣ ਮੈਂ ਸੁੱਤਾ ਹੋਇਆ ਸੀ ਅਤੇ ਮੇਰੇ ਫੋਨ ਦੀ ਬੈੱਲ ਵੀ ਅਕਸਰ ਬੰਦ ਹੀ ਹੁੰਦੀ ਹੈ। ਸਵੇਰੇ ਉੱਠਿਆਂ ਤਾਂ ਰਾਮ ਸਿੰਘ ਦੇ ਫੋਨ ਤੋਂ ਬਿਨਾ ਵੀ ਪਿੰਡ ਵਿੱਚੋਂ ਕਈ ਹੋਰ ਫੋਨ ਕਾਲਾਂ ਮਿੱਸ ਹੋਈਆਂ ਪਈਆਂ ਸਨ । ਮੇਰਾ ਮੱਥਾ ਤਾਂ ਮਿੱਸ ਕਾਲਾਂ ਦੇਖਕੇ ਹੀ ਠਣਕ ਗਿਆ ਸੀ ਕਿ ਪਿੱਛੇ ਸਭ ਖੈਰ ਨਹੀਂ ਹੈ। ਜਿਉਂ ਹੀ ਰਾਮ ਸਿੰਘ ਨਾਲ ਫੋਨ ਉੱਪਰ ਗੱਲ ਹੋਈ ਤਾਂ ਚੰਦਰਾ ਸ਼ੱਕ ਸੋਗ ਸੁਨੇਹੇ ਵਿੱਚ ਬਦਲ ਗਿਆ।

ਪਿਛਲੇ ਸਾਲ ਪੰਜਾਬ ਫੇਰੀ ਦੌਰਾਨ ਜਦੋਂ ਮੈਂ ਇਹਨਾਂ ਦੇ ਘਰ ਵੱਲ ਜਾਣ ਲੱਗਿਆ ਤਾਂ ਰਸਤੇ ਵਿੱਚ ਪਾਣੀ ਦੇ ਨਿਕਾਸ ਵਾਲੀ ਪੁਲੀ ਟੁੱਟੀ ਹੋਣ ਕਾਰਣ ਘਰ ਨਾ ਜਾ ਸਕਿਆ ਅਤੇ ਵਾਪਸ ਮੁੜ ਆਇਆ । ਜਦੋਂ ਠੰਡੂ ਨੂੰ ਪਤਾ ਲੱਗਿਆ ਤਾਂ ਬਹੁਤ ਗੁੱਸੇ ਹੋਇਆ ਕਹਿੰਦਾ ਫਿਰ ਕੀ ਹੋਇਆ ਸੀ ਜੇ ਪੁਲੀ ਟੁੱਟੀ ਹੋਈ ਸੀ ਮੈਨੂੰ ਫੋਨ ਕਰ ਦਿੰਦਾ ਮੈਂ ਤਾਂ ਗੱਡੀ ਚੁੱਕਕੇ ਲੰਘਾ ਦਿੰਦਾ। ਸੱਚੀ ਹੀ ਸਿਹਤ ਪੱਖੋਂ ਬਹੁਤ ਤਕੜਾ ਸੀ ਪਰ ਅੱਜ ਪਤਾ ਨਹੀਂ ਕਿਹੜੇ ਚੰਦਰੇ ਪਲਾਂ ਨੇ ਉਹਦੀ ਜ਼ਿੰਦਗੀ ਵਿੱਚ ਦਸਤਕ ਦਿੱਤੀ ਉਹ ਜ਼ਿੰਦਗੀ ਦੀ ਜੰਗ ਹੀ ਹਾਰ ਗਿਆ। ਮੈਂ 16 ਜਨਵਰੀ ਨੂੰ ਉਸ ਨੂੰ ਫੋਨ ਕਾਲ ਕੀਤੀ ਚੁੱਕਿਆ ਨਹੀਂ ਤਾਂ ਮੈਂ ਸੋਚਿਆ ਕਿ ਕਿਧਰੇ ਬਿਜ਼ੀ ਹੋਵੇਗਾ ਫਿਰ ਕਿਸੇ ਦਿਨ ਸਹੀ, ਪਰ ਅਫਸੋਸ,ਹੁਣ ਕਦੀ ਕੋਈ ਦਿਨ ਅਜਿਹਾ ਆਵੇਗਾ ਹੀ ਨਹੀਂ ਕਿ ਠੰਡੂ ਫੋਨ ਰਿਸੀਵਰ ਦੇ ਵਿੱਚੋਂ ਹਾਂ ਜੀ ਆਖੇਗਾ। ਅਫਸੋਸ ਐ ਵੀਰਿਆ,ਯਾਰਾ ਤੇਰੇ ਤੁਰ ਜਾਣ ਦਾ -ਟੁੱਟੀਆਂ ਬਾਹਾਂ ਤਾਂ ਬੇਹਾਲ ਜ਼ਿੰਦਗੀ ਜਿਉਣ ਲਈ ਮਜ਼ਬੂਰ ਹੁੰਦੀਆਂ ਨੇ—

ਹੁਣ ਜਦੋਂ ਪੰਜਾਬ ਪਰਤਾਂਗੇ ਤਾਂ ਸਾਡੇ ਪ੍ਰਦੇਸੀਆਂ ਦੇ ਹਿੱਸੇ ਜੇ ਕਿਤੇ ਆਲੇ ਪਛਤਾਵੇ ਹੀ ਪੱਲੇ ਰਹਿ ਜਾਂਦੇ ਹਨ।

ਕੰਧ 'ਤੇ ਲਟਕਣ ਕੁੱਝ ਤਸਵੀਰਾਂ ਮਿਆਦ ਪੁਗਾਕੇ ਰਿਸ਼ਤਿਆਂ ਦੀ ।
ਲਿਖਿਆ ਸ਼ਬਦ ਸਵਰਗੀਵਾਸੀ ਧਰਤੀ ਕਹਿਣ ਫਰਿਸ਼ਤਿਆਂ ਦੀ।
ਹਰਕਤ ਬਾਝੋਂ ਉਹ ਤਸਵੀਰਾਂ ਮੇਰੀ ਮਿਲਣੀ ਮਾਨਣ ਨਾ---
ਮੈਂ ਪ੍ਰਦੇਸੀ ਘਰ ਮੁੜਿਆ ਮੈਨੂੰ ਘਰ ਦੀਆਂ ਕੰਧਾ ਸਿਆਨਣ ਨਾ--

**ਹਰਬੰਸ ਸਿੰਘ ਬੁੱਟਰ, ਮੁੱਖ ਸੰਪਾਦਕ , ਪੰਜਾਬੀ ਅਖ਼ਬਾਰ ਕੈਲਗਰੀ (ਕੈਨੇਡਾ)**

ੴ ਸਤਿ ਗੁਰ ਪ੍ਰਸਾਦਿ
ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ ॥
ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥੧॥
With profound grief & sorrow, we inform you the demise of our beloved



Ranjit Kaur Premi
(w/o S. Sewa Singh Premi)
Cell Ph: 403-809-8989
November 10, 1953- January 26, 2023
Cremation: Saturday, 4th February 2023 at 1:00 PM
Country Hills Crematorium
11995 16 St NE, Calgary, AB
Antim Ardaas at Dashmesh Culture Center

Punjab MONEY EXCHANGE
Pick Up & Delivery
NO EXTRA CHARGES
Contact for Sending & Receiving MONEY TO INDIA
ਬਿੱਕਰ ਗਿੱਲ 780 993 1463
2603-Hewes way, Unit-208, Edmonton T6L 6W6
ਇੰਡੀਆ 'ਚ ਜਲਦੀ ਪੈਸੇ ਪਹੁੰਚਾਉਣ ਜਾਂ ਮੰਗਵਾਉਣ ਲਈ ਪੰਜਾਬ ਮਨੀ ਐਕਸਚੇਂਜ ਦੀ ਵਧੀਆ ਸਰਵਿਸ ਲਈ ਕਾਲ ਕਰੋ।
CONTACT FOR FAST SERVICE
Bikkar Gill (Moga) 780-465-6166

## ਕੈਨੇਡਾ ਦੇ ਲੋਕਾਂ ਨੂੰ ਵਿਆਜ਼ ਦਰਾਂ 'ਚ ਹੋਰ ਵਾਧੇ ਦੀ ਸ਼ੰਕਾ ਹੈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬੀਤੇ ਦਿਨੀ ਬੈਂਕ ਆਫ ਕੈਨੇਡਾ ਵੱਲੋਂ ਆਪਣੀਆਂ ਵਿਆਜ ਦਰਾਂ ਵਿੱਚ 25 ਬੇਸਿਸ ਪੁਆਇੰਟਸ ਦਾ ਵਾਧਾ ਕਰਕੇ ਵਿਆਜ ਦਰਾਂ ਨੂੰ ਸਾਢੇ ਚਾਰ ਫ਼ੀਸਦ ਤੱਕ ਪਹੁੰਚਾ ਦਿੱਤਾ ਗਿਆ ਸੀ। ਇਸ ਦੌਰਾਨ ਬੈਂਕ ਆਫ ਕੈਨੇਡਾ ਦੇ ਗਵਰਨਰ ਵੱਲੋਂ ਇਸ਼ਾਰਾ ਕੀਤਾ ਗਿਆ ਸੀ ਕਿ ਹੁਣ ਵਿਆਜ਼ ਦਰਾਂ ਵਿਚ ਹੋਰ ਵਾਧਾ ਨਹੀਂ ਹੋਵੇਗਾ ਪਰ ਤਾਜ਼ਾ ਸਰਵੇਖਣ ਵਿਚ ਕੈਨੇਡਾ ਦੇ ਜ਼ਿਆਦਾਤਰ ਲੋਕ ਇਸ ਗੱਲ ਉਪਰ ਯਕੀਨ ਨਹੀਂ ਕਰਦੇ ਅਤੇ ਉਨ੍ਹਾਂ ਨੂੰ ਲੱਗਦਾ ਹੈ ਕਿ ਵਿਆਜ ਦਰਾਂ ਫਿਰ ਤੋਂ ਵਧਣਗੀਆਂ

SSSS IMMIGRATION SERVICES
www.ssssimmigration.com
iccrc crcic
SERVICES
LMIA APPROVALS, EXPRESS ENTRY
INVESTOR & BUSINESS CLASS
SKILLED WORKER & FAMILY CLASS
STUDENT VISA & WORK PERMIT
PNP (ALL PROVINCES)
PR CARD & CITIZENSHIP
GREAT OPPORTUNITY FOR STUDENTS & POST GRADUATE WORK PERMIT HOLDERS
HEAD OFFICE
Ph: 403 351 5355
Fax: 403 789 8222
116, 3770 Westwinds Dr NE Calgary AB T3J 5H3
info@ssssimmigration.com

HMP CUSTOM CABINETS
SPECIALIST IN
CUSTOM KITCHEN, BARS, WASHROOM VANITY, CLOSET & ALL COMMERCIAL MIL WORK
BUILT GARAGE,
GARAGE DOOR INSTALL,
NEW HOUSES FARMING,
OLD HOUSE EXTENSION
& ANY OTHER
ADD ON CONSTRUCTION WORK,
BASEMENT DEVELOPMENT
HMP PROFESSIONAL CONSTRUCTION LTD.
PAUL SEKHON
403 701 4947, 403 829 5000
www.hmphone.com

## ਮੰਤਰੀ ਕਰੀਨਾ ਕੌਲਡ ਦਾ ਕਹਿਣਾ ਹੈ ਕਿ ਕੈਨੇਡਾ ਵਿੱਚ ਪਾਸਪੋਰਟਾਂ ਦਾ ਬੈਕਲਾਗ ਖ਼ਤਮ ਕਰ ਦਿੱਤਾ ਗਿਆ ਹੈ



ਔਟਵਾ (ਪੰਜਾਬੀ ਅਖ਼ਬਾਰ ਬਿਊਰੋ) ਕਰੋਨਾ ਮਹਾਂਮਾਰੀ ਕਾਰਨ ਕੈਨੇਡਾ ਵਿੱਚ ਪਾਸਪੋਰਟ ਬਣਾਉਣ ਜਾਂ ਪਾਸਪੋਰਟ ਰੀਨਿਊ ਕਰਨ ਦੇ ਕੰਮ ਦੀ ਗਤੀ ਕਾਫ਼ੀ ਘੱਟ ਹੋ ਗਈ ਸੀ, ਜਿਸ ਕਾਰਨ ਪਾਸਪੋਰਟ ਬਣਾਉਣ ਲਈ ਆਈਆਂ ਅਰਜ਼ੀਆਂ ਦਾ ਇੱਕ ਵੱਡਾ ਬੈਕਲਾਗ ਇਕੱਠਾ ਹੋ ਗਿਆ ਸੀ। ਲੋਕਾਂ ਨੂੰ ਆਪਣੇ ਪਾਸਪੋਰਟ ਲਈ ਲੰਬਾ ਇੰਤਜ਼ਾਰ ਕਰਨਾ ਪੈ ਰਿਹਾ ਸੀ। ਲਿਬਰਲ ਸਰਕਾਰ ਦੇ ਮੰਤਰੀ ਕਰੀਨਾ ਕੌਲਡ ਨੇ ਦੱਸਿਆ ਕਿ ਪਾਸਪੋਰਟ ਦੇ ਬੈਕਲਾਗ ਨੂੰ ਪੂਰਾ ਕਰਨ ਲਈ ਸਰਵਿਸ ਕੈਨੇਡਾ ਨੇ ਆਪਣੇ ਸਟਾਫ਼ ਦੀ ਗਿਣਤੀ ਦੁੱਗਣੀ ਕਰ ਦਿੱਤੀ ਸੀ ਅਤੇ ਦਿਨ-ਰਾਤ ਮਿਹਨਤ ਕਰਕੇ ਬੈਕਲਾਗ ਖ਼ਤਮ ਕਰ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਜਿਨ੍ਹਾਂ ਨੂੰ ਪਾਸਪੋਰਟ ਦੇਰੀ ਕਾਰਨ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਉਨ੍ਹਾਂ ਕੋਲੋਂ ਮਾਫੀ ਮੰਗਦੇ ਹਨ ।ਉਨ੍ਹਾਂ ਆਖਿਆ ਕਿ ਪਾਸਪੋਰਟਾਂ ਦਾ 98 ਫੀਸਦੀ ਕੰਮ ਮੁਕੰਮਲ ਕੀਤਾ ਜਾ ਚੁੱਕਾ ਹੈ ਅਤੇ ਸਿਰਫ ਉਹੀ ਅਰਜ਼ੀਆਂ ਨੇਪਰੇ ਨਹੀਂ ਚੜ੍ਹ ਸਕੀਆਂ ਜਿਨ੍ਹਾਂ ਦੇ ਨਾਲ ਕੋਈ ਹੋਰ ਦਿਕਤਾਂ ਜੁੜੀਆਂ ਹੋਈਆਂ ਹਨ।

ਤੁਹਾਡੀ ਤਸੱਲੀ ਦੀ ਸਾਡੀ ਗਾਰੰਟੀ ਐ
ਸਾਥੋਂ ਖਰੀਦੇ ਘਰ ਦਾ ਇੱਕ ਸਾਲ ਦੇ ਅੰਦਰ ਕੋਈ ਵੀ ਅਪਲਾਈਂਸ ਜਾਂ ਹੀਟ ਸਿਸਟਮ ਖਰਾਬ ਹੋ ਜਾਵੇ ਅਸੀਂ ਰਿਪੇਅਰ ਕਰਕੇ ਦੇਵਾਂਗੇ।*
ਜੇਕਰ ਤੁਹਾਡਾ ਘਰ 88 ਦਿਨ ਵਿੱਚ ਨਾ ਵਿਕਿਆ ਤਾਂ ਅਸੀਂ ਉਸ ਤੋਂ ਬਾਦ ਬਿਨਾ ਕਿਸੇ ਫੀਸ ਦੇ ਵੇਚਾਂਗੇ **
COLDWELL BANKER MOUNTAIN CENTRAL
ANDY BHALLA
Real Estate Agent
Residential, Commercial, Property Management and Rural
18 Months Satisfaction Guarantee with Every Purchase
Your Home Sold Guaranteed in 88 days or I will sell it for Free !!**
Satisfaction Guaranteed-
One year warranty on any home purchase with us
andybhalla@coldwellbanker.ca
www.homelistingscalgary.com
6420 6A ST SE Calgary AB T2H2B7
403-899-7171

STANCE PHYSIO
CHIRO & MASSAGE
Psychological/Mental Health Counselling Available
ਫਿਜੀਓਥਰੈਪੀ ਦੀਆਂ ਬੇਹਤਰੀਨ ਸੇਵਾਵਾਂ ਲਈ ਯਾਦ ਰੱਖੋ
ਸਾਇਕੋਲੌਜੀਕਲ / ਮੈਂਟਲ ਹੈਲਥ ਕੌਂਸਲਿੰਗ ਵੀ ਕੀਤੀ ਜਾਂਦੀ ਹੈ
• Massage Therapy, Acupuncture/Dry Needling
• Manual Therapy Exercise Prescription
• Pain management post injury, arthritis, sprain/strain etc.
• Post MVA (Motor Vehicle Accident) recovery I WCB 1 PVT Insurance.
• Postural Correction & management.
• Neuro Muscular dysfunction • Post Stroke Rehabilitation
• Pelvic Floor dysfunction • Temporomandibular Joint (TMJ)
ਅਸੀਂ ਪੰਜਾਬੀ, ਹਿੰਦੀ,ਉਰਦੂ ਅਤੇ ਅੰਗਰੇਜ਼ੀ ਬੋਲਦੇ ਹਾਂ
www.stancephysio.com
Ph: +1(825)513-0151
Address: 470, 10980 38St NE AB Calgary

A-Class Auto Body Ltd.
Now Operating as
FIX AUTO CALGARY NORTH EAST
Complete Collison Repairs & Painting
ਆਟੋ ਬਾਡੀ ਦੇ ਤਸੱਲੀਬਖਸ਼ ਕੰਮ ਗਰੰਟੀ ਦੇ ਨਾਲ ਵਾਜਬ ਦਾਮ 'ਤੇ ਕਰਵਾਉਣ ਲਈ ਜ਼ਰੂਰ ਆਓ।
Insurance Claims
Courtesy Cars
All Work Guaranteed
Mike Randev
R.Gill
Tel : (403) 273-8889
Fax : (403) 273-8812
720 Moraine Road NE, Calgary, AB, T2A 2P3
Email: aclass@aclassautobody.ca

# ਪਾਕਿਸਤਾਨ ਦੇ ਵਿੱਤੀ ਹਾਲਾਤ ਬੇਹੱਦ ਨਾਜ਼ੁਕ ਸਥਿਤੀ 'ਚ - ਦਿਵਾਲੀਆ ਹੋਣ ਦਾ ਖ਼ਤਰਾ ਮੰਡਰਾਉਣ ਲੱਗਾ



ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਪਾਕਿਸਤਾਨ 'ਚ ਆਰਥਿਕ ਸਥਿਤੀ ਬਦ ਤੋਂ ਬਦਤਰ ਹੁੰਦੀ ਜਾ ਰਹੀ ਹੈ। ਕਰੀਬ ਨੌਂ ਹਜ਼ਾਰ ਕੰਟੇਨਰ ਬੰਦਰਗਾਹਾਂ 'ਤੇ ਫਸੇ ਹੋਏ ਹਨ। ਸਮਾਂ ਰਹਿੰਦੇ ਹੋਏ ਜੇਕਰ ਕਦਮ ਨਾ ਚੁੱਕੇ ਗਏ ਤਾਂ ਦੇਸ਼ 'ਚ ਜ਼ਰੂਰੀ, ਖ਼ੁਰਾਕੀ ਤੇ ਸਨਅਤੀ ਵਸਤਾਂ ਦੀ ਸਪਲਾਈ ਚੇਨ ਠੱਪ ਹੋ ਸਕਦੀ ਹੈ। ਮਾਹਿਰਾਂ ਨੇ ਖ਼ਤਰੇ ਦਾ ਸੰਕੇਤ ਦਿੰਦੇ ਹੋਏ ਕਿਹਾ ਕਿ ਪਾਕਿਸਤਾਨ ਆਰਥਿਕ ਮੰਦੀ ਦੀ ਕਗਾਰ 'ਤੇ ਹੈ। ਇਹ ਦੀਵਾਲੀਆ ਹੋ ਸਕਦਾ ਹੈ, ਕਿਉਂਕਿ ਮੁਦਰਾ ਪਸਾਰਾ ਰਿਕਾਰਡ ਪੱਧਰ 'ਤੇ ਪਹੁੰਚ ਗਿਆ ਹੈ। ਖ਼ੁਰਾਕੀ ਪਦਾਰਥਾਂ ਦੀਆਂ ਕੀਮਤਾਂ ਅਸਮਾਨ ਛੂਹ ਰਹੀਆਂ ਹਨ। ਸਰਕਾਰ ਦਾ ਖ਼ਜ਼ਾਨਾ ਵੀ ਖਾਲੀ ਹੈ। ਐਕਸਪ੍ਰੈੱਸ ਟ੍ਰਿਬਿਊਨ ਅਖ਼ਬਾਰ ਮੁਤਾਬਕ, ਡਾਲਰ ਦੀ ਕਮੀ ਕਾਰਨ ਦਰਾਮਦਕਾਰਾਂ ਦੇ ਕੰਟੇਨਰ ਮਾਲ ਸਮੇਤ ਫਸੇ ਹੋਏ ਹਨ ਜਦਕਿ ਦੂਜੇ ਪਾਸੇ ਸ਼ਿਪਿੰਗ ਕੰਪਨੀਆਂ ਧਮਕੀ ਦੇ ਰਹੀਆਂ ਹਨ ਕਿ ਜੇਕਰ ਸਮੇਂ 'ਤੇ ਭੁਗਤਾਨ ਨਾ ਕੀਤਾ ਗਿਆ ਤਾਂ ਉਹ ਪਾਕਿਸਤਾਨ ਨੂੰ ਦਿੱਤੀਆਂ ਜਾਣ ਵਾਲੀਆਂ ਆਪਣੀਆਂ ਸੇਵਾਵਾਂ ਰੋਕ ਦੇਣਗੇ। ਦੇਸ਼ 'ਚ ਪੈਦਾ ਹੋਏ ਇਸ ਹਾਲਾਤ ਨਾਲ ਦਰਾਮਦ ਤੇ ਬਰਾਮਦ ਦੋਵੇਂ ਪ੍ਰਭਾਵਿਤ ਹੋ ਰਹੇ ਹਨ। -ਧਰ ਕੇਂਦਰੀ ਬੈਂਕ ਕੋਲ ਸਿਰਫ਼ 4.4 ਅਰਬ ਡਾਲਰ ਰਿਜ਼ਰਵ 'ਚ ਹਨ, ਜਿਹੜੇ ਸਿਰਫ਼ ਤਿੰਨ ਹਫਤਿਆਂ ਦੀ ਦਰਾਮਦ ਲਈ ਕਾਫ਼ੀ ਹਨ। ਇੱਕ ਰਿਪੋਰਟ ਮੁਤਾਬਕ, ਬੰਦਰਗਾਹਾਂ 'ਤੇ ਫਸੇ ਕੰਟੇਰਨਰ ਤੇ ਹੋਰ ਖਰਚ ਨੂੰ ਦੇਖਿਆ ਜਾਵੇ ਤਾਂ ਡੇਢ ਤੋਂ ਦੋ ਅਰਬ ਡਾਲਰ ਦਾ ਖਰਚ ਹੋਣ ਦਾ ਅਨੁਮਾਨ ਹੈ।

# ਹੈਲਥ ਕੇਅਰ ਫੰਡਿੰਗ ਸਬੰਧੀ ਮੀਟਿੰਗ ਲਈ ਪ੍ਰੀਮੀਅਰਾਂ ਨੂੰ 7 ਫ਼ਰਵਰੀ ਨੂੰ ਸੱਦਾ ਦਿੱਤਾ ਗਿਆ - ਜਸਟਿਨ ਟਰੂਡੋ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਦੇ ਹਰੇਕ ਸੂਬੇ ਅਤੇ ਟੈਰੇਟਰੀ ਦੇ ਪ੍ਰੀਮੀਅਰਾ ਵੱਲੋਂ ਲਗਾਤਾਰ ਇਹ ਮੰਗ ਉਠ ਰਹੀ ਹੈ ਕਿ ਫੈਡਰਲ ਸਰਕਾਰ ਹੈਲਥ ਕੇਅਰ ਵਾਸਤੇ ਹੋਰ ਫੰਡਿੰਗ ਮੁਹਈਆ ਕਰਵਾਏ ਜਾਣ। ਇਸ ਸਬੰਧੀ ਪ੍ਰੀਮੀਅਰਾਂ ਦੀਆਂ ਮੀਟਿੰਗਾਂ ਵੀ ਹੋ ਚੁੱਕੀਆਂ ਹਨ ਜਿਸ ਵਿੱਚ ਪ੍ਰੀਮੀਅਰਾਂ ਵੱਲੋਂ ਕਿਹਾ ਗਿਆ ਹੈ ਕਿ ਹੈਲਥ ਕੇਅਰ ਸਿਸਟਮ ਉੱਪਰ ਬੋਝ ਕਾਫ਼ੀ ਵਧ ਚੁੱਕਾ ਹੈ ਅਤੇ ਮੌਜੂਦਾ ਫੰਡਿੰਗ ਨਾਲ ਇਸ ਸਮੱਸਿਆ ਨਾਲ ਨਹੀਂ ਨਜਿੱਠਿਆ ਜਾ ਸਕਦਾ। ਇਸ ਸਬੰਧੀ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਦੱਸਿਆ ਹੈ ਕਿ ਉਨ੍ਹਾਂ ਵੱਲੋਂ 7 ਫਰਵਰੀ ਨੂੰ ਪ੍ਰੀਮੀਅਰਾਂ ਨੂੰ ਮੀਟਿੰਗ ਲਈ ਸੱਦਾ ਦਿੱਤਾ ਗਿਆ ਹੈ, ਪਰ ਨਾਲ ਹੀ ਪ੍ਰਧਾਨ ਮੰਤਰੀ ਨੇ ਆਖਿਆ ਕਿ ਸਿਰਫ ਫੰਡਿੰਗ ਨਾਲ ਹੀ ਸਮੱਸਿਆ ਦਾ ਹੱਲ ਨਹੀਂ ਹੋ ਸਕਦਾ ਬਲਕਿ ਪਾਰਦਰਸ਼ੀ ਢੰਗ ਨਾਲ ਇਨ੍ਹਾਂ ਦੀ ਵਰਤੋਂ ਹੋਣੀ ਜ਼ਰੂਰੀ ਹੈ ਤਾਂ ਕੋਈ ਕਿਸੇ ਵੀ ਇਲਾਕੇ ਚ ਰਹਿ ਰਿਹਾ ਹੋਵੇ ਉਸਦੀ ਡਾਕਟਰ ਤੱਕ ਪਹੁੰਚ ਹੋਵੇ।

# ਪਾਕਿਸਤਾਨ ਤਹਿਰੀਕ-ਏ-ਇਨਸਾਫ਼ ਦੇ ਸੀਨੀਅਰ ਆਗੂ ਫਵਾਦ ਚੌਧਰੀ ਨੂੰ ਜੇਲ੍ਹ ਭੇਜਿਆ



ਸੈਸਕਾਟੂਨ (ਪੰਜਾਬੀ ਅਖ਼ਬਾਰ ਬਿਊਰੋ) ਪਾਕਿਸਤਾਨ ਤਹਿਰੀਕ-ਏ-ਇਨਸਾਫ਼ ਦੇ ਸੀਨੀਅਰ ਆਗੂ ਫਵਾਦ ਚੌਧਰੀ ਨੂੰ ਇਸਲਾਮਾਬਾਦ ਦੀ ਇੱਕ ਅਦਾਲਤ ਨੇ ਨਿਆਂਇਕ ਹਿਰਾਸਤ ਵਿੱਚ ਜੇਲ੍ਹ ਭੇਜ ਦਿੱਤਾ। ਵਰਰਣਯੋਗ ਹੈ ਕਿ ਪੀਟੀਆਈ ਨੇਤਾ 'ਤੇ ਸੰਵਿਧਾਨਕ ਸੰਸਥਾ ਦੇ ਖਿਲਾਫ ਹਿੰਸਾ ਭੜਕਾਉਣ ਦਾ ਦੋਸ਼ ਹੈ। ਜਿਸ ਲਈ ਅਦਾਲਤ ਨੇ ਫਵਾਦ ਚੌਧਰੀ ਨੂੰ 14 ਦਿਨਾਂ ਲਈ ਨਿਆਂਇਕ ਹਿਰਾਸਤ ਵਿੱਚ ਭੇਜ ਦਿੱਤਾ ਹੈ। ਪੀਟੀਆਈ ਆਗੂ ਨੂੰ ਉਨ੍ਹਾਂ ਦੀ ਰਿਹਾਇਸ਼ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਪਾਕਿਸਤਾਨ ਦੇ ਚੋਣ ਕਮਿਸ਼ਨ (ਈਸੀਪੀ) ਦੇ ਸਕੱਤਰ ਦੀ ਸ਼ਿਕਾਇਤ 'ਤੇ ਇਸਲਾਮਾਬਾਦ ਦੇ ਕੋਹਸਰ ਪੁਲਿਸ ਸਟੇਸ਼ਨ 'ਚ ਕੇਸ ਦਰਜ ਕੀਤਾ ਗਿਆ ਸੀ। ਫਵਾਦ ਚੌਧਰੀ ਨੂੰ ਦੋ ਦਿਨ ਦੇ ਰਿਮਾਂਡ 'ਤੇ ਭੇਜ ਦਿੱਤਾ ਗਿਆ ਸੀ। ਇਸ ਤੋਂ ਬਾਅਦ ਉਸ ਨੂੰ ਅਦਾਲਤ 'ਚ ਪੇਸ਼ ਕੀਤਾ ਗਿਆ, ਜਿੱਥੋਂ 52 ਸਾਲਾ ਫਵਾਦ ਚੌਧਰੀ ਨੂੰ 14 ਦਿਨਾਂ ਦੀ ਨਿਆਂਇਕ ਹਿਰਾਸਤ 'ਤੇ ਉੱਚ ਸੁਰੱਖਿਆ ਵਾਲੀ ਜੇਲ ਭੇਜ ਦਿੱਤਾ ਗਿਆ।

ਨਵੇਂ ਪੁਰਾਣੇ ਘਰਾਂ ਅੰਦਰ ਕਿਚਨ ਕੈਬਿਨੇਟ ਦਾ ਕੰਮ
ਕੋਈ ਮੈਟਲ ਡੋਰ, ਜਾਂ ਸਾਧਾਰਣ ਡੋਰ ਲਗਾਉਣਾ ਹੈ ਜਾਂ ਮੋਲਡਿੰਗ, ਬੁੱਕ ਸੈਲਫ, ਪੌੜੀਆਂ ਦੀ ਰੇਲਿੰਗ, ਜਾਂ ਹਾਰਡਵੁੱਡ ਦਾ ਕੰਮ ਕਰਵਾਉਣਾ ਹੈ ਤਾਂ ਸੰਪਰਕ ਕਰੋ।
Specialist In:
All Type of Residential & Commercial Woodwork
Interior Finishing: Kitchen Cabinets:
Railing & Decorating
Manpreet Thind
Ph: (403) 455-1000
www.perfectfinishing.ca
Perfect Finishing Corp.
NewStar Cabinets Ltd.
3341 19 St NE Calgary AB T2E 6S8

ਦਾਖਲਾ ਸ਼ੁਰੂ ਹੈ New batch starat
ਖ਼ੁਦ ਕੰਮ ਸਿੱਖਕੇ ਆਪਣੇ ਘਰ ਬੈਠਿਆਂ ਆਪਣਾ ਬਿਜਨਿਸ ਚਲਾਓ
GD COLLEGE CALGARY
INDIVIDUAL COURSES
• Eyelash Extensions • Makeup
• Eye brow/Eyelash Tinting • Hair styling
• Eyelash Lift up • Manicure/Pedicure
• Waxing • Facials • Microdermabrasion
• Threading • Artificial Nails
DIPLOMA PROGRAMS
• Esthetics Diploma • Makeup Artistry Diploma
• Nail Technician Diploma • Clinical Esthetics
We Provide Laser Hair Removal Treatments
ਸਟੂਡੈਂਟਸ ਲੋਨ ਵੀ ਮਿਲਦਾ ਹੈ
ਆਮ ਜ਼ਿੰਦਗੀ ਨੂੰ ਕਲਾ ਵਿੱਚ ਬਦਲੋ
Contact Us:
587-349-1110
www.gdcollege.ca | E-mail: info@gdcollege.ca
108-1935 27th Ave NE, Calgary, AB, T2E 4E7

Sidhu Accounting & Financial Services
Accounting Services
Personal Tax Returns
• Corporate Tax Returns
• Computerized Bookkeeping
• T4's
• Record of Employment
Financial Services
• RRSP
• Life Insurance
Term Life
Universal Life
• Critical Illness Insurance
• Segregated Funds
IQBAL SIDHU
(403) 568-2667
ਛੋਟੇ ਵੱਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਲਈ ਅਕਾਊਂਟਿੰਗ ਦੀ ਹਰ ਤਰ੍ਹਾਂ ਦੀ ਸੇਵਾਵਾਂ ਲਈ ਇਕਬਾਲ ਸਿੱਧੂ ਨੂੰ ਕਾਲ ਕਰੋ।
#202, 4656 Weswinds Drive NE. Calgary AB T3J 3Z5

NE NORTHEAST AUTOMOTIVE
Bring your vehicle into NorthEast Automotive and be on smoother, stress free roads
First Choice for Engine Repair
ਆਪਣੀ ਕਾਰ ਦੀ ਤਸੱਲੀਬਖਸ਼ ਰਿਪੇਅਰ ਅਤੇ ਇੰਜਣ ਦੇ ਨੰਬਰ 1 ਕੰਮ ਲਈ ਸਾਡੇ ਨਾਲ ਸੰਪਰਕ ਕਰੋ।
Contact:
DEEP
4205-17 Ave SE
Calgary (AB)
Fax: 403 313 9993
Email: deep@neauto.ca
www.neauto.ca Ph. 403-263-1000, 403-250-7038

PEEL FINANCIAL
LEASING & FINANCE
Experts in
Commercial & Industrial Finance
Heavy Equipment Tranportation
ਪੀਲ ਫਾਇਨਾਂਸੀਅਲ ਵਾਲੇ ਹੀ ਤੁਹਾਨੂੰ ਬਣਾ ਸਕਦੇ ਨੇ ਹੈਵੀ ਡਿਊਟੀ ਟਰੱਕ ਟ੍ਰੇਲਰ, ਟਰੱਕ ਦੇ ਮਾਲਕ
Jatinder Gill
Jay@peelfinancial.ca
306 880 3869
(Winnipeg)
ਘੱਟ ਰੇਟ ਉੱਪਰ ਕੁਝ ਹੀ ਮਿੰਟਾਂ ਵਿੱਚ ਟਰੱਕ ਲੋਨ ਦੀ ਅਪਰੂਵਲ ਲਵੋ।
Davinder Gill
Lease Account Manager
dave@peelfinancial.ca
306 490 2205

ਪੁਰਾਣੀ ਕਾਰ ਘਰੋਂ ਚੁੱਕਵਾਓ-ਵਧੀਆ ਡਾਲਰ ਜੇਬ ਵਿੱਚ ਪਾਓ
ਡਾਲੇ ਵਾਲੇ ਗਿੱਲ ਭਰਾਵਾਂ ਦੀਆਂ ਸੇਵਾਵਾਂ ਤੁਹਾਡੀ ਸੇਵਾ ਵਿੱਚ
BLACK DIAMOND
Auto Parts & Recycling
We sell quality used Auto Parts for Cars, Trucks and Vans
We Buy Scrap Cars
#2, 168 Street W
Black Diamond, AB
www.RetireMyCar.com
Ph: 403-561-0126
Ph: 403-999-0127
ਇੰਜਣ, ਟਰਾਂਸਮਿਸ਼ਨ, ਟਾਇਰ ਗੱਲ ਕੀ ਹਰ ਕਿਸਮ ਦੀਆਂ ਗੱਡੀਆ ਦੇ ਹਰ ਕਿਸਮ ਦੇ ਸਪੇਅਰ ਪਾਰਟਸ ਅਤੇ ਨਵੀਂ ਨਕੋਰ ਲੁੱਕ ਵਾਲੀਆ ਪੁਰਾਣੀਆਂ ਕਾਰਾਂ ਤੁਹਾਡੇ ਬੱਜਟ ਅਨੁਸਾਰ ਲਵੋ।
ਰਾਜ ਗਿੱਲ ਨੂੰ ਫੋਨ ਘੁੰਮਾਓ - ਝੱਟ ਕਾਰ ਦੇ ਮਾਲਕ ਬਣ ਜਾਓ

SUPERVISA INSURANCE
RESP & RRSP
CRITICAL ILLNESS INSURANCE
LIFE INSURANCE
MORTGAGE INSURANCE
TRAVEL INSURANCE
Punjab Insurance Inc
"Your Local Insurance Advisor"
VISITOR INSURANCE
ਘਰ ਬੈਠੇ ਹੀ ਆਨ ਲਾਈਨ ਸੇਵਾਵਾਂ ਵੀ ਲੈ ਸਕਦੇ ਹੋ
90 DAYS NEW IMMIGRANT INSURANCE
NAVDEEP JASWAL
Financial Advisor
403 909 4141

INDIA PALACE
Restaurant & Sweets
ਤੁਹਾਡੇ ਏਰੀਏ ਵਿੱਚ ਈਸਟ ਇੰਡੀਅਨ ਰੈਸਟੋਰੈਂਟ ਜਿੱਥੇ ਤੁਸੀਂ ਸਵਾਦੀ ਖਾਣੇ ਤਾਜੇ ਸਮੋਸੇ, ਗੋਲਗੱਪੇ, ਚਾਟ ਬਗੈਰਾ ਅਤੇ ਤਾਜ਼ੀਆਂ ਮਠਿਆਈਆਂ ਦੇ ਨਾਲ-ਨਾਲ ਮਸਾਲਾ-ਡੋਸਾ ਅਤੇ ਇਡਲੀ ਸਾਂਬਰ ਆਦਿ ਦਾ ਆਨੰਦ ਮਾਣ ਸਕਦੇ ਹੋ।
ਮੱਕੀ ਦੀ ਰੋਟੀ ਸਰੋਂ ਦਾ ਸਾਗ
We do Catering for all Occasions Call us for Advance Booking!
Lunch Special : 7 Days A Week
10% OFF for Catering only
Now We Open 7 Days a week
Ph : 403-285-3097
Cell : 403-870-3227
Bay #10, 5700, Falsbridge Dr. N.E Calgary, T3J 3H4

# ਸੰਪਾਦਕੀ



ਅਸਲ ਸਿਆਸਤ ਮੌਕਿਆਂ ਨੂੰ ਸਫ਼ਲਤਾ 'ਚ ਢਾਲਣਾ ਹੈ।

- ਐਸ਼ਲੇ ਬਰੀਲੀਐਂਟ

## ਪਾਕਿ ਵਿੱਚ ਦਹਿਸ਼ਤਗਰਦੀ

ਪਾਕਿਸਤਾਨ ਦੇ ਪੇਸ਼ਾਵਰ ਵਿੱਚ ਇੱਕ ਮਸਜਿਦ ਵਿੱਚ ਧਮਾਕਾ ਅੱਤਵਾਦੀ ਤਬਾਹੀ ਦੀ ਇੱਕ ਹੋਰ ਕੜੀ ਹੈ। ਇਸ ਨਾਲ ਇੱਕ ਵਾਰ ਫਿਰ ਸਪੱਸ਼ਟ ਹੋ ਗਿਆ ਹੈ ਕਿ ਅੱਤਵਾਦੀਆਂ ਦਾ ਕੋਈ ਧਰਮ ਨਹੀਂ ਹੁੰਦਾ। ਇਸ ਤੋਂ ਵੱਡਾ ਸਬੂਤ ਹੋਰ ਕੀ ਹੋ ਸਕਦਾ ਹੈ ਕਿ ਪੇਸ਼ਾਵਰ ਦੇ ਪੁਲਿਸ ਲਾਈਨ ਇਲਾਕੇ 'ਚ ਸਥਿੱਤ ਮਸਜਿਦ 'ਚ ਧਮਾਕਾ ਉਸ ਸਮੇਂ ਹੋਇਆ ਜਦੋਂ ਲੋਕ ਉੱਥੇ ਨਮਾਜ਼ ਅਦਾ ਕਰ ਰਹੇ ਸਨ। ਫਿਲਹਾਲ ਇਸ ਧਮਾਕੇ ਦੀ ਜ਼ਿੰਮੇਵਾਰੀ ਕਿਸੇ ਨੇ ਨਹੀਂ ਲਈ ਹੈ ਪਰ ਸ਼ੁਰੂਆਤੀ ਜਾਂਚ ਵਿੱਚ ਇਹ ਦੱਸਿਆ ਜਾ ਰਿਹਾ ਹੈ ਕਿ ਇਹ ਧਮਾਕਾ ਆਤਮਘਾਤੀ ਦਸਤੇ ਦੇ ਇੱਕ ਮੈਂਬਰ ਰਾਹੀਂ ਕੀਤਾ ਗਿਆ ਸੀ ਜਿਸ ਦਾ ਸਬੰਧ ਤਾਲਿਬਾਨ ਨਾਲ ਹੈ। ਇਹ ਵੀ ਖ਼ਦਸ਼ਾ ਜਤਾਇਆ ਜਾ ਰਿਹਾ ਹੈ ਕਿ ਬੰਬ ਮਸਜਿਦ ਵਿੱਚ ਲਾਇਆ ਗਿਆ ਹੋ ਸਕਦਾ ਹੈ। ਘਟਨਾ ਦੀ ਪ੍ਰਕਿਰਤੀ ਅਤੇ ਇਸ ਵਿੱਚ ਸ਼ਾਮਿਲ ਲੋਕਾਂ ਦੀ ਜ਼ਿੰਮੇਵਾਰੀ ਦਾ ਫੈਸਲਾ ਵਿਆਪਕ ਜਾਂਚ ਤੋਂ ਬਾਅਦ ਕੀਤਾ ਜਾਵੇਗਾ, ਪਰ ਇਹ ਤੈਅ ਹੈ ਕਿ ਪਾਕਿਸਤਾਨ ਦੇ ਆਮ ਲੋਕ ਵੀ ਓਨੇ ਹੀ ਕੌਮਾਂਤਰੀ ਅੱਤਵਾਦ ਦੇ ਨਿਸ਼ਾਨੇ 'ਤੇ ਹਨ ਜਿੰਨਾ ਕਿ ਦੂਜੇ ਦੇਸ਼ਾਂ ਦੇ ਲੋਕ। ਹਰ ਵਾਰ ਦੁਨੀਆਂ ਭਰ ਵਿੱਚ ਅਜਿਹੇ ਹਮਲਿਆਂ ਦਾ ਖਮਿਆਜ਼ਾ ਆਮ ਲੋਕਾਂ ਨੂੰ ਭੁਗਤਣਾ ਪੈਂਦਾ ਹੈ, ਜਦੋਂ ਕਿ ਇਸ ਦੇ ਸਰਪ੍ਰਸਤ ਪਰਦੇ ਪਿੱਛੇ ਬੈਠ ਕੇ ਸਾਜ਼ਿਸ਼ਾਂ ਰਚਦੇ ਰਹਿੰਦੇ ਹਨ, ਅਸਲ ਵਿੱਚ ਪਾਕਿਸਤਾਨ ਵਿੱਚ ਦਹਿਸ਼ਤ ਫੈਲਾਉਣ ਵਾਲੀ ਇਹ ਕੋਈ ਇਕੱਲੀ ਜਾਂ ਪਹਿਲੀ ਘਟਨਾ ਨਹੀਂ ਹੈ। ਉੱਥੇ ਵੀ ਹਰ ਰੋਜ਼ ਅੱਤਵਾਦੀ ਹਮਲੇ ਹੁੰਦੇ ਰਹਿੰਦੇ ਹਨ ਅਤੇ ਆਮ ਲੋਕ ਇਸ ਦਾ ਸ਼ਿਕਾਰ ਹੁੰਦੇ ਹਨ। ਪਰ ਉੱਥੋਂ ਦੀਆਂ ਹਾਕਮ ਤਾਕਤਾਂ ਸ਼ਾਇਦ ਇਹ ਮੰਨਣ ਦੀ ਲੋੜ ਮਹਿਸੂਸ ਨਹੀਂ ਕਰਦੀਆਂ ਕਿ ਅੱਤਵਾਦ ਦੀ ਅੱਗ ਹੌਲੀ-ਹੌਲੀ ਪਾਕਿਸਤਾਨ ਨੂੰ ਵੀ ਕਿਵੇਂ ਤਬਾਹ ਕਰ ਰਹੀ ਹੈ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਪਿਛਲੇ ਸਾਲ 4 ਮਾਰਚ ਨੂੰ ਪੇਸ਼ਾਵਰ ਦੇ ਕੋਚਾ ਰਿਸਾਲਦਾਰ ਇਲਾਕੇ 'ਚ ਇੱਕ ਸ਼ੀਆ ਮਸਜਿਦ 'ਚ ਹੋਏ ਆਤਮਘਾਤੀ ਬੰਬ ਧਮਾਕੇ ਕਾਰਨ 63 ਲੋਕ ਮਾਰੇ ਗਏ ਸਨ ਅਤੇ 200 ਦੇ ਕਰੀਬ ਜ਼ਖਮੀ ਹੋ ਗਏ ਸਨ। ਫਿਰ ਉਸ ਘਟਨਾ ਦੀ ਜ਼ਿੰਮੇਵਾਰੀ ਇਸਲਾਮਿਕ ਸਟੇਟ ਅੱਤਵਾਦੀ ਸਮੂਹ ਦੀ ਖੁਰਾਸਾਨ ਯੂਨਿਟ ਨੇ ਲਈ ਸੀ। ਇਸ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਪਿਛਲੇ ਢਾਈ ਸਾਲਾਂ ਦੇ ਅੰਕੜਿਆਂ ਮੁਤਾਬਕ ਹੀ ਉੱਥੇ ਅੱਤਵਾਦੀ ਹਮਲਿਆਂ ਵਿੱਚ 750 ਦੇ ਕਰੀਬ ਲੋਕ ਆਪਣੀ ਜਾਨ ਗੁਆ ਚੁੱਕੇ ਹਨ। ਹਾਲਾਂਕਿ ਅਜਿਹੇ ਹਮਲੇ ਕਿਤੇ ਵੀ ਹੁੰਦੇ ਰਹੇ ਹਨ ਪਰ ਇਨ੍ਹਾਂ ਦਾ ਮੁੱਖ ਨਿਸ਼ਾਨਾ ਮਦਰੱਸੇ ਅਤੇ ਮਸਜਿਦਾਂ ਹੀ ਰਹੇ ਹਨ। ਇਹ ਸਮਝਣਾ ਔਖਾ ਹੈ ਕਿ ਵੱਡੇ ਪੱਧਰ 'ਤੇ ਮਾਸੂਮਾਂ ਦੀ ਜਾਨ ਲੈ ਕੇ ਅੱਤਵਾਦੀ ਸੰਗਠਨ ਕੀ ਮਕਸਦ ਹਾਸਲ ਕਰਦੇ ਹਨ! ਸਮਾਨਾਂਤਰ ਸਵਾਲ ਇਹ ਹੈ ਕਿ ਅੱਤਵਾਦ ਨਾਲ ਨਜਿੱਠਣ ਲਈ ਸਰਕਾਰ ਕੀ ਕਰਦੀ ਹੈ, ਕੀ ਸਟੈਂਡ ਲੈਂਦੀ ਹੈ। ਇਹ ਕੋਈ ਲੁਕਿਆ ਹੋਇਆ ਤੱਥ ਨਹੀਂ ਹੈ ਕਿ ਭਾਰਤ ਅਕਸਰ ਅੱਤਵਾਦੀ ਘਟਨਾਵਾਂ ਲਈ ਪਾਕਿਸਤਾਨ ਦੇ ਠਿਕਾਣਿਆਂ ਤੋਂ ਸੰਚਾਲਿਤ ਸੰਗਠਨਾਂ ਨੂੰ ਜ਼ਿੰਮੇਵਾਰ ਠਹਿਰਾਉਂਦਾ ਹੈ। ਕਈ ਵਾਰ ਅੰਤਰਰਾਸ਼ਟਰੀ ਮੰਚਾਂ 'ਤੇ ਵੀ ਪਾਕਿਸਤਾਨ ਨੂੰ ਅੱਤਵਾਦੀ ਸੰਗਠਨਾਂ ਨੂੰ ਸਹਾਇਤਾ ਨਾ ਦੇਣ ਦੀ ਚਿਤਾਵਨੀ ਦਿੱਤੀ ਗਈ ਹੈ। ਪਰ ਦੁੱਖ ਦੀ ਗੱਲ ਇਹ ਹੈ ਕਿ ਜਦੋਂ ਵੀ ਅਜਿਹੀ ਕੋਈ ਆਵਾਜ਼ ਉਠਦੀ ਹੈ ਤਾਂ ਪਾਕਿਸਤਾਨ ਜਾਂ ਤਾਂ ਇਸ ਨੂੰ ਝੂਠਾ ਇਲਜ਼ਾਮ ਕਹਿ ਕੇ ਖਾਰਿਜ ਕਰ ਦਿੰਦਾ ਹੈ ਜਾਂ ਨਜ਼ਰਅੰਦਾਜ਼ ਕਰ ਦਿੰਦਾ ਹੈ। ਜਦੋਂ ਕਿ ਅੱਤਵਾਦ ਨੂੰ ਸੁਰੱਖਿਆ ਦੇਣ ਦੇ ਸਵਾਲ 'ਤੇ ਪਾਕਿਸਤਾਨ ਨੂੰ ਆਰਥਿਕ ਅਤੇ ਸਿਆਸੀ ਪੱਧਰ 'ਤੇ ਕਾਫੀ ਨੁਕਸਾਨ ਉਠਾਉਣਾ ਪਿਆ ਹੈ। ਹਾਲ ਹੀ ਵਿੱਚ, ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਨੇ ਪਾਕਿਸਤਾਨ ਦੇ ਇੱਕ ਅੱਤਵਾਦੀ ਅਬਦੁਲ ਰਹਿਮਾਨ ਮੱਕੀ ਨੂੰ ਗਲੋਬਲ ਅੱਤਵਾਦੀ ਦੇ ਰੂਪ ਵਿੱਚ ਸੂਚੀਬੱਧ ਕੀਤਾ ਹੈ। ਇਹ ਗੱਲ ਧਿਆਨ ਵਿੱਚ ਰੱਖਣ ਦੀ ਲੋੜ ਹੈ ਕਿ ਅੱਤਵਾਦ ਇੱਕ ਅਜਿਹੀ ਅੱਗ ਹੈ ਜੋ ਨਾ ਸਿਰਫ਼ ਦੂਜਿਆਂ ਨੂੰ ਨੁਕਸਾਨ ਪਹੁੰਚਾਉਂਦੀ ਹੈ ਸਗੋਂ ਇਸ ਨੂੰ ਸੁਰੱਖਿਆ ਪ੍ਰਦਾਨ ਕਰਨ ਵਾਲਿਆਂ ਨੂੰ ਵੀ ਨਹੀਂ ਬਖਸ਼ਦੀ।

**ਸੁਖਜਿੰਦਰ ਸਮਰਾ**
ਮੋ. 1 780 300 2000

**403 640 2000**
**punjabiakhbaar@gmail.com**

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.

-Editor


ਨੋਟ: "ਪੰਜਾਬੀ ਅਖ਼ਬਾਰ" ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। "ਪੰਜਾਬੀ ਅਖ਼ਬਾਰ" ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜਿੰਮੇਬਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖ਼ਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ।

– ਸੰਪਾਦਕ

# ਖ਼ਤਰੇ 'ਚ ਹੈ ਭਾਰਤੀ ਲੋਕਤੰਤਰ !

**ਗੁਰਮੀਤ ਸਿੰਘ ਪਲਾਹੀ**
-9815802070





ਭਾਰਤ ਦੇਸ਼ ਚ ਕੌਮੀ ਪੱਧਰ 'ਤੇ ਹੋਣ ਵਾਲੀ, ਸਾਲ 2021 ਦੀ ਮਰਦਮਸ਼ਮਾਰੀ ਕੋਵਿਡ ਕਾਰਨ ਕੇਂਦਰ ਸਰਕਾਰ ਵਲੋਂ ਅੱਗੇ ਪਾ ਦਿੱਤੀ ਗਈ ਹੈ। ਸਾਲ 2011 ਦੀ ਮਰਦਮਸ਼ਮਾਰੀ ਦੇ ਅੰਕੜੇ ਦਸਦੇ ਹਨ ਕਿ ਇਸ ਸਮੇਂ ਦੇਸ਼ ਵਿੱਚ 81.5 ਕਰੋੜ ਲੋਕ ਅਜਿਹੇ ਹਨ , ਜਿਨ੍ਹਾਂ ਨੂੰ ਭਾਰਤ ਸਰਕਾਰ ਦੇ ਕੌਮੀ ਖਾਧ ਸੁਰੱਖਿਆ ਕਾਨੂੰਨ ਤਹਿਤ ਰਿਆਇਤ ਜਾਂ ਮੁਫਤ ਅਨਾਜ ਪ੍ਰਾਪਤ ਕਰਨ ਦਾ ਹੱਕਦਾਰ ਮੰਨਿਆ ਜਾਂਦਾ ਹੈ। ਜੇਕਰ ਸਾਲ 2021 ਦੇ ਮਰਦਮਸ਼ਮਾਰੀ ਅੰਕੜੇ ਸਾਹਮਣੇ ਆਉਂਦੇ ਤਾਂ ਸ਼ਾਇਦ 10 ਕਰੋੜ ਲੋਕ ਇਸ ਗਿਣਤੀ ਵਿੱਚ ਹੋਰ ਸ਼ਾਮਲ ਹੋ ਜਾਂਦੇ।

26 ਜਨਵਰੀ 2023 ਭਾਵ ਦੇਸ਼ ਦੇ ਅਗਲੇ ਗਣਤੰਤਰ ਦਿਵਸ ਸਮੇਂ ਤੱਕ ਜਦੋਂ ਭਾਰਤੀ ਗਣਤੰਤਰ ਦੇ 73 ਵਰ੍ਹੇ ਪੂਰੇ ਹੋ ਚੁੱਕੇ ਹਨ ਅਤੇ ਜਦੋਂ ਦੇਸ਼ ਆਜ਼ਾਦੀ ਦੇ 75 ਵਰ੍ਹੇ ਪੂਰੇ ਹੋਣ ਉਪਰੰਤ "ਆਜ਼ਾਦੀ ਕਾ ਅੰਮ੍ਰਿਤ ਮਹੋਤਸਵ" ਮਨਾ ਰਿਹਾ ਹੈ, ਦੇਸ਼ ਦੀ ਆਰਥਿਕ, ਸਮਾਜਿਕ ਤਰੱਕੀ ਅਤੇ ਦੇਸ਼ ਵਾਸੀਆਂ ਨੂੰ ਪਾਣੀ, ਬਿਜਲੀ, ਸਿਹਤ, ਸਿੱਖਿਆ, ਮਕਾਨ, ਉਪਲੱਬਧ ਕਰਾਉਣ ਦੇ ਚੱਕਰਾਂ ਵਿੱਚ ਪਿਆ ਦਿਸਦਾ ਹੈ । ਨਾਲ ਹੀ ਦੇਸ਼ ਨੂੰ ਵੱਡੀ ਸਮੱਸਿਆ ਇਸ ਗੱਲ ਦੀ ਵੀ ਹੈ ਕਿ ਭਾਰਤੀ ਸੰਵਿਧਾਨ ਨੂੰ ਦੇਸ਼ ਦੀ ਹਾਕਮ ਧਿਰ ਖੋਰਾ ਲਾਉਣ ਅਤੇ ਦੇਸ਼ ਦਾ ਫੈਡਰਲ ਢਾਂਚਾ ਹੋਣ ਦੇ ਬਾਵਜੂਦ ਸਾਰੀਆਂ ਸ਼ਕਤੀਆਂ ਦਾ ਕੇਂਦਰੀਕਰਨ ਦੇ ਚੱਕਰ 'ਚ ਦੇਸ਼ ਦੀ ਨਿਆਪਾਲਿਕਾ ਨਾਲ ਵੀ ਮੱਥਾ ਲਾਈ ਬੈਠੀ ਹੈ। ਕੀ ਇਹ ਦੇਸ਼ ਲਈ ਸ਼ੁੱਭ ਸ਼ਗਨ ਹੈ?

ਦੇਸ਼ ਦੀ ਵਿਧਾਨਪਾਲਿਕਾ ਦੇ ਹਾਲਾਤ ਵੇਖਣ ਯੋਗ ਹਨ। ਸੰਸਦ ਹੋਵੇ ਜਾਂ ਵਿਧਾਨ ਸਭਾ, ਦਾਗੀ ਸਾਂਸਦਾਂ ਅਤੇ ਵਿਧਾਇਕਾਂ ਦੀ ਲਿਸਟ ਹੁਣ ਲੰਬੀ ਹੁੰਦੀ ਜਾ ਰਹੀ ਹੈ। ਦੇਸ਼ ਵਿੱਚ ਲੋਕ ਸੇਵਾ ਦਾ ਸੰਕਲਪ ਤਾਰ-ਤਾਰ ਹੋ ਰਿਹਾ ਹੈ। ਹਾਕਮਾਂ 'ਚ ਜੁੰਮੇਵਾਰੀ ਅਤੇ ਜਵਾਬਦੇਹੀ ਲਗਾਤਾਰ ਘੱਟ ਰਹੀ ਹੈ। ਰਾਜਨੀਤੀ ਪ੍ਰਕਿਰਿਆ 'ਚ ਅਪਰਾਧੀਕਰਨ , ਰਾਜਨੇਤਾਵਾਂ, ਲੋਕ ਸੇਵਕਾਂ ਅਤੇ ਧੰਨ ਕੁਬੇਰਾਂ ਘਰਾਣਿਆਂ ਚ ਅਪਵਿੱਤਰ ਗੱਠਜੋੜ ਨੇ ਦੇਸ਼ 'ਚ ਅਰਾਜਕਤਾ ਦਾ ਮਾਹੌਲ ਪੈਦਾ ਕਰਨ ਵਾਲੇ ਹਾਲਾਤ ਵਧਾ ਦਿੱਤੇ ਹਨ ।

ਅਸਲ ਵਿੱਚ ਭਾਰਤੀ ਲੋਕਤੰਤਰਿਕ ਸਾਸ਼ਨ ਨੂੰ ਜ਼ਿਆਦਾ ਗੰਭੀਰ ਖ਼ਤਰਾ ਅਪਰਾਧੀਆਂ ਅਤੇ ਬਾਹੂਬਲੀਆਂ ਤੋਂ ਹੈ ਜੋ ਵੱਡੀ ਗਿਣਤੀ 'ਚ ਸਿਆਸਤ ਵਿੱਚ ਘੁਸਪੈਠ ਕਰ ਚੁੱਕੇ ਹਨ । ਇਹੋ ਜਿਹੀਆਂ ਸਥਿਤੀਆਂ 'ਚ ਦੇਸ਼ 'ਚ ਸ਼ਾਂਤੀ ਕਿਵੇਂ ਹੋਵੇ, ਧਾਰਮਿਕ ਸਾਵਾਂਪਨ ਕਿਵੇਂ ਪੁੰਗਰੇ, ਆਪਸੀ ਸਦਭਾਵ ਕਿਵੇਂ ਪੈਦਾ ਹੋਵੇ?

ਇਹ ਗੱਲ ਸਮਝਣ ਵਾਲੀ ਹੈ ਕਿ ਚੰਗਾ ਪ੍ਰਬੰਧ, ਇਮਾਨਦਾਰੀ, ਸਰਵਜਨਕ ਜੀਵਨ ਜਵਾਬਦੇਹੀ ਪਾਰਦਰਸ਼ਤਾ ਤੋਂ ਛੁੱਪਿਆ ਹੋਇਆ ਹੈ। ਜਿਸ ਦੀ ਪਿਛਲੇ 73 ਸਾਲ ਲਗਾਤਾਰ ਦੇਸ਼ 'ਚ ਕਮੀ ਦੇਖਣ ਨੂੰ ਮਿਲੀ ਹੈ । ਇਹੋ ਕਾਰਨ ਹੈ ਕਿ ਦੇਸ਼ ਦੇ ਲੋਕਾਂ ਪ੍ਰਤੀ "ਦੇਸ਼ ਸੇਵਕਾਂ", ਨੌਕਰਸ਼ਾਹਾਂ 'ਚ ਬੇਗਾਨਗੀ ਦੇਖਣ ਨੂੰ ਮਿਲਦੀ ਹੈ। ਭ੍ਰਿਸ਼ਟਾਚਾਰੀ ਨੌਕਰਸ਼ਾਹਾਂ ਅਤੇ ਤਾਕਤ ਦੇ ਭੁੱਖੇ ਸਿਆਸਤਦਾਨਾਂ ਦਾ ਗੱਠਜੋੜ ਆਮ ਲੋਕਾਂ ਦੀਆਂ ਸਮੱਸਿਆਵਾਂ ਤੋਂ ਪਾਸਾ ਵੱਟ ਰਿਹਾ ਹੈ । ਇਹੋ ਕਾਰਨ ਹੈ ਕਿ ਪੌਣੀ ਸਦੀ ਬੀਤਣ ਬਾਅਦ ਵੀ ਦੇਸ਼ ਦੇ ਲੋਕ ਮਾੜੇ ਹਾਲਾਤਾਂ ਚ ਗੁਜ਼ਰ ਰਹੇ ਹਨ।

ਲੋਕਾਂ ਨੂੰ ਬੋਲਣ, ਚੱਲਣ ਦੀ ਆਜ਼ਾਦੀ, ਜੋ ਸੰਵਿਧਾਨ ਦਿੰਦਾ ਹੈ, ਉਸ 'ਚ ਰੁਕਾਵਟਾਂ ਪਾਈਆਂ ਜਾ ਰਹੀਆਂ ਹਨ। ਉਹਨਾਂ ਦੇ ਸੰਵਿਧਾਨਿਕ ਹੱਕਾਂ ਨੂੰ ਖੋਰਾ ਲਾਇਆ ਜਾ ਰਿਹਾ ਹੈ । ਹਾਕਮ ਧਿਰ ਜਨਤਾ ਅਤੇ ਸੁਚੇਤ ਮੀਡੀਆ ਨੂੰ ਨੁਕਰੇ ਲਾਉਣ ਲਈ ਪਿਛਲੇ ਦਰਵਾਜਿਓਂ ਸੈਂਸਰਸ਼ਿਪ ਲਗਾਉਣ ਦੇ ਯਤਨ ਹਾਕਮਾਂ ਵੱਲੋਂ ਹੋ ਰਹੇ ਹਨ ।

ਇਹਨਾਂ ਦਿਨਾਂ 'ਚ ਖ਼ਾਸ ਤੌਰ 'ਤੇ ਸੋਸ਼ਲ ਮੀਡੀਆ ਉਤੇ ਸ਼ਿਕੰਜਾ ਕੱਸਣ ਲਈ ਆਈ.ਟੀ. ਕਾਨੂੰਨ ਵਿੱਚ ਤਬਦੀਲੀ ਕਰਨ ਦਾ ਖਰੜਾ ਤਿਆਰ ਕੀਤਾ ਗਿਆ ਹੈ ਜਿਸ 'ਚ ਸਰਕਾਰੀ ਏਜੰਸੀ ਨੂੰ ਆਨ ਲਾਈਨ ਪਲੇਟਫਾਰਮ ਤੋਂ ਖ਼ਬਰਾਂ ਹਟਾਉਣ ਦਾ ਅਧਿਕਾਰ ਦੇਣ ਦੀ ਵਿਵਸਥਾ ਕੀਤੀ ਗਈ ਹੈ। ਬਿਨ੍ਹਾਂ ਸ਼ੱਕ ਸੋਸ਼ਲ ਮੀਡੀਆ ਉਤੇ ਗੈਰ ਵਾਜਬ ਪੋਸਟਾਂ ਵੀ ਚਲਦੀਆਂ ਹਨ ਪਰ ਸੋਸ਼ਲ ਮੀਡੀਆ ਵੱਡੇ ਪੱਧਰ 'ਤੇ ਸੂਚਨਾਵਾਂ ਅਤੇ ਜਾਣਕਾਰੀਆਂ ਦੇਣ ਦਾ ਸਾਧਨ ਵੀ ਹੈ। ਇਹੋ ਜਿਹੇ ਹਾਲਾਤ ਦੇਸ਼ 'ਚ ਸਾਲ 1975 'ਚ ਲਗਾਈ ਐਮਰਜੈਂਸੀ ਦੌਰਾਨ ਦੇਖਣ ਨੂੰ ਵੀ ਮਿਲੇ ਸਨ।

ਦੇਸ਼ ਦੇ ਹਾਕਮਾਂ ਵਲੋਂ ਸਮੇਂ-ਸਮੇਂ ਲੋਕਾਂ ਦੇ ਮੁਢਲੇ ਅਧਿਕਾਰਾਂ ਉਤੇ ਸ਼ਿਕੰਜਾ ਕੱਸੇ ਜਾਣ ਕਾਰਨ ਵਿਸ਼ਵ ਪੱਧਰ ਉਤੇ ਭਾਰਤ ਦੀ ਲੋਕਤੰਤਰਿਕ ਪ੍ਰਣਾਲੀ ਉਤੇ ਵੱਡੇ ਸਵਾਲ ਖੜੇ ਹੋਏ ਹਨ। ਦੇਸ਼ 'ਚ ਭੜਕਿਆ ਕਿਸਾਨ ਅੰਦੋਲਨ, ਸੀ.ਏ.ਏ. ਐਕਟ ਲਾਗੂ ਹੋਣ 'ਤੇ ਅੰਦੋਲਨ, ਬੁਲਡੋਜ਼ਰ ਰਾਜਨੀਤੀ ਨੇ ਦੇਸ਼ ਦੀ ਸ਼ਾਖ ਨੂੰ ਅੰਤਰਰਾਸ਼ਟਰੀ ਖੋਰਾ ਲਾਇਆ ਹੈ। ਉਹ ਦੇਸ਼ ਜਿਹੜਾ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ ਹੋਣ ਦਾ ਦਾਅਵਾ ਕਰਦਾ ਹੈ, ਉਥੇ ਭਾਰਤ ਦਾ ਰੂਲ ਆਫ ਲਾਅ (ਕਾਨੂੰਨ ਦਾ ਰਾਜ) 'ਚ 140 ਦੇਸ਼ਾਂ ਵਿਚੋਂ 77ਵਾਂ ਸਥਾਨ ਹੈ। ਵਰਲਡ ਜਸਟਿਸ ਪ੍ਰਾਜੈਕਟ-2022, ਵਲੋਂ ਦੁਨੀਆਂ ਭਰ ਦੇ ਰੂਲ ਆਫ ਲਾਅ ਸਬੰਧੀ 26 ਅਕਤੂਬਰ ਨੂੰ ਜਾਰੀ ਹੋਈ ਰਿਪੋਰਟ ਅਨੁਸਾਰ ਭਾਰਤ ਦਾ ਥਾਂ 140 ਦੇਸ਼ਾਂ ਵਿੱਚ ਮਨੁੱਖੀ ਅਧਿਕਾਰਾਂ ਮਾਮਲੇ 'ਚ 94, ਸਿਵਲ ਜਸਟਿਸ(ਨਾਗਰਿਕ ਨਿਆਂ) 'ਚ 111, ਕ੍ਰਿਮੀਨਲ ਜਸਟਿਸ (ਅਪਰਾਧਿਕ ਨਿਆਂ) 'ਚ 89 ਅਤੇ ਭ੍ਰਿਸ਼ਟਾਚਾਰ ਮੁਕਤੀ 'ਚ 93 ਹੈ।

ਇਥੇ ਹੀ ਬੱਸ ਨਹੀਂ ਇਹਨਾ ਸਾਲਾਂ 'ਚ ਧਰਮ ਅਤੇ ਜਾਤ ਅਧਾਰਤ ਰਾਜਨੀਤੀ ਨੇ ਦੇਸ਼ ਨੂੰ ਬੁਰੀ ਤਰ੍ਹਾਂ ਝੰਬਿਆ ਹੈ। ਹਿੰਦੂਤਵੀ ਅਜੰਡੇ ਨੂੰ ਦੇਸ਼ 'ਤੇ ਲਾਗੂ ਕਰਨਾ ਅਤੇ ਰਾਜਨੀਤਕ ਸਮੀਕਰਨ ਦੇ ਤੌਰ 'ਤੇ ਰਾਸ਼ਟਰਵਾਦ, ਹਿੰਦੂ ਗੌਰਵ ਅਤੇ ਰਾਸ਼ਟਰੀ ਜਜ਼ਬਾਤੀ ਵਿਚਾਰਾਂ ਨੂੰ ਵਰਤਣਾ ਘੱਟ ਗਿਣਤੀਆਂ, ਪੱਛੜੀਆਂ ਸ਼੍ਰੇਣੀਆਂ ਲਈ ਖਤਰੇ ਦੀ ਘੰਟੀ ਬਣਦਾ ਜਾ ਰਿਹਾ ਹੈ। ਕੀ ਭਾਰਤੀ ਸੰਵਿਧਾਨ ਦੇ ਨਿਰਮਾਤਾਵਾਂ 'ਤੇ ਆਜ਼ਾਦੀ ਘੁਲਾਟੀਆਂ ਨੇ ਇਹ ਚਿਤਵਿਆ ਸੀ?

ਦੇਸ਼ 'ਚ ਕਈ ਇਹੋ ਜਿਹੇ ਕਾਨੂੰਨ ਪਾਸ ਕੀਤੇ ਗਏ ਹਨ ਮੌਕੇ ਦੀ ਬਹੁ ਗਿਣਤੀ ਹਾਕਮ ਧਿਰ ਵਲੋਂ, ਜਿਹਨਾ ਨੇ ਘੱਟ ਗਿਣਤੀਆਂ ਲਈ ਖਤਰੇ ਸਹੇੜੇ ਹਨ। ਇਹ ਕਿਸੇ ਵੀ ਤਰ੍ਹਾਂ ਦੇਸ਼ ਦੇ ਹਿੱਤ ਵਿੱਚ ਨਹੀਂ ਹਨ, ਖ਼ਾਸ ਤੌਰ 'ਤੇ ਆਮ ਲੋਕਾਂ ਦੇ ਹਿੱਤ ਵਿੱਚ ਜੋ ਅੱਜ ਵੀ ਭੁੱਖਮਰੀ, ਬੇਰੁਜ਼ਗਾਰੀ ਨਾਲ ਨਪੀੜੇ ਜਾ ਰਹੇ ਹਨ।

ਕੀ ਦੇਸ਼ ਦੇ ਹਾਕਮ ਇਹ ਨਹੀਂ ਜਾਣਦੇ ਕਿ ਦੇਸ਼ ਭਾਰਤ ਭੁੱਖਮਰੀ ਦੇ ਮਾਮਲੇ 'ਚ ਦੁਨੀਆਂ ਭਰ ਦੇ 121 ਦੇਸ਼ਾਂ ਵਿੱਚ 107ਵੇਂ ਸਥਾਨ 'ਤੇ ਹੈ। ਯੂ.ਐਨ.ਓ. ਅਨੁਸਾਰ ਮਾਨਵ ਵਿਕਾਸ ਦੇ ਮਾਮਲੇ 'ਚ ਭਾਰਤ ਦਾ ਸਥਾਨ 189 ਦੇਸ਼ਾਂ ਵਿਚੋਂ 131ਵਾਂ ਹੈ। ਭਾਰਤ ਪ੍ਰੈਸ ਆਜ਼ਾਦੀ 'ਚ ਪਿਛਲੇ ਸਾਲ 142 ਰੈਂਕ 'ਤੇ ਸੀ ਇਸ ਵਰ੍ਹੇ 150ਵੇਂ ਰੈਂਕ 'ਤੇ ਆ ਗਿਆ। ਸਿਹਤ ਸਹੂਲਤਾਂ ਦੇ ਮਾਮਲੇ 'ਚ 121 ਦੇਸ਼ਾਂ 'ਚ ਇਸਦਾ ਸਥਾਨ 107 ਵਾਂ ਹੈ। ਇਸੇ ਤਰ੍ਹਾਂ ਸਿੱਖਿਆ ਸਹੂਲਤਾਂ 'ਚ ਇੱਕ ਸਰਵੇ ਅਨੁਸਾਰ 64 ਦੇਸ਼ਾਂ ਵਿੱਚ ਇਹ 59 ਵੇਂ ਥਾਂ ਹੈ।

ਮੋਦੀ ਦੌਰ 'ਚ ਜਿਥੇ ਲੋਕਤੰਤਰੀ ਕਦਰਾਂ ਕੀਮਤਾਂ ਦਾ ਘਾਣ ਹੋਇਆ ਹੈ, ਉਥੇ ਦੇਸ਼ ਦੇ ਅਰਥਚਾਰੇ ਨੂੰ ਵੱਡੀ ਸੱਟ ਵੱਜੀ ਹੈ ਅਤੇ ਦੇਸ਼ ਅਮੀਰਾਂ ਦੇ ਗਲਬੇ 'ਚ ਗਿਆ ਹੈ ਭਾਵ ਉਹਨਾ ਦੀ ਪਕੜ ਦੇਸ਼ ਦੇ ਮਜ਼ਬੂਤ ਹੋਈ ਹੈ।ਅਰਬਪਤੀਆਂ, ਖਰਬਪਤੀਆਂ ਦੀ ਗਿਣਤੀ 'ਚ ਕੋਵਿਡ ਤੋਂ ਬਾਅਦ ਵੱਡਾ ਵਾਧਾ ਹੋਇਆ ਹੈ, ਜਦਕਿ ਆਮ ਲੋਕ ਹੋਰ ਗਰੀਬ ਅਤੇ ਸਾਧਨ ਹੀਣ ਹੋਏ ਹਨ।

1947 ਤੋਂ ਹੁਣ ਤੱਕ ਦੇਸ਼ 17 ਰਾਸ਼ਟਰੀ ਪੱਧਰ ਦੀਆਂ ਅਤੇ 389 ਸੂਬਿਆਂ 'ਚ ਚੋਣਾਂ ਹੰਢਾ ਚੁੱਕਾ ਹੈ। ਕਿਹਾ ਜਾਂਦਾ ਹੈ ਕਿ ਚੋਣਾਂ ਹਨ ਤਾਂ ਲੋਕਤੰਤਰ ਹੈ। ਪਰ ਜਿਸ ਢੰਗ ਨਾਲ ਚੋਣਾਂ ਜਿੱਤਣ ਲਈ ਹਰਬੇ ਵਰਤੇ ਜਾ ਰਹੇ ਹਨ, ਉਹ ਲੋਕਤੰਤਰੀ ਕਦਰਾਂ-ਕੀਮਤਾਂ ਉਤੇ ਵੱਡੇ ਪ੍ਰਸ਼ਨ ਚਿੰਨ੍ਹ ਹਨ।

ਦੇਸ਼ 'ਚ ਸੂਬਿਆਂ ਦੇ ਅਧਿਕਾਰ ਸੀਮਤ ਕਰਨਾ ਜਾਂ ਖੋਹੇ ਜਾਣਾ ਕਿਧਰ ਦਾ ਲੋਕਤੰਤਰ ਹੈ? ਦੇਸ਼ ਦੀਆਂ ਸਥਾਨਕ ਸਰਕਾਰ, ਪੰਚਾਇਤਾਂ ਆਦਿ ਨੂੰ ਸਿਰਫ਼ ਸਰਕਾਰੀ ਮਹਿਕਮੇ ਬਣਾ ਦੇਣਾ ਕਿਧਰ ਦਾ ਲੋਕਤੰਤਰ ਹੈ? ਦੇਸ਼ 'ਚ ਲੋਕਾਂ ਦੀ ਆਮਦਨ ਦਾ ਘਟਣਾ, ਗਰੀਬ, ਅਮੀਰ ਦਾ ਪਾੜਾ ਹੋਰ ਤਿੱਖਾ ਹੋਣਾ, ਜਮਾਤੀ ਧਾਰਮਿਕ ਲੜਾਈਆਂ ਦਾ ਵਧਣਾ ਅਤੇ ਇਸ ਤੋਂ ਵੀ ਵੱਧ ਸਿਆਸੀ ਵਿਰੋਧੀਆਂ ਅਤੇ ਸਮਾਜਿਕ ਕਾਰਕੁੰਨਾਂ ਨੂੰ ਪੀੜਤ ਕਰਨਾ ਕਿਸ ਕਿਸਮ ਦਾ ਲੋਕਤੰਤਰ ਹੈ?

# ਆਜ਼ਾਦੀ ਦੇ ਨਾਮ 'ਤੇ ਖੋਹੀ ਜਾ ਰਹੀ ਆਜ਼ਾਦੀ ਤੇ ਇਸ ਦੇ ਦੂਰ ਰਸੀ ਨਤੀਜੇ




ਪਿਛਲੇ ਦਿਨੀਂ ਕੈਲਗਰੀ ਦੇ ਪੂਰਬ ਵੱਲ ਸਥਿਤ ਲੈਥਬਰਿਜ ਦੀ ਯੂਨਿਵਰਸਿਟੀ ਵਿੱਚ ਲੈਕਚਰ ਦੇਣ ਵਾਸਤੇ ਵਿਸ਼ੇਸ਼ ਤੌਰ 'ਤੇ ਪਹੁੰਚ ਰਹੀ ਇਕ ਸਾਬਕਾ ਪ੍ਰੋਫੈਸਰ ਫ੍ਰਾਂਸਿਜ਼ ਵਿਡੋਸਨ ਨੂੰ ਭਾਰੀ ਦਬਾਅ ਹੇਠ ਲੈਕਚਰ ਦੇਣ ਤੋਂ ਮਨ੍ਹਾ ਕਰ ਦਿੱਤਾ ਗਿਆ ਹੈ। ਪ੍ਰੋ ਵਿਡੋਸਨ ਨੂੰ ਸਾਲ 2021 ਵਿੱਚ ਕੈਲਗਰੀ ਦੀ ਮਾਊਂਟ ਰੌਇਲ ਯੂਨਿਵਰਸਿਟੀ ਤੋਂ ਫਾਰਗ਼ ਕਰ ਦਿੱਤਾ ਗਿਆ ਸੀ। ਉਸ ਦਾ ਯੂਨਿਵਰਸਿਟੀ ਵਿੱਚ ਉਸ ਵੇਲੇ ਵੀ ਭਾਰੀ ਵਿਰੋਧ ਕੀਤਾ ਗਿਆ ਸੀ ਜਿਸ ਕਰੇ ਉਸ ਦੀ ਸੇਵਾ ਖ਼ਤਮ ਕਰ ਦਿੱਤੀ ਗਈ ਸੀ।

ਲੋਕਤੰਤਰ ਵਿੱਚ ਹਰ ਇਕ ਨੂੰ ਬੋਲਣ ਦੀ ਆਜ਼ਾਦੀ ਹੁੰਦੀ ਹੈ ਤੇ ਉਹ ਆਪਣੇ ਵਿਚਾਰ ਪ੍ਰਗਟ ਕਰ ਸਕਦਾ ਹੈ ਤੇ ਇਹ ਜ਼ਰੂਰੀ ਨਹੀਂ ਕਿ ਕੋਈ ਉਸ ਦੇ ਵਾਚਰਾਂ ਨਾਲ ਸਹਿਮਤੀ ਰੱਖੇ ਜਾਂ ਉਹ ਦੂਜਿਆਂ ਦੇ ਵਿਚਾਰਾਂ ਨਾਲ ਸਹਿਮਤ ਹੋਵੇ। ਵਿਚਾਰਾਂ ਦੇ ਵਖ਼ਰੇਵੇਂ ਹੀ ਠੋਸ, ਨਿੱਗਰ ਅਤੇ ਸਾਰਥਕ ਬਹਿਸ ਨੂੰ ਜਨਮ ਦਿੰਦੇ ਹਨ ਜਿਸ ਤੋਂ ਬਹੁਤੀ ਵਾਰ ਚੰਗੇਰੇ ਨਤੀਜੇ ਨਿੱਕਲਦੇ ਹਨ।

ਪ੍ਰੋ ਵਿਡੋਸਨ ਪੁਲਿਟਿਕਲ ਸਾਇੰਸ ਦੀ ਪ੍ਰੋਫੈਸਰ ਰਹੀ ਹੈ ਤੇ ਉਸ ਨੇ ਦੇਸ਼ ਦੀਆਂ ਕਈ ਯੂਨਿਵਰਸਿਟੀਆਂ ਵਿੱਚ ਪੜ੍ਹਾਇਆ ਹੈ ਤੇ ਉਹ ਇਕ ਸੂਬਾਈ ਸਰਕਾਰ ਦੀ ਸਲਾਹਕਾਰ ਵੀ ਰਹਿ ਚੁੱਕੀ ਹੈ। ਕੈਨੇਡਾ ਦੇਮੂਲ ਨਿਵਾਸੀਆਂ ਪ੍ਰਤੀ ਵਾਤਾਵਰਣ ਨੀਤੀਆਂ ਦੀ ਉਹ ਰਾਜਨੀਤਕ ਆਰਥਿਕਤਾ ਦੇ ਪਿਛੋਕੜ ਵਿੱਚ ਅਧਿਐਨ ਕਰਦੀ ਹੈ।

ਪ੍ਰੋ ਵਿਡੋਸਨ ਨੂੰ ਲੱਗਦਾ ਹੈ ਕਿ ਵਿਚਾਰਾਂ ਦੇ ਵਖਰੇਵਿਆਂ ਵਾਸਤੇ ਕੈਨੇਡਾ ਵਿੱਚ ਕੋਈ ਥਾਂ ਹੀ ਨਹੀਂ ਬਚੀ ਹੈ। ਰਾਜਨੀਤਕ ਉਚਿਤਤਾ (ਪੁਲਿਟਿਕਲ ਕੁਰੈਕਟਨੈੱਸ) ਹਾਵੀ ਹੋਣ ਲੱਗ ਪਈ ਹੈ ਤੇ ਉਸ ਦੇ ਮੁਤਾਬਕ ਇਸ ਦੇ ਮਾੜੇ ਨਤੀਜੇ ਨਿਕੱਲਣਗੇ। ਰਾਜਨੀਤਕ ਉਚਿਤਤਾ ਦਾ ਭਾਵ ਹੈ ਕਿ ਬਹੁਤੇ ਲੋਕਾਂ ਨੂੰ ਜੋ ਪਸੰਦ ਹੋਵੇ (ਭਾਵੇਂ ਉਹ ਗ਼ਲਤ ਹੀ ਹੋਵੇ), ਉਸੇ ਦੀ ਹਾਮੀ ਭਰਦੇ ਰਹੋ।

ਅਮੈਰਿਕਾ ਵਿੱਚ ਕਾਲੇ ਮੂਲ ਦੇ ਇਕ ਵਿਅਕਤੀ ਜੌਰਜ ਫੌਇਡ ਨੂੰ ਇਕ ਗੋਰੇ ਪੁਲਿਸ ਅਧਿਕਾਰੀ ਵੱਲੋਂ ਜਾਨੋਂ ਮਾਰ ਦੇਣ ਮਗਰੋਂ ਦੁਨੀਆ ਭਰ ਵਿੱਚ ਰੋਸ ਮੁਜ਼ਾਹਰੇ ਹੋਏ ਸਨ ਤੇ ਰੰਗ-ਭੇਦ ਦੇ ਨਾਲ ਨਾਲ ਨਸਲਵਾਦ ਦੇ ਖਿਲਾਫ਼ ਲੋਕ ਰੋਹ ਜਾਗਰਿਤ ਹੋਇਆ ਸੀ। ਉਸ ਸਮੇਂ ਦੁਨੀਆ ਦੇ ਹਰੇਕ ਦੇਸ਼ ਨੇ ਐਂਟਾਇ-ਰੇਸਿਜ਼ਮ (ਨਸਲਵਾਦ ਵਿਰੋਧੀ) ਨੀਤੀਆਂ ਬਣਾਉਣ ਲਈ ਕੰਮ ਕਰਨਾ ਸ਼ੁਰੂ ਕੀਤਾ ਸੀ। ਹਰੇਕ ਵਿਭਾਗ ਅਤੇ ਸਰਕਾਰਾਂ ਵੱਲੋਂ ਇਸ ਸੰਬੰਧੀ ਨੀਤੀਆਂ ਦਾ ਐਲਾਨ ਕੀਤਾ ਗਿਆ ਸੀ।

ਇਹਨਾਂ ਸਤਰਾਂ ਦੇ ਲੇਖਕ ਨੂੰ ਵੀ ਕੈਲਗਰੀ ਦੀ ਅਤੇ ਕੈਲਗਰੀ ਪੁਲਿਸ ਦੀ ਨਸਲ ਵਿਰੋਧੀ ਕਮੇਟੀ ਦਾ ਮੈਂਬਰ ਬਣਨ ਦਾ ਮੌਕਾ ਮਿਲਿਆ।

ਜਦੋਂ ਅਮੈਰਿਕਾ ਦੀ ਘਟਨਾ ਮਗਰੋਂ ਦੁੰਅ ਭਰ ਵਿੱਚ ਰੋਸ ਮੁਜ਼ਾਹਰੇ ਸ਼ੁਰੂ ਹੋਏ ਤਾਂ ਪ੍ਰੋ ਵਿਡੋਸਨ ਨੇ ਉਸ ਸਮੇਂ ਮੂਲ ਨਿਵਾਸੀਆਂ ਨੂੰ ਲੈ ਕੇ ਟਿੱਪਣੀਆਂ ਕੀਤੀਆਂ ਸਨ। ਫੈਡਰਲ ਸਰਕਾਰ ਵੱਲੋਂ ਬਣਾਏ ਗਏ 'ਟਰੁਥ ਐਂਡ ਰਿਕੌਂਸਿਲਿਏਸ਼ਨ ਕਮਿਸ਼ਨ' ਵੱਲੋਂ ਕੱਢੇ ਗਏ ਨਿਚੋੜ ਦਾ ਵਿਰੋਧ ਕਰਦਿਆਂ ਪ੍ਰੋ ਵਿਡੋਸਨ ਨੇ ਕਿਹਾ ਸੀ ਪਿਛਲੀਆਂ ਫੈਡਰਲ ਸਰਕਾਰਾਂ ਵੱਲੋਂ ਮੂਲ ਨਿਵਾਸੀ ਬੱਚਿਆਂ ਵਾਸਤੇ ਖੋਲ੍ਹੇ ਗਏ ਰੈਜ਼ਿਡੈਂਸ਼ੀਅਲ ਸਕੂਲਾਂ ਦਾ ਮਕਸਦ ਉਹਨਾਂ ਦੀ ਨਸਲਕੁਸ਼ੀ ਕਰਨਾ ਨਹੀਂ ਸੀ। ਜੇ ਅਜਿਹਾ ਉਹਨਾਂ ਸਕੂਲਾਂ ਵਿੱਚ ਹੋਇਆ ਤਾਂ ਉਸ ਦੇ ਪਿਛੇ ਨੀਤੀਆਂ ਨਹੀਂ ਸਨ ਸਗੋਂ ਕੁਝ ਲੋਕਾਂ ਦਾ ਨਿਜੀ ਵਿਹਾਰ ਸੀ ਜਿਸ ਨੂੰ ਨਹੀਂ ਰੋਕਿਆ ਗਿਆ। ਇਹ ਸਕੂਲ ਤਾਂ ਖੋਲ੍ਹੇ ਗਏ ਸਨ ਕਿ ਉਹਨਾਂ ਵਿੱਚ ਰਹਿ ਕੇ ਮੂਲ ਨਿਵਾਸੀ ਬੱਚਿਆਂ ਨੂੰ ਤਹਿਜ਼ੀਬ-ਯਾਫ਼ਤਾ ਕੀਤਾ ਜਾ ਸਕੇ। ਸਕੂਲਾਂ ਨੂੰ ਖੋਲ੍ਹੇ ਜਾਣ ਪਿਛੇ ਭਾਵਨਾ ਬੁਰੀ ਨਹੀਂ ਸੀ।

ਇਸੇ ਤਰ੍ਹਾਂ ਉਹਨਾਂ ਕਿਹਾ ਕਿ ਕਾਲੇ ਮੂਲ ਦੇ ਲੋਕਾਂ ਵੱਲੋਂ ਵਿੱਢਿਆ ਗਿਆ ਮੋਰਚਾ ਸਹੀ ਨਹੀਂ ਸੀ ਤੇ ਇਸ ਨਾਲ ਯੂਨਿਵਰਸਿਟੀਆਂ ਦਾ ਪੜ੍ਹਾਈ ਵਾਲਾ ਮਾਹੌਲ ਖ਼ਰਾਬ ਹੋਇਆ ਤੇ ਇਸ ਅੰਦੋਲਨ ਨੂੰ ਹਵਾ ਨਹੀਂ ਸੀ ਦੇਣੀ ਚਾਹੀਦੀ।

ਇਸ ਮਗਰੋਂ ਹਜ਼ਾਰਾਂ ਵਿਦਿਆਰਥੀਆਂ ਤੇ ਅਧਿਆਪਕਾਂ ਨੇ ਹਸਤਾਖਰੀ ਮੁਹਿੰਮ ਚਲਾ ਕੇ ਪ੍ਰੋ ਵਿਡੋਸਨ ਨੂੰ ਨੌਕਰੀਓਂ ਬਰਖਾਸਤ ਕਰਵਾ ਦਿੱਤਾ।

ਹੁਣ ਪਹਿਲੀ ਫਰਬਰੀ ਵਾਲੇ ਦਿਨ ਉਹਨਾਂ ਦਾ ਇਕ ਲੈਕਚਰ ਯੂਨਿਵਰਸਿਟੀ ਔਫ਼ ਲੈਥਬਰਿਜ ਵਿੱਚ ਰਖਿਆ ਗਿਆ ਸੀ ਜਿਸ ਨੂੰ ਵੱਡੀ ਗਿਣਤੀ ਵਿੱਚ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਵਿਰੋਧ ਕਰਕੇ ਰੱਦ ਕਰਵਾ ਦਿੱਤਾ। ਯੂਨਿਵਰਸਿਟੀ ਪ੍ਰਸ਼ਾਸਨ ਦਾ ਪਹਿਲਾਂ ਕਹਿਣਾ ਸੀ ਕਿ ਬੋਲਣ ਦੀ ਅਜ਼ਾਦੀ ਵਾਲੇ ਇਸ ਮੁਲਕ ਵਿੱਚ ਕਿਸੇ ਨੂੰ ਆਪਣੇ ਵਿਚਾਰਾਂ ਦੇ ਪ੍ਰਗਟਾਵੇ ਦਾ ਅਧਿਕਾਰ ਹੈ ਤੇ ਹਰੇਕ ਨੂੰ ਅਧਿਕਾਰ ਹੈ ਕਿ ਉਹ ਉਸ ਨੂੰ ਮੰਨੇ ਜਾਂ ਨਾ।

**ਹਜ਼ਾਰਾਂ ਵਿਦਿਆਰਥੀਆਂ ਤੇ ਅਧਿਆਪਕਾਂ ਨੇ ਹਸਤਾਖਰੀ ਮੁਹਿੰਮ ਚਲਾ ਕੇ ਪ੍ਰੋ ਵਿਡੋਸਨ ਨੂੰ ਨੌਕਰੀਓਂ ਬਰਖਾਸਤ ਕਰਵਾ ਦਿੱਤਾ।ਹੁਣ ਪਹਿਲੀ ਫਰਵਰੀ ਵਾਲੇ ਦਿਨ ਉਹਨਾਂ ਦਾ ਇਕ ਲੈਕਚਰ ਯੁਨਿਵਰਸਿਟੀ ਔਫ਼ ਲੈਥਬਰਿਜ ਵਿੱਚ ਰਖਿਆ ਗਿਆ ਸੀ ਜਿਸ ਨੂੰ ਵੱਡੀ ਗਿਣਤੀ ਵਿੱਚ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਵਿਰੋਧ ਕਰਕੇ ਰੱਦ ਕਰਵਾ ਦਿੱਤਾ। ਯੁਨਿਵਰਸਿਟੀ ਪ੍ਰਸ਼ਾਸਨ ਦਾ ਪਹਿਲਾਂ ਕਹਿਣਾ ਸੀ ਕਿ ਬੋਲਣ ਦੀ ਅਜ਼ਾਦੀ ਵਾਲੇ ਇਸ ਮੁਲਕ ਵਿੱਚ ਕਿਸੇ ਨੂੰ ਆਪਣੇ ਵਿਚਾਰਾਂ ਦੇ ਪ੍ਰਗਟਾਵੇ ਦਾ ਅਧਿਕਾਰ ਹੈ ਤੇ ਹਰੇਕ ਨੂੰ ਅਧਿਕਾਰ ਹੈ ਕਿ ਉਹ ਉਸ ਨੂੰ ਮੰਨੇ ਜਾਂ ਨਾ।**



Photo: Prof Frances Widowson (Photo Courtesy: Postmedia File)

ਸਿੱਖ ਫਲਸਫੇ ਵਿੱਚ ਤਾਂ ਗੁਰੂ ਨਾਨਕ ਦੇਵ ਜੀ ਦਾ ਫੁਰਮਾਨ 'ਜਬ ਲਗ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ' ਬਹੁਤ ਮਹੱਤਵਪੂਰਨ ਹੈ। ਗੁਰੂ ਜੀ ਨੇ ਆਪ ਹਜ਼ਾਰਾਂ ਮੀਲਾਂ ਦੀ ਯਾਤਰਾ ਕਰਕੇ ਵੱਖ ਵੱਖ ਧਰਮਾਂ ਦੇ ਲੋਕਾਂ ਨਾਲ ਸੰਵਾਦ ਰਚਾਇਆ, ਕਿਤੇ ਕੋਈ ਲੜਾਈ ਨਹੀਂ ਹੋਈ। ਕੈਨੇਡਾ ਵਿੱਚ ਵੀ ਚਾਰਟਰ ਔਫ਼ ਫ੍ਰੀਡਮ ਐਂਡ ਰਾਇਟਸ ਦਾ ਬੋਲਬਾਲਾ ਹੈ। ਇਹ ਵੀ ਕੀ ਗੱਲ ਹੋਈ ਭਲਾ ਕਿ ਜੇ ਤੁਹਾਨੂੰ ਕਿਸੇ ਦੇ ਵਿਚਾਰ ਪਸੰਦ ਨਹੀਂ ਤਾਂ ਉਸ ਨੂੰ ਬੋਲਣ ਹੀ ਨਾ ਦਿਉ? ਉਸ ਦਾ ਨੁਕਤਾ-ਏ-ਨਜ਼ਰੀਆ ਵੇਖ-ਸੁਣ ਤਾਂ ਲਉ ਕਿ ਉਹ ਕਹਿਣਾ ਕੀ ਚਾਹੁੰਦਾ/ਚਾਹੁੰਦੀ ਹੈ। ਉਸ ਨੂੰ ਮੰਨਣਾ ਜਾ ਨਾ ਮੰਨਣਾ ਬਾਦ ਦੀ ਗੱਲ ਹੈ। ਕਿਸੇ ਦੀ ਗੱਲ ਸੁਣੇ ਬਿਨਾ ਹੀ ਉਸ ਨੂੰ ਰੱਦ ਕਰ ਦੇਣਾ ਕਿਥੋਂ ਦੀ ਸਿਆਣਪ ਹੈ? ਪ੍ਰੋ ਵਿਡੋਸਨ ਦੇ ਵਿਚਾਰਾਂ ਨਾਲ ਬਹੁਤੇ ਲੋਕ ਸਹਿਮਤ ਨਹੀਂ ਤੇ ਉਹਨਾਂ ਦਾ ਅਧਿਕਾਰ ਹੈ। ਇਸੇ ਤਰ੍ਹਾਂ ਪ੍ਰੋ ਵਿਡੋਸਨ ਵੀ ਬਹੁਤੇ ਲੋਕਾਂ ਨਾਲ ਸਹਿਮਤ ਨਹੀਂ, ਤਾਂ ਇਹ ਉਹਨਾਂ ਦਾ ਅਧਿਕਾਰ ਹੈ। ਅਸੀਂ ਆਪਣਾ ਅਧਿਕਾਰ ਲੈਣ ਵਾਸਤੇ ਤਾਂ ਪੱਬਾਂ ਭਾਰ ਹਾਂ ਪਰ ਦੂਜੇ ਨੂੰ ਉਸ ਦਾ ਬਣਦਾ ਅਧਿਕਾਰ ਦੇਣ ਲਈ ਤਿਆਰ ਨਹੀਂ। ਇੱਥੇ ਹੀ ਗੜਬੜ ਹੈ। ਜੇ ਦੇਸ਼ ਵਿੱਚ ਬੋਲਣ ਦੀ ਆਜ਼ਾਦੀ ਹੈ ਤਾਂ ਉਹ ਸਾਰਿਆਂ ਵਾਸਤੇ ਹੈ, ਉਹਨਾਂ ਵਿੱਚ ਪ੍ਰੋ ਵਿਡੋਸਨ ਵੀ ਸ਼ਮਿਲ ਹੈ। ਫਿਰ ਉਸ ਦਾ ਭਾਸ਼ਣ, ਸੁਣਨ ਤੋਂ ਪਹਿਲਾਂ ਹੀ ਰੱਦ ਕਰਵਾ ਕੇ ਕੀ ਖੱਟਿਆ ਗਿਆ ਹੈ।

ਆਜ਼ਾਦ ਮੁਲਕ ਵਿੱਚ ਆਜ਼ਾਦੀ ਖੋਹਣਾ ਸਹੀ ਨਹੀਂ ਤੇ ਜੇ ਭੀੜਤੰਤਰ, ਲੋਕਤੰਤਰ ਉੱਪਰ ਕਾਬਜ਼ ਹੋਣ ਲੱਗ ਪਿਆ ਤਾਂ ਇਸ ਦੇ ਨਤੀਜੇ ਕੋਈ ਬਹੁਤ ਚੰਗੇ ਨਹੀਂ ਹੋਣਗੇ!

**ਪੰਜਾਬੀ ਅਖ਼ਬਾਰ ਵਿੱਚ ਖ਼ਬਰਾਂ,ਇਸਤਿਹਾਰ, ਬਿਜਨਿਸ ਦੀ ਐਡਵਰਟਾਈਜ਼ਮੈਂਟ, ਵਿਆਹ ਸਬੰਧੀ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰ ਸਕਦੇ ਹੋ।**



Edmonton
Sukhdev Singh Dhanoa
780 700 5022,
780 599 2000
Email:
sukhdevdhanoa@gmail.com



Edmonton
Parminder Singh Balluana
780-258-5800
780 599 2000
Email:
balluana.parminder@gmail.com



Regina
Gurbinder Singh Gagowal
306 520 4313,
639 999 1000
Email:
gur.gago@gmail.com



Saskatoon
Rishi Joshi
639 742 1200
639 999 1000
Rishijoshi1990 @hotmail.com



Winnipeg
Amritpal Singh Kang
204 218 3852
431 733 3000
just4kang@gmail.com

ਮੁੱਖ ਦਫਤਰ ਕੈਲਗਰੀ 208 #10 -4774 Westwinds Drive NE Calgary (AB) T3J 0L7 Canada: 1 403 640 2000, editor@punjabiakhbaar.ca

# 'ਆਪ' ਐਮਐਲਏ ਦੇ ਵਿਆਹ 'ਚ ਸੁਖਬੀਰ 'ਤੇ ਪਈਆਂ ਬੋਲੀਆਂ

ਫਾਜ਼ਿਲਕਾ,(ਪੰਜਾਬੀ ਅਖਬਾਰ ਬਿਊਰੋ). : ਪੰਜਾਬ ਵਿਚ ਕੁਝ ਦਿਨਾਂ ਤੋਂ ਫਾਜ਼ਿਲਕਾ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਨਰਿੰਦਰਪਾਲ ਸਿੰਘ ਸਵਾਨਾ ਦਾ ਵਿਆਹ ਸਮਾਰੋਹ ਚਲ ਰਿਹਾ ਸੀ। ਇਸ ਸਮਾਰੋਹ ਦੀ ਇੱਕ ਵੀਡੀਓ ਵਾਇਰਲ ਹੋਈ ਹੈ। ਜਿਸ ਵਿਚ ਲੋਕ ਨੱਚ ਟੱਪ ਰਹੇ ਹਨ। ਇਸ ਦੌਰਾਨ ਬੋਲੀਆਂ ਪਾਈਆਂ ਗਈਆਂ ਜਿਸ ਵਿਚ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਦਾ ਜ਼ਿਕਰ ਹੈ। ਵਿਧਾਇਕ ਸਵਾਨਾ ਦਾ ਵਿਅਹ ਸਮਾਰੋਹ ਚਲ ਰਿਹਾ ਸੀ। ਜਿਸ ਵਿਚ ਮੰਤਰੀ ਚੇਤਨ ਸਿੰਘ ਜੌੜੇਮਾਜਰਾ, ਗੁਰਮੀਤ ਸਿੰਘ ਹੇਅਰ, ਹਰਜੋਤ ਬੈਂਸ, ਜਗਦੀਪ ਗੋਲਡੀ ਕੰਬੋਜ ਵੀ ਪੁੱਜੇ। ਵਿਆਹ ਸਮਾਰੋਹ ਵਿਚ ਉਨ੍ਹਾਂ ਦੇ ਕਰੀਬੀ ਅਤੇ ਕੁਝ ਆਪ ਸਿਆਸਤ ਦੇ ਚਿਹਰੇ ਨਵ ਵਿਆਹੁਤੇ ਜੋੜੇ ਦੇ ਨਾਲ ਨੱਚ ਗਾ ਰਹੇ ਸੀ।



ਇਸ ਦੌਰਾਨ ਬੋਲੀਆਂ ਪੈ ਰਹੀ ਸੀ ਜਿਸ ਦੇ ਬੋਲ ਸਨ। ਬਾਰੀ ਬਰਸੀ ਖਟਣ ਗਿਆ ਸੀ... ਖਟ ਕੇ ਲਿਆਂਦੀ ਖੀਰ.. ਕਿੱਥੇ ਗਿਆ ਗੋਲਡੀ ਜਿਸ ਨੇ ਹਰਾਤਾ ਸੁਖਬੀਰ। ਇਹ ਬੋਲੀ ਪੈਂਦੇ ਹੀ ਸਾਰੇ ਹੱਸਣ ਲੱਗਦੇ ਹਨ ਅਤੇ ਨੱਚਣ ਲੱਗ ਜਾਂਦੇ ਹਨ।ਦੱਸਦੇ ਚਲੀਏ ਕਿ ਵਿਧਾਨ ਸਭਾ ਚੋਣਾਂ ਵਿਚ ਜਲਾਲਾਬਾਦ ਸੀਟ ਤੋਂ ਆਮ ਆਦਮ ਪਾਰਟੀ ਦੇ ਜਗਦੀਪ ਗੋਲਡੀ ਨੇ ਸੁਖਬੀਰ ਬਾਦਲ ਨੂੰ 30 ਹਜ਼ਾਰ ਤੋਂ ਜ਼ਿਆਦਾ ਵੋਟਾਂ ਨਾਲ ਹਰਾਇਆ ਸੀ।

# ਜਬਰ ਜਨਾਹ ਮਾਮਲੇ 'ਚ ਸਾਬਕਾ ਵਿਧਾਇਕ ਸਿਮਰਜੀਤ ਸਿੰਘ ਬੈਂਸ ਨੂੰ ਮਿਲੀ ਜ਼ਮਾਨਤ



ਚੰਡੀਗੜ੍ਹ,(ਪੰਜਾਬੀ ਅਖਬਾਰ ਬਿਊਰੋ): ਜਬਰ ਜਨਾਹ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਸਾਬਕਾ ਵਿਧਾਇਕ ਸਿਮਰਜੀਤ ਬੈਂਸ ਨੂੰ ਹਾਈ ਕੋਰਟ ਨੇ ਬੁੱਧਵਾਰ ਨੂੰ ਵੱਡੀ ਰਾਹਤ ਦਿੰਦੇ ਹੋਏ ਉਨ੍ਹਾਂ ਨੂੰ ਇਸ ਮਾਮਲੇ 'ਚ ਰੈਗੂਲਰ ਜ਼ਮਾਨਤ ਦੇ ਦਿੱਤੀ ਹੈ। ਜਸਟਿਸ ਅਨੂਪ ਚਿਤਕਾਰਾ ਨੇ ਬੈਂਸ ਨੂੰ ਰੈਗੂਲਰ ਜ਼ਮਾਨਤ ਦਿੰਦੇ ਹੋਏ ਉਨ੍ਹਾਂ ਨੂੰ ਇਸ ਕੇਸ ਦੇ ਗਵਾਹਾਂ ਤੇ ਪੀੜਤਾਂ ਤੋਂ ਦੂਰ ਰਹਿਣ ਤੇ ਉਨ੍ਹਾਂ ਨੂੰ ਫੋਨ, ਮੈਸੇਜ ਜਾਂ ਕਿਸੇ ਵੀ ਹੋਰ ਸਾਧਨ ਨਾਲ ਸੰਪਰਕ ਨਾ ਕਰਨ ਦੀ ਚਿਤਾਵਨੀ ਦੇ ਦਿੱਤੀ ਹੈ। ਜ਼ਿਕਰਯੋਗ ਹੈ ਕਿ ਇਕ ਮਹਿਲਾ ਦੀ ਸ਼ਿਕਾਇਤ 'ਤੇ ਲੁਧਿਆਣਾ ਦੀ ਜ਼ਿਲ੍ਹਾ ਅਦਾਲਤ ਨੇ 10 ਜੁਲਾਈ ਨੂੰ ਸਿਮਰਜੀਤ ਸਿੰਘ ਬੈਂਸ ਖ਼ਿਲਾਫ਼ ਐਫਆਈਆਰ ਦਰਜ ਕੀਤੇ ਜਾਣ ਦੇ ਹੁਕਮ ਦਿੱਤੇ ਸਨ। ਇਸ ਮਾਮਲੇ ਦੇ ਟ੍ਰਾਇਲ 'ਚ ਸ਼ਾਮਿਲ ਨਾ ਹੋਣ 'ਤੇ ਅਦਾਲਤ ਨੇ ਉਨ੍ਹਾਂ ਨੂੰ ਭਗੌੜਾ ਕਰਾਰ ਦੇ ਦਿੱਤਾ ਸੀ। ਆਖ਼ਰਕਾਰ ਬੈਂਸ ਨੇ 11 ਜੁਲਾਈ ਨੂੰ ਅਦਾਲਤ 'ਚ ਸਮਰਪਨ ਕਰ ਦਿੱਤਾ ਸੀ। ਇਸ ਮਾਮਲੇ 'ਚ ਸਿਮਰਜੀਤ ਬੈਂਸ ਨੇ ਪਹਿਲਾਂ ਲੁਧਿਆਣਾ ਦੀ ਅਦਾਲਤ 'ਚ ਰੈਗੂਲਰ ਜ਼ਮਾਨਤ ਦਿੱਤੇ ਜਾਣ ਦੀ ਮੰਗ ਕੀਤੀ ਸੀ ਜਿਹੜੀ 9 ਸਤੰਬਰ ਨੂੰ ਖਾਰਜ ਹੋ ਗਈ ਸੀ। ਲਿਹਾਜ਼ਾ ਹੁਣ ਬੈਂਸ ਨੇ ਇਸ ਮਾਮਲੇ 'ਚ ਹਾਈ ਕੋਰਟ 'ਚ ਪਟੀਸ਼ਨ ਦਾਖ਼ਲ ਕਰ ਕੇ ਰੈਗੂਲਰ ਜ਼ਮਾਨਤ ਦਿੱਤੇ ਜਾਣ ਦੀ ਮੰਗ ਕੀਤੀ ਸੀ। ਜਸਟਿਸ ਅਨੂਪ ਚਿਤਕਾਰਾ ਨੇ ਬੁੱਧਵਾਰ ਨੂੰ ਉਨ੍ਹਾਂ ਦੀ ਇਸ ਜ਼ਮਾਨਤ ਪਟੀਸ਼ਨ ਨੂੰ ਮਨਜ਼ੂਰ ਕਰਦੇ ਹੋਏ ਸ਼ਰਤਾਂ ਸਹਿਤ ਜ਼ਮਾਨਤ ਦੇ ਦਿੱਤੀ ਹੈ।

# ਕੰਵਰ ਵਿਜੇ ਪ੍ਰਤਾਪ ਸਿੰਘ ਦੇ ਅਸਤੀਫ਼ੇ ਨੇ 'ਆਪ' ਸਰਕਾਰ ਦਾ ਪੰਜਾਬ ਵਿਰੋਧੀ ਚਿਹਰਾ ਨੰਗਾ ਕੀਤਾ : ਅਸ਼ਵਨੀ ਸ਼ਰਮਾ

ਚੰਡੀਗੜ ,(ਪੰਜਾਬੀ ਅਖਬਾਰ ਬਿਊਰੋ)) : ਪੰਜਾਬ ਭਾਜਪਾ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਕਿਹਾ ਕਿ ਕੰਵਰ ਵਿਜੇ ਪ੍ਰਤਾਪ ਸਿੰਘ ਦੇ ਬੇਅਦਬੀ ਮਾਮਲੇ ਦੀ ਜਾਂਚ ਕਮੇਟੀ ਤੋਂ ਅਸਤੀਫਾ ਦੇਣ ਨਾਲ ਆਮ ਆਦਮੀ ਪਾਰਟੀ ਦਾ ਪੰਜਾਬ ਅਤੇ ਪੰਜਾਬ ਵਿਰੋਧੀ ਅਸਲੀ ਚਿਹਰਾ ਇੱਕ ਵਾਰ ਫਿਰ ਸਬ ਦੇ ਸਾਹਮਣੇ ਆ ਗਿਆ ਹੈ। ਕੰਵਰ ਵਿਜੇ ਪ੍ਰਤਾਪ ਸਿੰਘ ਬੇਅਦਬੀ ਵਰਗੇ ਸੰਵੇਦਨਸ਼ੀਲ ਮਾਮਲੇ ਨੂੰ ਹੱਲ ਕਰਨ ਲਈ ਕੰਮ ਕਰ ਰਹੇ ਸਨ। ਅਸ਼ਵਨੀ ਸ਼ਰਮਾ ਨੇ ਜਾਰੀ ਆਪਣੇ ਪ੍ਰੈਸ ਬਿਆਨ ਵਿੱਚ ਕਿਹਾ ਕਿ ਸੂਬੇ ਦੇ ਇਤਿਹਾਸ ਵਿੱਚ ਇਹ ਬਹੁਤ ਹੀ ਦੁਖਦਾਈ ਗੱਲ ਹੈ ਕਿਉਂਕਿ ਆਮ ਆਦਮੀ ਪਾਰਟੀ ਬੇਅਦਬੀ ਦੇ ਜਜ਼ਬਾਤੀ 'ਤੇ ਸੰਵੇਦਨਸ਼ੀਲ ਮੁੱਦੇ ਦੇ ਆਧਾਰ 'ਤੇ ਜਨਤਾ ਦੀਆਂ ਭਾਵਨਾਵਾਂ ਨਾਲ ਖੇਡ ਕੇ ਸੱਤਾ ਵਿੱਚ ਆਈ ਸੀ।



ਅਸ਼ਵਨੀ ਸ਼ਰਮਾ ਨੇ ਕਿਹਾ ਕਿ ਅਰਵਿੰਦ ਕੇਜਰੀਵਾਲ ਅਤੇ ਭਗਵੰਤ ਸਿੰਘ ਮਾਨ ਨੇ ਵਾਰ-ਵਾਰ ਆਨ ਰਿਕਾਰਡ ਵਾਅਦਾ ਕੀਤਾ ਸੀ ਕਿ ਬੇਅਦਬੀ ਦੇ ਦੋਸ਼ੀਆਂ ਨੂੰ ਬਖਸ਼ਿਆ ਨਹੀਂ ਜਾਵੇਗਾ ਅਤੇ ਇਨਸਾਫ਼ ਕੀਤਾ ਜਾਵੇਗਾ। ਉਂਜ ਅੱਜ ਸਥਿਤੀ ਇਹ ਹੈ ਕਿ 'ਆਪ' ਸਰਕਾਰ ਵੱਲੋਂ ਆਪਣੀ ਹੀ ਸਰਕਾਰ ਵੱਲੋਂ ਬਣਾਈ ਗਈ ਕਮੇਟੀ ਵਿੱਚੋਂ ਆਪਣੇ ਹੀ ਵਿਧਾਇਕ ਦੇ ਅਸਤੀਫ਼ੇ ਕਾਰਨ ਭਗਵੰਤ ਮਾਨ ਸਰਕਾਰ ਬਹੁਤ ਹੇਠਲੇ ਪੱਧਰ 'ਤੇ ਪੁੱਜ ਗਈ ਹੈ। ਭਾਜਪਾ ਹਮੇਸ਼ਾ ਕਹਿੰਦੀ ਰਹੀ ਹੈ ਕਿ ਕੇਜਰੀਵਾਲ ਅਤੇ ਭਗਵੰਤ ਮਾਨ ਆਪਣੇ ਸਿਆਸੀ ਲਾਹੇ ਅਤੇ ਝੂਠੇ ਪ੍ਰਚਾਰ ਅਤੇ ਚੋਣਾਂ ਜਿੱਤਣ ਲਈ ਕਿਸੇ ਵੀ ਹੇਠਲੇ ਪੱਧਰ ਤੱਕ ਜਾ ਸਕਦੇ ਹਨ। ਬਦਕਿਸਮਤੀ ਨਾਲ 'ਆਪ' ਸੁਪਰੀਮੋ ਲਈ ਧਰਮ ਦੀ ਰਾਜਨੀਤੀ ਇੱਕ ਵਿਦੇਸ਼ੀ ਧਾਰਨਾ ਹੈ।

# ਮਹਾਰਾਸ਼ਟਰ ਦੇ ਅਗਲੇ ਰਾਜਪਾਲ ਬਣ ਸਕਦੇ ਹਨ ਕੈਪਟਨ ਅਮਰਿੰਦਰ

ਨਵੀਂ ਦਿੱਲੀ,(ਪੰਜਾਬੀ ਅਖਬਾਰ ਬਿਊਰੋ) : ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਮਹਾਰਾਸ਼ਟਰ ਦੇ ਅਗਲੇ ਰਾਜਪਾਲ ਬਣ ਸਕਦੇ ਹਨ। ਇਸ ਨੂੰ ਲੈ ਕੇ ਪੰਜਾਬ ਵਿਚ ਕਾਫੀ ਸਿਆਸੀ ਚਰਚਾ ਛਿੜੀ ਹੋਈ ਹੈ। ਕੈਪਟਨ ਕੁਝ ਸਮਾਂ ਪਹਿਲਾਂ ਹੀ ਭਾਜਪਾ ਵਿੱਚ ਸ਼ਾਮਲ ਹੋਏ ਹਨ। ਉਨ੍ਹਾਂ ਨੇ ਆਪਣੀ ਪਾਰਟੀ ਪੰਜਾਬ ਲੋਕ ਕਾਂਗਰਸ ਦਾ ਵੀ ਬੀਜੇਪੀ ਵਿੱਚ ਰਲੇਵਾਂ ਕਰ ਦਿੱਤਾ ਹੈ। ਮਹਾਰਾਸ਼ਟਰ ਦੇ ਮੌਜੂਦਾ ਰਾਜਪਾਲ ਭਗਤ ਸਿੰਘ ਕੋਸ਼ਿਆਰੀ ਨੇ ਅਹੁਦਾ ਛੱਡਣ ਦੀ ਇੱਛਾ ਜਤਾਈ ਹੈ। ਜਿਸ ਤੋਂ ਬਾਅਦ ਕੈਪਟਨ ਨੂੰ ਲੈ ਕੇ ਚਰਚਾਵਾਂ ਦਾ ਦੌਰ ਸ਼ੁਰੂ ਹੋ ਗਿਆ ਹੈ। ਫੌਜ ਤੋਂ ਸੇਵਾਮੁਕਤ ਕੈਪਟਨ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਚੰਗੇ ਸਬੰਧ ਹਨ। ਹਾਲ ਹੀ ਵਿੱਚ ਉਨ੍ਹਾਂ ਨੂੰ ਭਾਜਪਾ ਦੀ 83 ਮੈਂਬਰੀ ਕੌਮੀ ਕਾਰਜਕਾਰਨੀ ਵਿੱਚ ਸ਼ਾਮਲ ਕੀਤਾ ਗਿਆ ਹੈ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ 29 ਜਨਵਰੀ ਨੂੰ ਪਟਿਆਲਾ ਵਿੱਚ ਰੈਲੀ ਕੀਤੀ ਸੀ। ਇਸ ਸਬੰਧੀ ਪੂਰੀ ਤਿਆਰੀ ਕਰ ਲਈ ਗਈ ਸੀ। ਕੈਪਟਨ ਅਮਰਿੰਦਰ ਸਿੰਘ ਇਸ ਰੈਲੀ ਰਾਹੀਂ ਪੰਜਾਬ ਵਿੱਚ ਮੁੜ ਆਪਣੀ ਤਾਕਤ ਦਿਖਾਉਣ ਵਾਲੇ ਸਨ। ਇਸ ਰੈਲੀ ਰਾਹੀਂ ਭਾਜਪਾ ਨੇ ਪੰਜਾਬ ਵਿੱਚ ਲੋਕ ਸਭਾ ਦਾ ਬਿਗਲ ਵਜਾਉਣਾ ਸੀ। ਹਾਲਾਂਕਿ ਅਚਾਨਕ ਇਹ ਰੈਲੀ ਮੁਲਤਵੀ ਕਰ ਦਿੱਤੀ ਗਈ। ਜਿਸ ਤੋਂ ਬਾਅਦ ਇਹ ਚਰਚਾ ਜ਼ੋਰ ਫੜ ਗਈ ਹੈ ਕਿ ਕੈਪਟਨ ਨੂੰ ਲੈ ਕੇ ਭਾਜਪਾ ਅੰਦਰ ਕੁਝ ਭਖ ਰਿਹਾ ਹੈ।



# ਸਪੇਨ ਵਿਚ ਫਸੀ ਸਿੱਖ ਔਰਤ ਮੰਗ ਰਹੀ ਮਦਦ

ਮੈਡਰਿਡ : (ਪੰਜਾਬੀ ਅਖਬਾਰ ਬਿਊਰੋ) ਸਪੇਨ ਵਿਚ ਲੁੱਟ ਦਾ ਸ਼ਿਕਾਰ ਬਣੀ ਇਕ ਸਿੱਖ ਔਰਤ ਬੁਰੀ ਤਰ੍ਹਾਂ ਫਸ ਚੁੱਕੀ ਹੈ ਜਿਸ ਦਾ ਪਾਸਪੋਰਟ ਅਤੇ ਹੋਰ ਜ਼ਰੂਰੀ ਦਸਤਾਵੇਜ਼ ਵੀ ਲੁਟੇਰੇ ਲੈ ਗਏ। ਮੈਡਰਿਡ ਦੇ ਹਿਲਟਨ ਹੋਟਲ ਵਿਚ ਮੌਜੂਦ ਜਸਮੀਤ ਕੌਰ ਵੱਲੋਂ ਆਪਣਾ ਦੁਖੜਾ ਸੋਸ਼ਲ ਮੀਡੀਆ ਰਾਹੀਂ ਸਾਂਝਾ ਕੀਤਾ ਗਿਆ ਹੈ। ਨੋਇਡਾ ਦੀ ਵਸਨੀਕ 49 ਸਾਲਾ ਜਸਮੀਤ ਕੌਰ ਕਾਰੋਬਾਰ ਦੇ ਸਿਲਸਿਲੇ ਵਿਚ ਮੈਡਰਿਡ ਆਈ ਸੀ ਜਿਥੇ ਲੁਟੇਰੇ ਉਸ ਦਾ ਸਭ ਕੁਝ ਖੋਹ ਕੇ ਲੈ ਗਏ। ਜਸਮੀਤ ਕੌਰ ਨੇ ਦੋਸ਼ ਲਾਇਆ ਹੈ ਕਿ ਕੋਈ ਉਸ ਦੀ ਮਦਦ ਨਹੀਂ ਕਰ ਰਿਹਾ। ਭਾਰਤੀ ਅੰਬੈਸੀ ਤੱਕ ਵੀ ਪਹੁੰਚ ਕਰ ਚੁੱਕੀ ਹੈ ਪਰ ਕੋਈ ਮਦਦ ਨਹੀਂ ਪੁੱਜੀ।



ਵੀਡੀਓ ਜਸਮੀਤ ਕੌਰ ਕਹਿੰਦੀ ਹੈ ਕਿ ਉਹ ਅਤੀਤ ਵਿਚ ਵੀ ਕਈ ਵਾਰ ਇਸ ਹੋਟਲ ਵਿਚ ਠਹਿਰ ਚੁੱਕੀ ਹੈ ਪਰ ਕਦੇ ਕੋਈ ਵਾਰਦਾਤ ਨਹੀਂ ਹੋਈ ਪਰ ਇਸ ਵਾਰ ਲੁਟੇਰੇ ਹੋਟਲ ਦੇ ਲੌਬੀ ਵਿਚ ਮੈਨੂੰ ਧੱਕਾ ਮਾਰ ਕੇ ਮੇਰਾ ਬੈਗ ਲੈ ਗਏ ਜਿਸ ਵਿਚ ਸਾਰੇ ਜ਼ਰੂਰੀ ਦਸਤਾਵੇਜ਼ ਸਨ। ਜਸਮੀਤ ਕੌਰ ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਵਿਦੇਸ਼ ਮੰਤਰੀ ਐਸ. ਜੈਸ਼ੰਕਰ ਤੋਂ ਮਦਦ ਮੰਗੀ ਗਈ ਹੈ।

# ਲਾਹੌਰ 'ਚ ਗੁਰਦੁਆਰਾ ਰੋੜੀ ਸਾਹਿਬ 'ਤੇ ਮੁਸਲਮਾਨਾਂ ਨੇ ਕੀਤਾ ਕਬਜ਼ਾ

ਲਾਹੌਰ (ਪੰਜਾਬੀ ਅਖਬਾਰ ਬਿਊਰੋ)- ਪਾਕਿਸਤਾਨ 'ਚ ਲਾਹੌਰ ਸਥਿਤ ਗੁਰਦੁਆਰਾ ਰੋੜੀ ਸਾਹਿਬ ਦੀ ਖਸਤਾ ਹਾਲਤ ਦੇਖ ਕੇ ਸਿੱਖ ਭਾਈਚਾਰੇ 'ਚ ਗੁੱਸਾ ਹੈ। ਗੁਰਦੁਆਰੇ ਦੀਆਂ ਤਸਵੀਰਾਂ ਨੇ ਸਿੱਖ ਕੌਮ ਦੇ ਹਿਰਦੇ ਵਲੂੰਧਰ ਦਿੱਤੇ ਹਨ। ਗੁਰਦੁਆਰਾ ਰੋੜੀ ਸਾਹਿਬ, ਪਿੰਡ ਜਾਹਮਣ, ਜ਼ਿਲ੍ਹਾ ਲਾਹੌਰ 'ਚ ਹੈ। ਇਸ ਦੀਆਂ ਕੁਝ ਵੀਡੀਓਜ਼ ਵੀ ਸਾਹਮਣੇ ਆਏ ਹਨ। ਗੁਰਦੁਆਰਾ ਸਾਹਿਬ ਦੀ ਇਮਾਰਤ ਇਸ ਵੇਲੇ ਬਹੁਤ ਖ਼ਸਤਾ ਹਾਲਤ 'ਚ ਹੈ। ਗੰਭੀਰ ਗੱਲ ਇਹ ਹੈ ਕਿ ਗੁਰਦੁਆਰਾ ਰੋੜੀ ਸਾਹਿਬ 'ਤੇ ਕਥਿਤ ਤੌਰ 'ਤੇ ਮੁਸਲਮਾਨਾਂ ਨੇ ਕਬਜ਼ਾ ਕਰ ਲਿਆ ਹੈ।

ਇਸ ਗੁਰਦੁਆਰੇ ਨੂੰ, ਜੋ ਕਿ ਕਿਸੇ ਸਮੇਂ ਅਣਵੰਡੇ ਪੰਜਾਬ ਦੇ ਸਿੱਖ ਭਾਈਚਾਰੇ ਦਾ ਮਾਣ ਸੀ, ਨੂੰ ਭਾਈ ਵਧਾਵਾ ਸਿੰਘ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਨਮਾਨ 'ਚ ਬਣਾਇਆ ਸੀ। ਆਪ ਜੀ ਨੇ ਆਪਣੇ ਜੀਵਨ ਦੇ ਕਈ ਸਾਲ ਪਿੰਡ ਜਾਹਮਣ 'ਚ ਬਿਤਾਏ। ਉਨ੍ਹਾਂ ਦੇ ਨਾਨਕੇ ਨੇੜਲੇ ਪਿੰਡ ਡੇਰਾ ਚਾਹਲ 'ਚ ਰਹਿੰਦੇ ਸਨ। ਗੁਰੂ ਸਾਹਿਬ ਦਾ ਪ੍ਰਕਾਸ਼ ਅਸਥਾਨ ਵੀ ਚੰਗੀ ਹਾਲਤ 'ਚ ਨਹੀਂ, ਅਤੇ ਉਸ ਨੂੰ ਗੁਪਤ ਖਜ਼ਾਨੇ ਦੀ ਭਾਲ 'ਚ ਖ਼ਜ਼ਾਨਾ ਖੋਜੀਆਂ ਦੁਆਰਾ ਨਸ਼ਟ ਕਰ ਦਿੱਤਾ ਗਿਆ ਹੈ। ਪਿੰਡ ਵਾਸੀ ਇਹ ਦਾਅਵਾ ਕਰਦੇ ਸੁਣੇ ਜਾ ਸਕਦੇ ਹਨ ਕਿ ਵੱਕਫ਼ ਬੋਰਡ ਜਾਂ ਕੋਈ ਵੀ ਸਿੱਖ ਸੰਗਤ, ਸਥਾਨਕ ਜਾਂ ਅੰਤਰਰਾਸ਼ਟਰੀ, ਗੁਰਦੁਆਰੇ 'ਚ ਸਮਾਜ ਵਿਰੋਧੀ ਅਨਸਰਾਂ ਅਤੇ ਲੁਟੇਰਿਆਂ ਦੀ ਆਮਦ ਕਾਰਨ ਗੁਰਦੁਆਰਾ ਸਾਹਿਬ ਦੇ ਦਰਸ਼ਨ ਨਹੀਂ ਕਰ ਰਹੀ।ਸਿੱਖ ਪਿੰਡ ਵਾਸੀਆਂ ਦਾ ਇਹ ਵੀ ਦਾਅਵਾ ਹੈ ਕਿ ਇਸ ਗੁਰਦੁਆਰੇ ਦੀ ਜ਼ਮੀਨ 'ਤੇ ਹੌਲੀ-ਹੌਲੀ ਮੁਸਲਮਾਨਾਂ ਵਲੋਂ ਕਬਜ਼ਾ ਕੀਤਾ ਜਾ ਰਿਹਾ ਹੈ। ਜਾਹਮਣ ਪਿੰਡ ਦੇ ਇੱਕ ਵਿਅਕਤੀ ਦਾ ਦਾਅਵਾ ਹੈ ਕਿ ਪਾਕਿਸਤਾਨੀ ਸਰਕਾਰੀ ਅਧਿਕਾਰੀ ਕਈ ਵਾਰ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰ ਚੁੱਕੇ ਹਨ, ਪਰ ਤਸਵੀਰਾਂ ਖਿੱਚਣ ਅਤੇ ਵੀਡੀਓ ਬਣਾਉਣ ਤੋਂ ਇਲਾਵਾ ਗੁਰਦੁਆਰਾ ਸਾਹਿਬ ਨੂੰ ਬਚਾਉਣ ਲਈ ਕੁਝ ਨਹੀਂ ਕੀਤਾ ਗਿਆ। ਗੁਰਦੁਆਰੇ ਕੋਲ 100 ਏਕੜ ਵਾਹੀਯੋਗ ਜ਼ਮੀਨ ਹੈ ਜਿਸ 'ਤੇ ਹੁਣ ਪਿੰਡ ਵਾਸੀਆਂ ਨੇ ਕਬਜ਼ਾ ਕਰ ਲਿਆ ਹੈ।



# ਬੀਬੀਸੀ ਦੀ ਸੀਰੀਜ਼ 'ਤੇ ਜਨਹਿੱਤ ਪਟੀਸ਼ਨਾਂ 'ਤੇ ਅਗਲੇ ਹ.ਫਤੇ ਸੁਣਵਾਈ ਕਰੇਗੀ ਸੁਪਰੀਮ ਕੋਰਟ

ਨਵੀਂ ਦਿੱਲੀ (ਪੰਜਾਬੀ ਅਖਬਾਰ ਬਿਊਰੋ)- ਸੁਪਰੀਮ ਕੋਰਟ 2002 ਦੇ ਗੁਜਰਾਤ ਦੰਗਿਆਂ 'ਤੇ ਆਧਾਰਿਤ 223 ਦੀ ਇੱਕ ਸੀਰੀਜ਼ 'ਤੇ ਪਾਬੰਦੀ ਲਗਾਉਣ ਦੀਆਂ ਕੇਂਦਰ ਸਰਕਾਰ ਦੇ ਫ਼ੈਸਲੇ ਨੂੰ ਚੁਣੌਤੀ ਦੇਣ ਵਾਲੀਆਂ ਪਟੀਸ਼ਨਾਂ 'ਤੇ ਅਗਲੇ ਹਫ਼ਤੇ ਸੁਣਵਾਈ ਕਰੇਗਾ। ਚੀਫ਼ ਜਸਟਿਸ ਡੀ.ਵਾਈ.ਚੰਦਰਚੂੜ, ਜੱਜ ਪੀ.ਐੱਸ.ਨਰਸਿਮਹਾ ਅਤੇ ਜੱਜ ਜੇਬੀ ਪਦਰੀਵਾਲਾ ਦੀ ਬੈਂਚ ਦੇ ਵਕੀਲ ਐੱਮ.ਐੱਲ.ਸ਼ਰਮਾ ਅਤੇ ਸੀਨੀਅਰ ਵਕੀਲ ਸੀ.ਯੂ.ਸਿੰਘ ਦੀਆਂ ਦਲੀਲਾਂ 'ਤੇ ਗੌਰ ਕੀਤਾ। ਦੋਵਾਂ ਵਕੀਲਾਂ ਨੇ ਇਸ ਮੁੱਦੇ 'ਤੇ ਆਪਣੀਆਂ ਵੱਖ-ਵੱਖ ਜਨਹਿੱਤ ਪਟੀਸ਼ਨਾਂ 'ਤੇ ਤੁਰੰਤ ਸੁਣਵਾਈ ਦੀ ਅਪੀਲ ਕੀਤੀ ਸੀ। ਸੁਣਵਾਈ ਦੀ ਸ਼ੁਰੂਆਤ 'ਚ ਸ਼ਰਮਾ ਨੇ ਪਟੀਸ਼ਨ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਜਾ ਰਿਹਾ ਹੈ। ਇਸ 'ਤੇ CJI ਨੇ ਕਿਹਾ, "ਇਸ 'ਤੇ ਸੋਮਵਾਰ ਨੂੰ ਸੁਣਵਾਈ ਕੀਤੀ ਜਾਵੇਗੀ।" ਸ਼ਰਮਾ ਨੇ ਕਿਹਾ, "ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਜਾ ਰਿਹਾ ਹੈ। ਕ੍ਰਿਪਾ ਇਸ ਨੂੰ ਤੁਰੰਤ ਸੁਣਵਾਈ ਲਈ ਸੂਚੀਬੱਧ ਕਰੋ।" ਬੈਂਚ ਨੇ ਕਿਹਾ, "ਤੁਸੀਂ ਕਿਤੋਂ ਵੀ ਸੋਸ਼ਲ ਮੀਡੀਆ 'ਤੇ ਗੱਲ ਰੱਖ ਸਕਦੇ ਹੋ।"

ਕੁਝ ਮਿੰਟਾਂ ਬਾਅਦ ਸੀਨੀਅਰ ਐਡਵੋਕੇਟ ਸੀ.ਯੂ.ਸਿੰਘ ਨੇ ਇਸ ਮੁੱਦੇ 'ਤੇ ਸੀਨੀਅਰ ਪੱਤਰਕਾਰ ਐੱਨ.ਰਾਮ ਅਤੇ ਵਕੀਲ ਪ੍ਰਸ਼ਾਂਤ ਭੂਸ਼ਣ ਵਲੋਂ ਦਾਇਰ ਇੱਕ ਵੱਖਰੀ ਪਟੀਸ਼ਨ ਦਾ ਜ਼ਿਕਰ ਕੀਤਾ। ਉਨ੍ਹਾਂ ਦੱਸਿਆ ਕਿ ਕਿਵੇਂ ਐਮਰਜੈਂਸੀ ਸ਼ਕਤੀਆਂ ਦਾ ਇਸਤੇਮਾਲ ਕਰ ਕੇ ਰਾਮ ਅਤੇ ਭੂਸ਼ਣ ਦੇ ਟਵੀਟ ਹਟਾਏ ਗਏ। ਉਨ੍ਹਾਂ ਇਹ ਵੀ ਦੱਸਿਆ ਕਿ ਬ੍ਰਿਟਿਸ਼ ਬ੍ਰੌਡਕਾਸਟਿੰਗ ਕੌਰਪੋਰੇਸ਼ਨ (223) ਦੀ ਸੀਰੀਜ਼ ਨੂੰ ਦਿਖਾਉਣ 'ਤੇ ਅਜਮੇਰ 'ਚ ਵਿਦਿਆਰਥੀਆਂ ਨੂੰ ਮੁਅੱਤਲ ਕਰ ਦਿੱਤਾ ਗਿਆ। ਇਸ 'ਤੇ ਚੀਫ਼ ਜਸਟਿਸ ਨੇ ਕਿਹਾ, "ਅਸੀਂ ਇਸ 'ਤੇ ਸੁਣਵਾਈ ਕਰਾਂਗੇ।" ਸ਼ਰਮਾ ਨੇ ਸੀਰੀਜ਼ 'ਤੇ ਪਾਬੰਦੀ ਲਗਾਉਣ ਦੇ ਕੇਂਦਰ ਸਰਕਾਰ ਦੇ ਫ਼ੈਸਲੇ ਖ਼ਿਲਾਫ਼ ਜਨਹਿਤ ਪਟੀਸ਼ਨ ਦਾਇਰ ਕਰਦੇ ਹੋਏ ਦੋਸ਼ ਲਗਾਇਆ ਕਿ ਇਹ ਮੰਦਭਾਗੀ ਅਤੇ ਗੈਰ-ਸੰਵਿਧਾਨਕ ਹੈ।" ਜ਼ਿਕਰਯੋਗ ਹੈ ਕਿ ਕੇਂਦਰ ਸਰਕਾਰ ਨੇ 21 ਜਨਵਰੀ ਨੂੰ ਵਿਵਾਦਿਤ BBC ਸੀਰੀਜ਼ India: The Modi Question ਦੇ ਲਿੰਕ ਸਾਂਝਾ ਕਰਨ ਵਾਲੇ ਕਈ ਯੂ-ਟਿਊਬ ਵੀਡੀਓ ਅਤੇ ਟਵਿਟਰ ਪੋਸਟ ਨੂੰ ਬਲੌਕ ਕਰਨ ਦੇ ਨਿਰਦੇਸ਼ ਜਾਰੀ ਕੀਤੇ ਸਨ।




ਨਵੀਂ ਦਿੱਲੀ: ਸੁਪਰੀਮ ਕੋਰਟ 2002 ਦੇ ਗੁਜਰਾਤ ਦੰਗਿਆਂ 'ਤੇ ਆਧਾਰਿਤ 223 ਦੀ ਇੱਕ ਸੀਰੀਜ਼ 'ਤੇ ਪਾਬੰਦੀ ਲਗਾਉਣ ਦੀਆਂ ਕੇਂਦਰ ਸਰਕਾਰ ਦੇ ਫ਼ੈਸਲੇ ਨੂੰ ਚੁਣੌਤੀ ਦੇਣ ਵਾਲੀਆਂ ਪਟੀਸ਼ਨਾਂ 'ਤੇ ਅਗਲੇ ਹਫ਼ਤੇ ਸੁਣਵਾਈ ਕਰੇਗਾ। ਚੀਫ਼ ਜਸਟਿਸ ਡੀ.ਵਾਈ.ਚੰਦਰਚੂੜ, ਜੱਜ ਪੀ.ਐੱਸ.ਨਰਸਿਮਹਾ ਅਤੇ ਜੱਜ ਜੇਬੀ ਪਦਰੀਵਾਲਾ ਦੀ ਬੈਂਚ ਦੇ ਵਕੀਲ ਐੱਮ.ਐੱਲ.ਸ਼ਰਮਾ ਅਤੇ ਸੀਨੀਅਰ ਵਕੀਲ ਸੀ.ਯੂ.ਸਿੰਘ ਦੀਆਂ ਦਲੀਲਾਂ 'ਤੇ ਗੌਰ ਕੀਤਾ। ਦੋਵਾਂ ਵਕੀਲਾਂ ਨੇ ਇਸ ਮੁੱਦੇ 'ਤੇ ਆਪਣੀਆਂ ਵੱਖ-ਵੱਖ ਜਨਹਿੱਤ ਪਟੀਸ਼ਨਾਂ 'ਤੇ ਤੁਰੰਤ ਸੁਣਵਾਈ ਦੀ ਅਪੀਲ ਕੀਤੀ ਸੀ। ਸੁਣਵਾਈ ਦੀ ਸ਼ੁਰੂਆਤ 'ਚ ਸ਼ਰਮਾ ਨੇ ਪਟੀਸ਼ਨ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਜਾ ਰਿਹਾ ਹੈ। ਇਸ 'ਤੇ CJI ਨੇ ਕਿਹਾ, "ਇਸ 'ਤੇ ਸੋਮਵਾਰ ਨੂੰ ਸੁਣਵਾਈ ਕੀਤੀ ਜਾਵੇਗੀ।" ਸ਼ਰਮਾ ਨੇ ਕਿਹਾ, "ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਜਾ ਰਿਹਾ ਹੈ। ਕ੍ਰਿਪਾ ਇਸ ਨੂੰ ਤੁਰੰਤ ਸੁਣਵਾਈ ਲਈ ਸੂਚੀਬੱਧ ਕਰੋ।" ਬੈਂਚ ਨੇ ਕਿਹਾ, "ਤੁਸੀਂ ਕਿਤੋਂ ਵੀ ਸੋਸ਼ਲ ਮੀਡੀਆ 'ਤੇ ਗੱਲ ਰੱਖ ਸਕਦੇ ਹੋ।" ਕੁਝ ਮਿੰਟਾਂ ਬਾਅਦ ਸੀਨੀਅਰ ਐਡਵੋਕੇਟ ਸੀ.ਯੂ.ਸਿੰਘ ਨੇ ਇਸ ਮੁੱਦੇ 'ਤੇ ਸੀਨੀਅਰ ਪੱਤਰਕਾਰ ਐੱਨ.ਰਾਮ ਅਤੇ ਵਕੀਲ ਪ੍ਰਸ਼ਾਂਤ ਭੂਸ਼ਣ ਵਲੋਂ ਦਾਇਰ ਇੱਕ ਵੱਖਰੀ ਪਟੀਸ਼ਨ ਦਾ ਜ਼ਿਕਰ ਕੀਤਾ। ਉਨ੍ਹਾਂ ਦੱਸਿਆ ਕਿ ਕਿਵੇਂ ਐਮਰਜੈਂਸੀ ਸ਼ਕਤੀਆਂ ਦਾ ਇਸਤੇਮਾਲ ਕਰ ਕੇ ਰਾਮ ਅਤੇ ਭੂਸ਼ਣ ਦੇ ਟਵੀਟ ਹਟਾਏ ਗਏ। ਉਨ੍ਹਾਂ ਇਹ ਵੀ ਦੱਸਿਆ ਕਿ ਬ੍ਰਿਟਿਸ਼ ਬ੍ਰੌਡਕਾਸਟਿੰਗ ਕੌਰਪੋਰੇਸ਼ਨ (223) ਦੀ ਸੀਰੀਜ਼ ਨੂੰ ਦਿਖਾਉਣ 'ਤੇ ਅਜਮੇਰ 'ਚ ਵਿਦਿਆਰਥੀਆਂ ਨੂੰ ਮੁਅੱਤਲ ਕਰ ਦਿੱਤਾ ਗਿਆ। ਇਸ 'ਤੇ ਚੀਫ਼ ਜਸਟਿਸ ਨੇ ਕਿਹਾ, "ਅਸੀਂ ਇਸ 'ਤੇ ਸੁਣਵਾਈ ਕਰਾਂਗੇ।" ਸ਼ਰਮਾ ਨੇ ਸੀਰੀਜ਼ 'ਤੇ ਪਾਬੰਦੀ ਲਗਾਉਣ ਦੇ ਕੇਂਦਰ ਸਰਕਾਰ ਦੇ ਫ਼ੈਸਲੇ ਖ਼ਿਲਾਫ਼ ਜਨਹਿੱਤ ਪਟੀਸ਼ਨ ਦਾਇਰ ਕਰਦੇ ਹੋਏ ਦੋਸ਼ ਲਗਾਇਆ ਕਿ ਇਹ ਮੰਦਭਾਗੀ ਅਤੇ ਗੈਰ-ਸੰਵਿਧਾਨਕ ਹੈ।" ਜ਼ਿਕਰਯੋਗ ਹੈ ਕਿ ਕੇਂਦਰ ਸਰਕਾਰ ਨੇ 21 ਜਨਵਰੀ ਨੂੰ ਵਿਵਾਦਿਤ 223 ਸੀਰੀਜ਼ India: The Modi Question ਦੇ ਲਿੰਕ ਸਾਂਝਾ ਕਰਨ ਵਾਲੇ ਕਈ ਯੂ-ਟਿਊਬ ਵੀਡੀਓ ਅਤੇ ਟਵਿਟਰ ਪੋਸਟ ਨੂੰ ਬਲੌਕ ਕਰਨ ਦੇ ਨਿਰਦੇਸ਼ ਜਾਰੀ ਕੀਤੇ ਸਨ।

# ਅਮਰੀਕਾ ਬੈਠੇ ਬੌਸ ਦੇ ਹੁਕਮ 'ਤੇ ਦੋ ਹਜ਼ਾਰ ਰੁਪਏ ਲੈ ਕੇ ਦਿੱਲੀ 'ਚ ਲਿਖੇ ਸਨ ਖ਼ਾਲਿਸਤਾਨੀ ਨਾਅਰੇ

ਨਵੀਂ ਦਿੱਲੀ (ਪੰਜਾਬੀ ਅਖਬਾਰ ਬਿਊਰੋ)- ਖ਼ਾਲਿਸਤਾਨੀ ਸਲੀਪਰ ਸੈੱਲ ਹੁਣ ਪੰਜਾਬ ਤੋਂ ਬਾਅਦ ਦਿੱਲੀ 'ਚ ਵੀ ਐਕਟਿਵ ਹੋ ਗਏ ਹਨ। 12 ਜਨਵਰੀ ਨੂੰ ਜਨਕਪੁਰੀ, ਤਿਲਕ ਨਗਰ, ਪੱਛਮ ਵਿਹਾਰ ਸਮੇਤ ਕਰੀਬ 12 ਥਾਵਾਂ 'ਤੇ ਖ਼ਾਲਿਸਤਾਨ ਦੇ ਸਮਰਥਨ 'ਚ ਲੱਗੇ ਪੋਸਟਰ ਇੱਕ ਵੱਡੀ ਸਾਜ਼ਿਸ਼ ਦਾ ਹਿਸਾ ਸਨ। ਇਹ ਇੱਕ ਵਿਦੇਸ਼ੀ ਸਾਜ਼ਿਸ਼ ਸੀ ਅਤੇ ਖ਼ਾਲਿਸਤਾਨੀ ਅਤਿਵਾਦੀ ਨੈੱਟਵਰਕ ਦੇ ਸਲੀਪਰ ਸੈੱਲ ਵੱਡੀ ਵਾਰਦਾਤ ਨੂੰ ਅੰਜਾਮ ਦੇਣ ਦੀ ਕੋਸ਼ਿਸ਼ 'ਚ ਹਨ। ਇਸ ਗੱਲ ਦਾ ਖ਼ੁਲਾਸਾ ਓਦੋਂ ਹੋਇਆ ਜਦੋਂ ਦਿੱਲੀ ਪੁਲੀਸ ਦੇ ਸਪੈਸ਼ਲ ਸੈੱਲ ਨੇ ਦੋ ਮੁਲਜ਼ਮਾਂ ਨੂੰ ਫ਼ੜਿਆ। ਇਨ੍ਹਾਂ ਦੀ ਪਛਾਣ ਤਿਲਕ ਨਗਰ, ਦਿੱਲੀ ਨਿਵਾਸੀ ਵਿਕਰਮ ਸਿੰਘ (29) ਅਤੇ ਭਰਤਪੁਰ, ਰਾਜਸਥਾਨ ਨਿਵਾਸੀ ਬਲਰਾਮ ਸਿੰਘ (34) ਵਜੋਂ ਹੋਈ ਹੈ। ਦੋਵੇਂ ਇੱਕ ਨਾਮੀਂ ਹੋਟਲ 'ਚ ਕੰਮ ਕਰਦੇ ਸਨ ਅਤੇ ਦੋਸਤ ਵੀ ਹਨ। ਜੀ.ਐੱਸ.ਧਾਲੀਵਾਲ ਨੇ ਇੱਕ ਪ੍ਰੈੱਸ ਕਾਨਫ਼ਰੰਸ ਦੌਰਾਨ ਦੱਸਿਆ, "ਗਣਤੰਤਰ ਦਿਵਸ ਨੂੰ ਲੈ ਕੇ ਦਿੱਲੀ 'ਚ ਸੁੱਰਖਿਆ ਦੇ ਸਖ਼ਤ ਪ੍ਰਬੰਧ ਕੀਤੇ ਗਏ ਸਨ। ਇਸ ਦੌਰਾਨ ਦੇਖਿਆ ਗਿਆ ਕਿ ਦਿੱਲੀ ਦੇ ਕਈ ਹੋਰ ਹਿੱਸਿਆਂ 'ਚ 18 ਅਤੇ 19 ਜਨਵਰੀ ਦੀ ਰਾਤ ਨੂੰ ਖ਼ਾਲਿਸਤਾਨ ਦੇ ਸਮਰਥਨ 'ਚ ਭੜਾਸ ਕੱਢੀ ਗਈ ਅਤੇ ਵਿਵਾਦਤ ਨਾਅਰੇ ਲਿਖੇ ਗਏ।"

ਇਸ ਮਾਮਲੇ 'ਚ ਵਧੀਕ CP ਪ੍ਰਮੋਦ ਸਿੰਘ ਕੁਸ਼ਵਾਹਾ ਦੀ ਅਗਵਾਈ ਹੇਠ ਟੀਮ ਬਣਾਈ ਗਈ। ਟੀਮ ਜਾਂਚ 'ਚ ਜੁਟੀ ਹੋਈ ਸੀ। ਇਸ ਦੌਰਾਨ 23 ਜਨਵਰੀ ਨੂੰ ਇੱਕ ਵਾਰ ਫ਼ਿਰ ਤੋਂ ਪੱਛਮੀ ਦਿੱਲੀ ਦੇ ਕੁਝ ਇਲਾਕਿਆਂ 'ਚ ਇਸ ਪ੍ਰਕਾਰ ਦੇ ਨਾਅਰੇ ਕੰਧਾਂ 'ਤੇ ਦੇਖੇ ਗਏ। ਇਸੇ ਦੌਰਾਨ ਅਮਰੀਕਾ 'ਚ ਬੈਠੇ ਜਸਟਿਸ ਫ਼ੌਰ ਸਿੱਖ ਦੇ ਮੁਖੀ ਗੁਰਪਤਵੰਤ ਸਿੰਘ ਪੰਨੂ ਨੇ ਸੋਸ਼ਲ ਮੀਡੀਆ 'ਤੇ ਇੱਕ ਵੀਡੀਓ ਜਾਰੀ ਕਰਦਿਆਂ ਦੱਸਿਆ ਕਿ ਦਿੱਲੀ 'ਚ ਉਨ੍ਹਾਂ ਦੇ ਸਮਰਥਕ ਪਹੁੰਚ ਗਏ ਹਨ ਅਤੇ ਆਉਣ ਵਾਲੀ 26 ਜਨਵਰੀ ਨੂੰ ਗਣਤੰਤਰ ਦਿਵਸ ਦੇ ਦਿਨ ਕਿਸੇ ਹਮਲੇ ਦੀ ਤਿਆਰੀ 'ਚ ਹਨ। ਵੀਡੀਓ 'ਚ ਇਹ ਵੀ ਕਿਹਾ ਕਿ ਗਣਤੰਤਰ ਦਿਵਸ 'ਤੇ ਖ਼ਾਲਿਸਤਾਨੀ ਝੰਡਾ ਲਹਿਰਾਇਆ ਜਾਵੇਗਾ। ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਪੁਲੀਸ ਦੀਆਂ ਕਈ ਟੀਮਾਂ ਬਣਾਈਆਂ ਗਈਆਂ ਸਨ। ਟੀਮ ਨੇ ਜਿਨ੍ਹਾਂ ਇਲਾਕਿਆਂ 'ਚ ਗ੍ਰੈਫ਼ੀਟੀ ਕੀਤੀ ਗਈ ਸੀ, ਉਥੇ ਵੱਡੇ ਪੱਧਰ 'ਤੇ ਤਲਾਸ਼ੀ ਮੁਹਿੰਮ ਚਲਾਈ ਅਤੇ ਦੋਸ਼ੀਆਂ ਦੇ ਸੰਭਾਵਿਤ ਟਿਕਾਣਿਆਂ 'ਤੇ ਛਾਪੇਮਾਰੀ ਕੀਤੀ ਅਤੇ ਦੋਵਾਂ ਨੂੰ ਗ੍ਰਿਫ਼ਤਾਰ ਕੀਤਾ।

# ਬਰਤਾਨੀਆ 'ਚ ਬਜ਼ੁਰਗ ਪਿਤਾ ਦਾ ਸਿਰ 'ਚ ਬੋਤਲਾਂ ਮਾਰ ਕੇ ਕੀਤਾ ਕਤਲ

## ਅਦਾਲਤ ਨੇ ਡੀ.ਐਸ. ਵਿਗ ਨੂੰ ਦੋਸ਼ੀ ਠਹਿਰਾਇਆ, 86 ਸਾਲ ਦੇ ਅਰਜਨ ਸਿੰਘ ਵਿਗ ਦੀ ਹੋਈ ਸੀ ਹੱਤਿਆ

ਲੰਡਨ, (ਪੰਜਾਬੀ ਅਖਬਾਰ ਬਿਊਰੋ) : ਬਰਤਾਨੀਆ ਵਿਚ ਭਾਰਤੀ ਮੂਲ ਦੇ ਸ਼ਖਸ ਨੂੰ ਸ਼ੈਂਪੇਨ ਦੀ ਬੋਤਲ ਮਾਰ ਕੇ ਪਿਉ ਦੀ ਹੱਤਿਆ ਕਰਨ ਦਾ ਦੋਸ਼ੀ ਕਰਾਰ ਦਿਤਾ ਗਿਆ ਹੈ। ਅਦਾਲਤੀ ਦਸਤਾਵੇਜ਼ਾਂ ਮੁਤਾਬਕ 54 ਸਾਲ ਦੇ ਡੀ.ਐਸ. ਵਿਗ ਨੇ ਸ਼ਰਾਬ ਦੇ ਨਸ਼ੇ ਵਿਚ 30 ਅਕਤੂਬਰ 2021 ਨੂੰ ਉਤਰੀ ਲੰਡਨ ਦੇ ਸਾਊਥਗੇਟ ਇਲਾਕੇ ਵਿਚ ਆਪਣੇ 86 ਸਾਲ ਦੇ ਪਿਤਾ ਅਰਜਨ ਸਿੰਘ ਵਿਗ ਦਾ ਕਤਲ ਕਰ ਦਿਤਾ। ਪੁਲਿਸ ਨੂੰ ਮੌਕਾ ਏ ਵਾਰਦਾਤ ਤੋਂ ਡੀ.ਐਸ. ਵਿਗ ਨਗਨ ਹਾਲਤ ਵਿਚ ਮਿਲਿਆ ਜਿਸ ਦੇ ਆਲੇ-ਦੁਆਲੇ ਸ਼ੈਂਪੇਨ ਦੀਆਂ 100 ਬੋਤਲਾਂ ਖਿਲਰੀਆਂ ਪਈਆਂ ਸਨ ਜਦਕਿ ਇਕ ਬੋਤਲ ਖ਼ੂਨ ਨਾਲ ਲਿਬੜੀ ਹੋਈ ਸੀ ਜਿਸ ਨਾਲ ਉਸ ਨੇ ਆਪਣੇ ਪਿਤਾ ਦੀ ਜਾਨ ਲਈ। ਡੀ.ਐਸ. ਵਿਗ ਨੇ ਪੁੱਛ-ਪੜਤਾਲ ਦੌਰਾਨ ਪੁਲਿਸ ਕੋਲ ਕਬੂਲ ਕੀਤਾ ਕਿ ਉਸ ਨੇ ਹੀ ਆਪਣੇ ਪਿਤਾ ਦਾ ਕਤਲ ਕੀਤਾ ਹੈ। ਅਰਜਨ ਸਿੰਘ ਵਿਗ ਦੀ ਲਾਸ਼ ਡੀ.ਐਸ. ਵਿਗ ਦੇ ਬੈਡਰੂਮ ਵਿਚੋਂ ਮਿਲੀ ਜਿਸ ਦੇ ਸਿਰ ਬੁਰੀ ਤਰ੍ਹਾਂ ਪਿਚਕਿਆ ਹੋਇਆ ਸੀ। ਡੀ.ਐਸ. ਵਿਗ ਨੇ ਨਸ਼ੇ ਦੀ ਹਾਲਤ ਵਿਚ ਕਤਲ ਦਾ ਬਿਆਨ ਦਿਤਾ ਪਰ ਜਿਊਰੀ ਨੇ ਪੂਰਾ ਦਿਨ ਵਿਚਾਰ ਵਟਾਂਦਰਾ ਕਰਨ ਮਗਰੋਂ ਇਹ ਨਤੀਜਾ ਕੱਢਿਆ ਕਿ ਉਸ ਨੇ ਜਾਣ-ਬੁੱਝ ਕੇ ਜ਼ਿਆਦਾ ਨਸ਼ਾ ਕੀਤਾ ਅਤੇ ਵਾਰਦਾਤ ਨੂੰ ਅੰਜਾਮ ਦਿਤਾ। ਪ੍ਰੌਸੀਕਿਊਟਰ ਡਿਆਨਾ ਹੀਰ ਨੇ ਅਦਾਲਤ ਨੂੰ ਦੱਸਿਆ ਕਿ ਅਰਜਨ ਸਿੰਘ ਵਿਗ ਦੇ ਸਿਰ ਅਤੇ ਚਿਹਰੇ 'ਤੇ ਸ਼ੈਂਪੇਨ ਦੀ ਬੋਤਲ ਨਾਲ ਲਗਾਤਾਰ ਵਾਰ ਕੀਤੇ ਗਏ ਜਿਸ ਕਾਰਨ ਉਨ੍ਹਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਹੀਰ ਨੇ ਅੱਗੇ ਕਿਹਾ ਕਿ ਪੋਸਟ ਮਾਰਟਮ ਦੀ ਰਿਪੋਰਟ ਤੋਂ ਸਪੱਸ਼ਟ ਹੈ ਕਿ ਅਰਜਨ ਸਿੰਘ ਵਿਗ ਦੇ ਸਿਰ 'ਤੇ ਜਿਸ ਤਰੀਕੇ ਨਾਲ ਵਾਰ ਹੋਏ, ਉਹ ਨਸ਼ੇ ਵਿਚ ਟੱਲੀ ਸ਼ਖਸ ਦੇ ਵਸ ਦੀ ਗੱਲ ਨਹੀਂ। ਇਥੇ ਦਸਣਾ ਬਣਦਾ ਹੈ ਕਿ ਡੀ.ਐਸ. ਵਿਗ ਆਪਣੇ ਪਿਤਾ ਦੇ ਕਾਰੋਬਾਰ ਵਿਚ ਹੱਥ ਵਟਾਉਂਦਾ ਸੀ ਅਤੇ ਕੋਰੋਨਾ ਮਹਾਂਮਾਰੀ ਕਾਰਨ ਲੱਗੇ ਲੌਕਡਾਊਨ ਦੌਰਾਨ ਸ਼ਰਾਬ ਦੇ ਆਦੀ ਹੋ ਗਿਆ। ਪੁਲਿਸ ਨੇ ਵਾਰਦਾਤ ਵਾਲੀ ਥਾਂ ਤੋਂ ਸ਼ੈਂਪੇਨ ਦੀਆਂ 100 ਬੋਤਲਾਂ, ਐਮਾਜ਼ੋਨ ਦੇ 10 ਡਿਲੀਵਰੀ ਬੌਕਸ ਅਤੇ ਸਕੌਚ ਦੀ ਇਕ ਖਾਲੀ ਬੋਤਲ ਬਰਾਮਦ ਕੀਤੀ। ਆਪਣਾ ਬਚਾਅ ਕਰਦਿਆਂ ਡੀ.ਐਸ. ਵਿਗ ਨੇ ਦਾਅਵਾ ਕੀਤਾ ਕਿ ਉਹ ਔਟਿਜ਼ਮ ਤੋਂ ਪੀੜਤ ਹੈ ਅਤੇ ਉਸ ਦੇ ਪਿਤਾ ਨੇ ਪਹਿਲਾਂ ਹਮਲਾ ਕੀਤਾ ਸੀ। ਕਤਲ ਤੋਂ ਕੁਝ ਘੰਟੇ ਪਹਿਲਾਂ ਉਸ ਨੇ ਅੱਧਾ ਲਿਟਰ ਸ਼ਰਾਬ ਪੀਣ ਦੀ ਗੱਲ ਵੀ ਕਬੂਲ ਕੀਤੀ। ਜੱਜ ਐਂਜਲਾ ਰੈਫਰਟੀ ਵੱਲੋਂ ਡੀ.ਐਸ. ਵਿਗ ਨੂੰ ਸਜ਼ਾ ਦਾ ਐਲਾਨ 10 ਫ਼ਰਵਰੀ ਨੂੰ ਕੀਤਾ ਜਾਵੇਗਾ।



# ਮਾਨਸਾ 'ਚ ਮੂਸੇਵਾਲਾ ਦੇ ਨਾਂ 'ਤੇ ਰੱਖਿਆ ਸੜਕ ਦਾ ਨਾਂ

ਮਾਨਸਾ, (ਪੰਜਾਬੀ ਅਖਬਾਰ ਬਿਊਰੋ) : ਪੰਜਾਬੀ ਗਾਇਕ ਸ਼ੁਭਦੀਪ ਸਿੰਘ ਸਿੱਧੂ ਮੂਸੇਵਾਲਾ ਦੇ ਕਤਲ ਤੋਂ ਬਾਅਦ ਹੁਣ ਮੰਡੀ ਬੋਰਡ ਮਾਨਸਾ ਵੱਲੋਂ ਰਾਮ ਦਿੱਤਾ ਸੜਕ ਦਾ ਨਾਂ ਬਦਲ ਕੇ ਸ਼ੁਭਦੀਪ ਸਿੰਘ ਮੂਸੇਵਾਲਾ ਰੱਖ ਦਿੱਤਾ ਗਿਆ ਹੈ।

26 ਜਨਵਰੀ ਨੂੰ ਮਾਨਸਾ ਪੁੱਜੇ ਮੰਤਰੀ ਬਲਬੀਰ ਸਿੰਘ ਨੇ ਇਹ ਐਲਾਨ ਕੀਤਾ। ਮੰਤਰੀ ਬਲਬੀਰ ਸਿੰਘ ਨੇ ਦੱਸਿਆ ਕਿ ਮੂਸੇਵਾਲਾ ਕਤਲੇਆਮ ਦੇ ਸਾਰੇ ਮੁਲਜ਼ਮਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਵਿਦੇਸ਼ਾਂ 'ਚ ਬੈਠੇ ਮੁਲਜ਼ਮਾਂ ਨੂੰ ਭਾਰਤ ਲਿਆਉਣ ਲਈ ਸਰਕਾਰ ਲਗਾਤਾਰ ਕੰਮ ਕਰ ਰਹੀ ਹੈ।



ਮੰਤਰੀ ਬਲਬੀਰ ਸਿੰਘ ਨੇ ਕਿਹਾ ਕਿ ਮੂਸੇਵਾਲਾ ਦੇ ਪਰਿਵਾਰ ਦਾ ਦੁੱਖ ਅਸਹਿ ਹੈ। ਸਰਕਾਰ ਦੀ ਪਰਿਵਾਰ ਦੇ ਨਾਲ ਹਮਦਰਦੀ ਹੈ। ਮੂਸੇਵਾਲਾ ਦੀ ਸੁਰੱਖਿਆ ਲੀਕ ਹੋਣ ਦੇ ਸਵਾਲ 'ਤੇ ਮੰਤਰੀ ਬਲਬੀਰ ਨੇ ਕਿਹਾ ਕਿ ਇਸ ਕਤਲ ਕਾਂਡ ਦੀ ਜਾਂਚ ਕਈ ਪਹਿਲੂਆਂ ਤੋਂ ਚੱਲ ਰਹੀ ਹੈ। ਜੇਕਰ ਉਨ੍ਹਾਂ ਦੀ ਪਾਰਟੀ ਦਾ ਕੋਈ ਮੈਂਬਰ ਵੀ ਮੂਸੇਵਾਲਾ ਦੀ ਸੁਰੱਖਿਆ ਨੂੰ ਲੀਕ ਕਰਨ 'ਚ ਸਾਹਮਣੇ ਆਉਂਦਾ ਹੈ ਤਾਂ ਉਸ ਨੂੰ ਵੀ ਬਖਸ਼ਿਆ ਨਹੀਂ ਜਾਵੇਗਾ।

ਪਿਛਲੀ ਸਰਕਾਰ ਵੇਲੇ ਉਸ ਸਮੇਂ ਦੇ ਡੀਜੀਪੀ ਨੇ ਕਿਹਾ ਸੀ ਕਿ ਪੰਜਾਬ 'ਚ ਅਜਿਹੇ 57 ਗੈਂਗ ਹਨ ਜੋ ਵਾਰਦਾਤਾਂ ਕਰਦੇ ਹਨ। ਇਨ੍ਹਾਂ ਗੈਂਗਸਟਰਾਂ ਨੂੰ ਇਨ੍ਹਾਂ ਦੀ ਅਸਲ ਥਾਂ ਸਲਾਖਾਂ ਪਿੱਛੇ ਧੱਕਣ ਦਾ ਕੰਮ ਸਿਰਫ਼ 'ਆਪ' ਸਰਕਾਰ ਹੀ ਕਰ ਰਹੀ ਹੈ। ਵਿਜੇ ਸਿੰਗਲਾ ਨੂੰ ਮੰਤਰੀ ਦੇ ਅਹੁਦੇ ਤੋਂ ਹਟਾਏ ਜਾਣ ਤੋਂ ਬਾਅਦ ਕੋਈ ਵੀ ਦੋਸ਼ ਸਾਬਤ ਨਾ ਹੋਣ ਦੇ ਸਵਾਲ 'ਤੇ ਮੰਤਰੀ ਬਲਬੀਰ ਸਿੰਘ ਨੇ ਕਿਹਾ ਕਿ ਉਨ੍ਹਾਂ ਦਾ ਧਿਆਨ ਪੰਜਾਬ 'ਚ ਸਿਹਤ ਸਹੂਲਤਾਂ ਨੂੰ ਬਿਹਤਰ ਬਣਾਉਣ 'ਤੇ ਹੈ। ਪਹਿਲਾਂ ਕੀ ਹੋਇਆ, ਜਿਸ 'ਤੇ ਦੋਸ਼ ਲੱਗੇ, ਉਹ ਇਸ ਵੱਲ ਧਿਆਨ ਨਹੀਂ ਦੇ ਰਹੇ। 29 ਮਈ 2022 ਨੂੰ ਸਿੱਧੂ ਮੂਸੇਵਾਲਾ ਆਪਣੀ ਬਿਮਾਰ ਮਾਸੀ ਨੂੰ ਮਿਲਣ ਬਰਨਾਲਾ ਜਾ ਰਿਹਾ ਸੀ। ਉਹ ਦੋਸਤਾਂ ਨਾਲ ਮਹਿੰਦਰਾ ਥਾਰ ਵਿੱਚ ਬੈਠਾ ਸੀ, ਰਸਤੇ ਵਿੱਚ ਦਿਨ ਦਿਹਾੜੇ ਉਨ੍ਹਾਂ 'ਤੇ ਗੋਲੀਆਂ ਚਲਾ ਦਿੱਤੀਆਂ ਗਈਆਂ। ਇਸ ਗੋਲੀਬਾਰੀ ਵਿਚ ਉਨ੍ਹਾਂ ਦੀ ਮੌਤ ਹੋ ਗਈ।

ਮੂਸੇਵਾਲਾ ਦੇ ਨਾਲ ਉਸ ਦੇ ਦੋ ਦੋਸਤ ਗੁਰਵਿੰਦਰ ਤੇ ਗੁਰਪ੍ਰੀਤ ਵੀ ਥਾਰ ਵਿਚ ਬੈਠੇ ਸਨ। ਇਹ ਘਟਨਾ ਪਿੰਡ ਜਵਾਹਰਕੇ ਦੀ ਹੈ

। ਇਸ ਕਤਲੇਆਮ ਦੀ ਜ਼ਿੰਮੇਵਾਰੀ ਵਿਦੇਸ਼ ਬੈਠੇ ਗੈਂਗਸਟਰ ਗੋਲਡੀ ਬਰਾੜ ਨੇ ਲਈ ਸੀ। ਬਰਾੜ ਨੇ ਇਸ ਕਤਲ ਨੂੰ ਤਿਹਾੜ ਜੇਲ 'ਚ ਬੈਠੇ ਗੈਂਗਸਟਰ ਲਾਰੈਂਸ ਦੇ ਇਸ਼ਾਰੇ 'ਤੇ ਅੰਜਾਮ ਦਿੱਤਾ ਸੀ। ਇਸ ਮਾਮਲੇ 'ਚ ਹੁਣ ਤੱਕ ਕਰੀਬ 36 ਲੋਕਾਂ ਦੇ ਨਾਂ ਸਾਹਮਣੇ ਆ ਚੁੱਕੇ ਹਨ।

## ਅਪ੍ਰੇਸ਼ਨ ਬਲੂ ਸਟਾਰ ਬਾਰੇ 39 ਸਾਲ ਬਾਅਦ ਆਇਆ ਵੱਡਾ ਬਿਆਨ

# ਕੁਲਦੀਪ ਬਰਾੜ ਨੇ ਇੰਦਰਾ ਗਾਂਧੀ ਨੂੰ ਸਵਾਲਾਂ ਦੇ ਕਟਹਿਰੇ ਵਿਚ ਲਿਆਂਦਾ

ਨਵੀਂ ਦਿੱਲੀ, (ਪੰਜਾਬੀ ਅਖਬਾਰ ਬਿਊਰੋ) : ਅਪ੍ਰੇਸ਼ਨ ਬਲੂ ਸਟਾਰ ਦੀ ਅਗਵਾਈ ਕਰਨ ਵਾਲੇ ਕੁਲਦੀਪ ਬਰਾੜ ਨੇ 39 ਸਾਲ ਬਾਅਦ ਇਕ ਵੱਡਾ ਬਿਆਨ ਦਿਤਾ ਹੈ। ਇਕ ਇੰਟਰਵਿਊ ਦੌਰਾਨ ਕੁਲਦੀਪ ਬਰਾੜ ਨੇ ਕਿਹਾ ਹੈ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੂੰ ਇੰਦਰਾ ਗਾਂਧੀ ਨੇ ਸ਼ਹਿ ਦਿਤੀ ਅਤੇ ਫੇਰ ਖ਼ਤਮ ਕਰਨ ਦੇ ਹੁਕਮ ਵੀ ਖੁਦ ਹੀ ਜਾਰੀ ਕੀਤੇ ਪਰ ਇਹ ਕੰਮ ਕਰਨ ਵਿਚ ਦੇਰ ਕਰ ਦਿਤੀ। ਕੁਲਦੀਪ ਬਰਾੜ ਨੇ ਕਿਹਾ ਕਿ ਪੰਜਾਬ ਦਾ ਮਾਹੌਲ ਵਿਗੜ ਰਿਹਾ ਸੀ ਅਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੂੰ ਕੇਂਦਰ ਸਰਕਾਰ ਤੋਂ ਪੂਰੀ ਸ਼ਹਿ ਮਿਲ ਰਹੀ ਸੀ। ਹਰ ਚੀਜ਼ ਇੰਦਰਾ ਗਾਂਧੀ ਦੇ ਸਾਹਮਣੇ ਹੋ ਰਹੀ ਸੀ ਅਤੇ ਫਿਰ ਅਚਾਨਕ ਇੰਦਰਾ ਗਾਂਧੀ ਨੇ ਦਰਬਾਰ ਸਾਹਿਬ 'ਤੇ ਹਮਲਾ ਕਰਨ ਦਾ ਹੁਕਮ ਦੇ ਦਿਤਾ। ਸਾਕਾ ਨੀਲਾ ਤਾਰਾ ਬਾਰੇ ਅਚਾਨਕ ਇਕ ਸਾਬਕਾ ਫ਼ੌਜੀ ਅਫ਼ਸਰ ਦਾ ਸਿਆਸੀ ਬਿਆਨ ਕਿਸੇ ਨੂੰ ਹਜ਼ਮ ਨਹੀਂ ਹੋ ਰਿਹਾ। ਸਵਾਲ ਉਠਣ ਲੱਗੇ ਹਨ ਕਿ ਫ਼ੌਜ ਵਿਚ ਰਹਿ ਚੁੱਕੇ ਸ਼ਖਸ ਨੇ ਅੱਜ ਤੱਕ ਜ਼ੁਬਾਨ ਕਿਉਂ ਨਹੀਂ ਖੋਲ੍ਹੀ ਅਤੇ ਹੁਣ ਅਚਾਨਕ ਅਜਿਹਾ ਕੀ ਹੋ ਗਿਆ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਗੱਲ ਹੋਣ ਲੱਗੀ। ਇਥੇ ਦਸਣਾ ਬਣਦਾ ਹੈ ਕਿ ਕੁਲਦੀਪ ਬਰਾੜ 'ਤੇ 30 ਸਤੰਬਰ 2012 ਨੂੰ ਲੰਡਨ ਵਿਖੇ ਹਮਲਾ ਕੀਤਾ ਗਿਆ ਜਦੋਂ ਉਹ ਆਪਣੀ ਪਤਨੀ ਨਾਲ ਜਾ ਰਿਹਾ ਸੀ।



# ਅਮਰੀਕਾ ਤੋਂ ਪੰਜਾਬ ਪੁੱਜੇ ਸਿੱਧੂ ਮੂਸੇਵਾਲਾ ਦੇ ਫੈਨ

ਮਾਨਸਾ, (ਪੰਜਾਬੀ ਅਖਬਾਰ ਬਿਊਰੋ) : ਆਪਣੀ ਗਾਇਕੀ ਦੇ ਦਮ 'ਤੇ ਦੁਨੀਆ ਭਰ ਵਿੱਚ ਧੱਕ ਪਾਉਣ ਵਾਲੇ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਫੈਨ ਅਮਰੀਕਾ ਤੋਂ ਪੰਜਾਬ ਪੁੱਜੇ, ਜਿੱਥੇ ਮਾਨਸਾ ਦੇ ਪਿੰਡ ਮੂਸਾ ਵਿਖੇ ਉਨ÷ ਾਂ ਨੇ ਸਿੱਧੂ ਦੇ ਪਰਿਵਾਰ ਨਾਲ ਮੁਲਾਕਾਤ ਕੀਤੀ। ਇਸ ਦੌਰਾਨ ਮਾਤਾ ਚਰਨ ਕੌਰ ਨਾਲ ਮਿਲ ਕੇ ਇਹ ਪਰਿਵਾਰ ਭਾਵੁਕ ਹੋ ਗਿਆ। ਪਰਿਵਾਰ ਨਾਲ ਆਈ ਇੱਕ ਮਹਿਲਾ ਨੇ ਆਪਣੀਆਂ ਬਾਹਾਂ 'ਤੇ ਸਿੱਧੂ ਮੂਸੇਵਾਲਾ ਦੇ ਟੈਟੂ ਬਣਵਾਏ ਹੋਏ ਨੇ। ਅਮਰੀਕਾ ਦੇ ਇਸ ਪੰਜਾਬੀ ਪਰਿਵਾਰ ਨੇ ਕਿਹਾ ਕਿ ਉਨ÷ ਾਂ ਨੂੰ ਯਕੀਨ ਨਹੀਂ ਹੋ ਰਿਹਾ ਕਿ ਮੂਸੇਵਾਲਾ ਸਾਡੇ ਵਿਚਾਲੇ ਨਹੀਂ ਰਿਹਾ। ਉਨ÷ ਾਂ ਕਿਹਾ ਕਿ ਮੂਸੇਵਾਲਾ ਹਮੇਸ਼ਾ ਦਿਲਾਂ ਵਿੱਚ ਜਿਉਂਦਾ ਰਹੇਗਾ।

ਸਿੱਧੂ ਮੂਸੇਵਾਲਾ ਦੀ ਮੌਤ ਨੂੰ ਕਈ ਮਹੀਨੇ ਹੋ ਚੁੱਕੇ ਨੇ। ਦੇਸ਼ਾਂ ਵਿਦੇਸ਼ਾਂ ਵਿੱਚੋਂ ਉਸ ਦੇ ਚਾਹੁੰਣ ਵਾਲੇ ਉਸ ਦੇ ਘਰ ਕੇ ਆਪਣੀ ਸ਼ਰਧਾ ਭਾਵਨਾ ਪ੍ਰਗਟਾ ਰਹੇ ਹਨ। ਇਸ ਦੇ ਨਾਲ ਹੀ ਉਸ ਦੇ ਪਰਿਵਾਰ ਨਾਲ ਵੀ ਦੁੱਖ ਸਾਂਝਾ ਕੀਤਾ ਜਾ ਰਿਹਾ ਹੈ। ਹੁਣ ਇਕ ਪਰਿਵਾਰ ਅਮਰੀਕਾ ਤੋਂ ਆਇਆ ਹੈ, ਜਿਸ ਨੇ ਸਿੱਧੂ ਦੇ ਟੈਟੂ ਬਣਵਾ ਕੇ ਉਸ ਨੂੰ ਸ਼ਰਧਾਂਜਲੀ ਭੇਟ ਕੀਤੀ ਹੈ।

# ਬਚਦਾ ਨਹੀਂ ਬੰਦਾ ਜੀਹਦੇ ਖੰਜ਼ਰ ਖੁੱਬ ਜਾਵੇ, ਲੱਗਦਾ ਪੰਜ ਦਰਿਆ ਦੀ ਧਰਤੀ ਛੇਵੇ ਵਿੱਚ ਨਾ ਡੁੱਬ ਜਾਵੇ

# ਪਾਲੀ ਦੇਤਵਾਲੀਆ







ਜਗਤਾਰ ਸਮਾਲਸਰ
94670-95953

ਜਦੋਂ ਵੀ ਮਿਆਰੀ ਪੰਜਾਬੀ ਗੀਤਕਾਰੀ ਜਾਂ ਗਾਇਕੀ ਦੀ ਗੱਲ ਚੱਲਦੀ ਹੈ ਤਾਂ ਪਾਲੀ ਦੇਤਵਾਲੀਆ ਦਾ ਨਾਮ ਸਭ ਤੋਂ ਮੂਹਰਲੀਆਂ ਸਫ਼ਾ ਵਿੱਚ ਆਉਂਦਾ ਹੈ। ਉਹ ਗਾਇਕੀ ਵਿੱਚ ਪੱਕੇ ਪੈਰੀ ਸਥਾਪਿਤ ਹੋਣ ਤੋਂ ਪਹਿਲਾ ਬਤੌਰ ਪ੍ਰਪੱਕ ਗੀਤਕਾਰ ਸਥਾਪਿਤ ਹੋ ਚੁੱਕਾ ਸੀ। ਭਾਵੇ ਸ਼ੁਰੂ ਵਿੱਚ ਉਸਨੇ ਕੁਝ ਚੱਕਵੇ ਗੀਤ ਵੀ ਲਿਖੇ ਪਰ ਸੁਰਿੰਦਰ ਛਿੰਦੇ ਵਲੋਂ ਗਾਏ 'ਮੈਨੂੰ ਰੱਖ ਲੈ ਕਲੀਂਡਰ ਯਾਰਾਂ ਲੰਬਿਆਂ ਰੂਟਾਂ ਤੇ ਜਾਂ ਸੁੱਖ ਲਈਆਂ ਪੰਜ ਮੱਸਿਆ ਵਰਗੇ ਗੀਤਾਂ ਨੂੰ ਪਾਲੀ ਪ੍ਰਾਇਮਰੀ ਦੀ ਪੜਾਈ ਸਮਝਦਾ ਹੈ। ਉਸਦਾ ਕਹਿਣਾ ਹੈ ਕਿ ਉਸ ਸਮੇਂ ਕੁਝ ਮਾਹੌਲ ਵੀ ਅਜਿਹਾ ਸੀ। ਸ਼ੁਰੂ ਵਿੱਚ ਗੀਤਕਾਰ ਨੂੰ ਸਮਾਜ ਬਾਰੇ ਐਨੀ ਸਮਝ ਨਹੀ ਹੰਦੀ ਪਰ ਜਿਵੇ-ਜਿਵੇ ਉਹ ਸਮਾਜਿਕ ਤੌਰ ਤੇ ਵਿਚਰਦਾ ਹੈ ਤਾਂ ਉਸਦੀ ਰਹਿਣੀ-ਬਹਿਣੀ ਅਤੇ ਬੋਲਚਾਲ ਵਿੱਚ ਤਬਦੀਲੀ ਆਉਣੀ ਸੁਭਾਵਿਕ ਹੈ। ਹੁਣ ਪਿਛਲੇ 30 ਸਾਲ ਤੋਂ ਉਸਨੇ ਅਜਿਹਾ ਕੋਈ ਗੀਤ ਨਹੀ ਲਿਖਿਆ ਜਿਸਨੂੰ ਪਰਿਵਾਰ ਵਿੱਚ ਬੈਠਕੇ ਨਾ ਸੁਣਿਆ ਜਾ ਸਕੇ।

ਪਿੰਡ ਦੇਤਵਾਲ ਜ਼ਿਲ੍ਹਾ ਲੁਧਿਆਣਾ ਵਿੱਚ ਜਨਮਿਆਂ ਪਾਲੀ ਦੇਤਵਾਲੀਆਂ ਆਪਣੇ ਪੰਜ ਭਰਾਵਾਂ ਅਤੇ ਦੋ ਭੈਣਾਂ ਵਿੱਚੋਂ ਸਭ ਤੋਂ ਛੋਟਾ ਹੈ ਪਰ ਉਸਨੇ ਅੱਜ ਜੋ ਗਾਇਕੀ ਤੇ ਗੀਤਕਾਰੀ ਦੇ ਖੇਤਰ ਵਿੱਚ ਨਾਮ ਕਮਾਇਆ ਹੈ ਉਹ ਬਹੁਤ ਵੱਡਾ ਹੈ। ਗਰੀਬੀ ਚੋਂ ਅਤੇ ਇੱਕ ਸਧਾਰਨ ਪਰਿਵਾਰ ਵਿੱਚ ਉੱਠਕੇ ਉਸਨੇ ਸੁਚੱਜੀ ਗਾਇਕੀ ਵਿੱਚ ਜੋ ਰਿਕਾਰਡ ਕਾਇਮ ਕੀਤੇ ਹਨ ਉਹ ਲਾਜਵਾਬ ਹਨ। ਉਸਨੂੰ ਆਪਣੇ ਦੋਸਤਾਂ-ਮਿੱਤਰਾਂ ਤੇ ਰੱਬ ਜਿੱਡਾ ਮਾਣ ਹੈ। 1978 -79 ਵਿੱਚ ਪਾਲੀ ਨੇ ਪਬਲਿਕ ਰਿਲੇਸ਼ਨ ਮਹਿਕਮੇ 'ਚ ਨੌਕਰੀ ਜੁਆਇਨ ਕੀਤੀ ਅਤੇ ਲਗਾਤਾਰ 25 ਸਾਲ ਤੱਕ ਬਤੌਰ ਆਰਟਿਸਟ ਸਟੇਜਾਂ ਸਾਂਝੀਆਂ ਕੀਤੀਆ। ਇਸ ਦੌਰਾਨ ਉਸਨੂੰ 7-8 ਪ੍ਰਧਾਨ ਮੰਤਰੀਆਂ ਦੇ ਪ੍ਰੋਗਰਾਮ ਅਟੈਂਡ ਕਰਨ ਦਾ ਵੀ ਮੌਕਾ ਮਿਲਿਆ।

ਨੌਵੀ ਚ ਪੜਦੇ ਸਮੇ ਸਕੂਲ ਦੇ ਪੀਟੀ ਮਾਸਟਰ ਨੇ ਸਾਰੇ ਵਿਦਿਆਰਥੀਆਂ ਨੂੰ ਜਦੋਂ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਵਸ ਮੌਕੇ ਉਨ੍ਹਾਂ ਦੇ ਜੀਵਨ ਨਾਲ ਸਬੰਧਿਤ ਗੀਤ ਲਿਖਣ ਅਤੇ ਗਾਉਣ ਲਈ ਆਖਿਆ ਤਾਂ ਭਾਵੇ ਉਸ ਸਮੇ ਪਾਲੀ ਗੁਰੂ ਨਾਨਕ ਦੇਵ ਜੀ ਬਾਰੇ ਤਾਂ ਨਹੀ ਲਿਖ ਸਕਿਆ ਪਰ ਉਸ ਦਾ ਲਿਖਿਆ ਅਤੇ ਗਾਇਆ ਗੀਤ 'ਗੁਰੂ ਅਰਜੁਨ ਦੇਵ ਸ਼ਹੀਦਾਂ ਦੇ ਤਾਹੀਓ ਸਿਰਤਾਜ ਕਹਾਉਂਦੇ ਨੇ ਅਤੇ 'ਬਾਜ਼ਾ ਵਾਲਿਆਂ ਕਹਾਣੀ ਤੇਰੀ ਸੁਣਕੇ' ਹਰ ਕੋਈ ਪ੍ਰਭਾਵਿਤ ਹੋਇਆ। ਇਹ ਗੀਤ ਬਾਅਦ ਵਿੱਚ ਰਿਕਾਰਡ ਵੀ ਹੋਏ। ਦਸਵੀ ਵਿੱਚ ਪੜ੍ਹਦੇ ਸਮੇਂ ਹੀ ਉਸਦੇ ਗੀਤ ਰਿਕਾਰਡ ਹੋ ਗਏ ਸਨ।

ਸ਼ੁਰੂ ਵਿੱਚ ਪਾਲੀ ਦੇਤਵਾਲੀਆਂ ਨੂੰ ਮਾਸਟਰ ਗੁਰਦਿਆਲ ਸਿੰਘ ਦਾ ਪੂਰਾ ਸਹਿਯੋਗ ਰਿਹਾ। ਉਹ ਪਾਲੀ ਨੂੰ ਸਾਈਕਲ ਤੇ ਬਿਠਾਕੇ ਲੁਧਿਆਣੇ ਲਿਆਉਂਦੇ ਅਤੇ ਕਲਾਕਾਰਾਂ ਨੂੰ ਮਿਲਾਉਂਦੇ ਇੱਥੋਂ ਹੀ ਉਸਦੀ ਅੰਦਰ ਦੀ ਗਾਇਕੀ ਨੇ ਜਨਮ ਲਿਆ ਅਤੇ ਉਹ ਤਰੱਕੀ ਦੀਆਂ ਮੰਜ਼ਲਾਂ ਨੂੰ ਸਰ ਕਰਨ ਲੱਗਾ ਜੋ ਅੱਜ ਨਿਰੰਤਰ ਜਾਰੀ ਹਨ। ਗਾਇਕੀ ਵਿੱਚ ਪਾਲੀ ਦੇਤਵਾਲੀਆਂ ਸੰਗੀਤ ਸਮਰਾਟ ਚਰਨਜੀਤ ਆਹੂਜਾ ਨੂੰ ਆਪਣਾ ਉਸਤਾਦ ਮੰਨਦਾ ਹੈ। ਸੰਗੀਤ ਸਮਰਾਟ ਚਰਨਜੀਤ ਆਹੂਜਾ ਨਾਲ ਮੁਲਾਕਾਤ ਤੋਂ ਬਾਅਦ ਇੱਕ ਵਾਰ ਜਦੋਂ ਕੁਲਦੀਪ ਮਾਣਕ ਦਾ ਗੀਤ 'ਅਡੋਲ ਖਾਲਸਾ' ਰਿਕਾਰਡ ਹੋ ਰਿਹਾ ਸੀ ਤਾਂ ਉਸ ਸਮੇ ਚਰਨਜੀਤ ਆਹੂਜਾ ਵਲੋਂ ਪਾਲੀ ਦੀ ਆਵਾਜ਼ ਵਿੱਚ ਵੀ ਕੁਝ ਗੀਤ ਰਿਕਾਰਡ ਕੀਤੇ ਗਏ।

ਪਾਲੀ ਨੂੰ ਆਪਣੇ ਪਿੰਡ ਨਾਲ ਅੰਤਾਂ ਦਾ ਮੋਹ ਹੈ। ਉਹ ਕਿਤੋਂ ਵੀ ਪ੍ਰੋਗਰਾਮ ਲਗਾਕੇ ਆਵੇ ਲੁਧਿਆਣੇ ਰਹਿਣ ਦੀ ਬਜਾਏ ਉਸਦੀ ਤਮੰਨਾ ਆਪਣੇ ਪਿੰਡ ਦੇਤਵਾਲ ਪਹੁੰਚਣ ਦੀ ਹੁੰਦੀ ਹੈ। ਉਹਨੂੰ ਆਪਣਾ ਪਿੰਡ ਦੇਤਵਾਲ ਮੱਕੇ ਵਾਂਗ ਲੱਗਦਾ ਹੈ। ਤਾਂ ਹੀ ਉਹ ਲਿਖਦਾ ਹੈ ' ਮੇਰਾ ਪਿੰਡ ਮੈਨੂੰ ਲੱਗੇ ਮੇਰੀ ਮਾਂ ਵਰਗਾ' ਪਾਲੀ ਦੇਤਵਾਲੀਆਂ ਪਿੰਡਾਂ ਦੇ ਸ਼ਹਿਰਾਂ ਵਿੱਚ ਹੋ ਰਹੇ ਰਲੇਵੇਂ ਤੋਂ ਡਾਢਾ ਚਿੰਤਤ ਨਜ਼ਰ ਆਉਂਦਾ ਹੈ। ਉਸਦਾ ਕਹਿਣਾ ਹੈ ਕਿ ਜਿਵੇ-ਜਿਵੇ ਲੋਕ ਸ਼ਹਿਰੀ ਹੋ ਰਹੇ ਨੇ ਉਸੇ ਤਰ੍ਹਾਂ ਹੀ ਮੋਹ-ਮੁਹੱਬਤ ਦੀ ਘਾਟ ਹੋ ਰਹੀ ਹੈ। ਉਹ ਅਜਿਹੇ ਗੰਭੀਰ ਮੁੱਦੇ ਬਾਰੇ ਲਿਖਦਾ ਹੈ

' ਆਉਣਗੇ ਪ੍ਰਾਹੁਣੇ ਸਾਡੇ ਘਰ ਨਹੀ ਥਿਆਉਂਣੇ,
ਦੇਤਵਾਲ ਤੇ ਥਰੀਕੇ ਸ਼ਹਿਰ ਵਿੱਚ ਆ ਗਿਆ,
ਚਾਲੀ ਪਿੰਡਾਂ ਦੀ ਜ਼ਮੀਨ ਲੁਧਿਆਣਾ ਖਾ ਗਿਆ।

ਉਹ ਨਸ਼ਿਆਂ ਦੇ ਖ਼ਿਲਾਫ਼ ਹੈ। ਅਜੋਕੇ ਸਮੇਂ ਵਿੱਚ ਵਧਦੇ ਨਸ਼ਿਆਂ ਦੇ ਦੌਰ ਬਾਰੇ ਉਹ ਲਿਖਦਾ ਹੈ

ਬੋਤਲ ਦਿਆਂ ਸ਼ੌਕੀਨਾਂ ਇੱਕ ਦਿਨ ਲੁੱਟਿਆਂ ਜਾਵੇਗਾ,
ਖਾਲੀ ਬੋਤਲ ਵਾਂਗੂ ਕਬਾੜ ਚ ਸੁੱਟਿਆ ਜਾਵੇਗਾ'

ਉਸਦਾ ਗੀਤ

'ਬਚਦਾ ਨਹੀ ਬੰਦਾ ਜੀਹਦੇ ਖੰਜ਼ਰ ਖੁੱਬ ਜਾਵੇ,
ਲੱਗਦਾ ਪੰਜ ਦਰਿਆ ਦੀ ਧਰਤੀ ਛੇਵੇ ਵਿੱਚ ਨਾ ਡੁੱਬ ਜਾਵੇ'

ਵੀ ਪੰਜਾਬ ਦੀ ਨੌਜਵਾਨ ਪੀੜ੍ਹੀ ਪ੍ਰਤੀ ਚਿੰਤਾ ਦੀ ਤਰਜਮਾਨੀ ਕਰਦਾ ਹੈ।

ਪਾਲੀ ਦੇਤਵਾਲੀਆਂ ਦੇ ਹੁਣ ਤੱਕ ਕਰੀਬ 450 ਗੀਤਾਂ ਨੂੰ ਸੁਰਿੰਦਰ ਛਿੰਦਾ, ਸੋਨੀਆ,ਗੁਲਸ਼ਨ ਕੋਮਲ,ਕੁਲਦੀਪ ਮਾਣਕ,ਸੁਰਿੰਦਰ ਕੌਰ,ਸਵਰਨ ਬਾਵਾ,ਸਦੇਸ਼ ਕਪੂਰ,ਰਮੇਸ਼ ਰੰਗੀਲਾ,ਰੰਗੀਲਾ ਜੱਟ,ਕੁਮਾਰੀ ਲਾਜ,ਕਰਤਾਰ ਰਮਲਾ,ਸੁਖਵੰਤ ਸੁੱਖੀ,ਕੁਲਦੀਪ ਪਾਰਸ,ਸੁਖਵਿੰਦਰ ਸੁੱਖੀ,ਸੀਤਲ ਸਿੰਘ ਸੀਤਲ,ਸੀਮਾ ਸਹਿਤ ਅਨੇਕ ਕਲਾਕਾਰ ਆਪਣੀ ਅਵਾਜ਼ ਦੇ ਚੁੱਕੇ ਹਨ। ਜੇਕਰ ਉਸਦੇ ਮਕਬੂਲ ਗੀਤਾਂ ਦੀ ਗੱਲ ਕਰੀਏ ਤਾਂ

'ਨੀ ਤੂੰ ਮਾਲਵੇ ਦੀ ਜੱਟੀ ਅਖਵਾਉਂਦੀ ਉੱਤੇ ਲੈ ਲਾ ਖੱਟਾ ਡੋਰੀਆਂ,
ਇੱਕ ਵੀਰ ਦੇਈ ਵੇ ਰੱਬਾ ਸਹੁੰ ਖਾਣ ਨੂੰ ਬੜਾ ਚਿੱਤ ਕਰਦਾ,
'ਭੈਣਾਂ ਭਾਵੇ ਲੱਖ ਜਿਉਂਦੀਆਂ ਭਾਈਆਂ ਬਾਜ਼ ਨਹੀ ਸ਼ਰੀਕੇ ਵਿੱਚ ਸਰਦਾ'
ਧੀਆਂ ਪਰਦੇਸਣਾ,
'ਯਾਰਾਂ ਦੀ ਵਧੇ ਦੋਸਤੀ'
ਪੁੱਤਰ ਹੱਟਾਂ ਤੇ ਨਹੀ ਵਿਕਦੇ'
ਪੁੱਤਾਂ ਤਾਹੀਂ ਜਿਉਣ ਜੋਗੇ ਕਹਿਣ ਵਾਲਿਓ ਕਦੇ ਧੀਆਂ ਨੂੰ ਵੀ ਕਿਹਾ ਕਰੋ ਜਿਉਂਣ ਜੋਗੀਆਂ
'ਪਤਲੋਂ ਨੇ ਨੱਚ-ਨੱਚ ਕੇ ਵਿਹੜੇ ਲੰਬੜਾ ਦੇ ਪਾ ਤੀਆ ਦੁਹਾਈਆਂ'
'ਹੁਕਮ ਸੂਬਾ ਸਰਹੰਦ ਸੀ ਲਾਲਾਂ ਨੂੰ ਕਰਦਾ'
'ਜਿਉਣਾ ਮੋੜ'
'ਮਾਂਵਾ ਤੇ ਧੀਆਂ ਵਰਗਾ ਰਿਸ਼ਤਾ ਕੋਈ ਹੋਰ ਨਾ

ਆਦਿ ਉੱਚ ਪੱਧਰ ਦੇ ਸਮਾਜਿਕ ਗੀਤਾਂ ਨੇ ਪੰਜਾਬੀ ਸੰਗੀਤ ਦੇ ਵਿਹੜੇ ਵਿੱਚ ਪਾਲੀ ਦੇਤਵਾਲੀਆਂ ਦੀ ਪਹਿਚਾਣ ਨੂੰ ਗੂੜੇ ਅੱਖਰਾਂ ਵਿੱਚ ਲਿਖ ਦਿੱਤਾ ਹੈ। ਪਾਲੀ ਦੇਤਵਾਲੀਆਂ ਦਾ ਗੀਤ 'ਪੁੱਤ ਜਿਨ੍ਹਾਂ ਦੇ ਫੌਜ਼ੀ ਕਰਮਾਂ ਵਾਲੀਆਂ ਮਾਂਵਾ ਨੇ ' ਚਿੱਠੀ ਲਿਖਦੀ ਮਾਂ ਤੇਰੀ ਅੱਖੀਆਂ ਦਿਆਂ ਤਾਰਿਆਂ ਵੇ,ਤੂੰ ਦੇਸ ਦਾ ਰਾਖਾ ਮੈਨੂੰ ਜਾਨੋਂ ਪਿਆਰਿਆਂ ਵੇ, ਨਾ ਘਰ ਦਾ ਭੋਰਾ ਫ਼ਿਕਰ ਕਰੀ ਨਾ ਚਿੱਤ ਡੁਲਾਵੀ ਤੂੰ ਮਾਂ ਹਿੱਕ ਨਾਲ ਲਾ ਕੇ ਪਿਆਰ ਕਰੋਂ ਜੰਗ ਜਿੱਤਕੇ ਆਵੀ ਤੂੰ ਕਾਰਗਿਲ ਦੀ ਜੰਗ ਸਮੇ ਐਨੇ ਮਕਬੂਲ ਹੋਏ ਕਿ ਇਹ ਗੀਤ ਹਰ ਕਿਸੇ ਦੇ ਜ਼ੁਬਾਨੀ ਯਾਦ ਹੋ ਗਏ ਸਨ। ਉਸ ਸਮੇਂ ਦੂਰਦਰਸ਼ਨ ਜਲੰਧਰ ਤੇ ਇਹ ਗੀਤ ਵਾਰ-ਵਾਰ ਪ੍ਰਸਾਰਿਤ ਹੁੰਦੇ ਰਹੇ।

ਪਾਲੀ ਨੂੰ ਸੋਲੋਂ ਗਾਇਕੀ ਜ਼ਿਆਦਾ ਪਸੰਦ ਹੈ। ਉਸਦਾ ਕਹਿਣਾ ਹੈ ਕਿ ਸੋਲੋਂ ਗੀਤਾਂ ਚ ਆਦਰ-ਮਾਣ ਜ਼ਿਆਦਾ ਹੈ ਅਤੇ ਗੀਤਾਂ ਦਾ ਮਿਆਰ ਬਹੁਤ ਉੱਚਾ ਹੁੰਦਾ ਹੈ। ਦੋਗਾਣਾ ਗਾਇਕੀ ਵਿੱਚ ਸਾਡੇ ਸੱਚੇ ਸੁੱਚੇ ਰਿਸ਼ਤਿਆਂ ਦੀ ਗੱਲ ਹੁੰਦੀ ਹੈ। ਚੁਲਬੁਲਾਪਣ ਹੁੰਦਾ ਹੈ ਜਿਸਨੂੰ ਸਮਝਣ ਦੀ ਲੋੜ ਹੈ। ਉਹ ਹਮੇਸ਼ਾ ਹੀ ਗੀਤਾਂ ਦੀ ਸ਼ਬਦਾਵਲੀ ਦਾ ਮਿਆਰ ਉੱਚਾ ਰੱਖਣ ਦਾ ਹਾਮੀ ਰਿਹਾ ਹੈ। ਪਾਲੀ ਦੇਤਵਾਲੀਆ ਦੋ ਪੈਰ ਘੱਟ ਤੁਰਨਾ ਪਰ ਤੁਰਨਾ ਮੜਕ ਦੇ ਨਾਲ ਵਾਂਗੂੰ ਸੱਚੀ-ਸੁੱਚੀ ਗਾਇਕੀ ਦਾ ਵਾਰਸ ਹੈ। ਉਸਦਾ ਰੁਝਾਨ ਫ਼ਿਲਮਾਂ ਵੱਲ ਨਹੀ ਹੋਇਆ। ਪਾਲੀ ਦੀ ਤਮੰਨਾ ਰੇਡੀਓ,ਟੀਵੀ ਅਤੇ ਅਖਾੜਿਆਂ ਰਾਹੀ ਲੋਕਾਂ ਦੇ ਰੂਬਰੂ ਹੋਣ ਤੱਕ ਸੀਮਤ ਹੈ। ਉਹ ਹੁਣ ਤੱਕ ਇੰਗਲੈਂਡ,ਕੈਨੇਡਾ,ਨਿਊਜ਼ੀਲੈਂਡ, ਆਸਟਰੇਲੀਆ, ਅਮਰੀਕਾ ਸਹਿਤ ਅਨੇਕਾਂ ਦੇਸਾਂ ਦੇ ਟੂਰ ਲਗਾ ਚੁੱਕਾ ਹੈ।

ਪਾਲੀ ਦੇਤਵਾਲੀਆਂ ਦਾ ਕਹਿਣਾ ਹੈ ਕਿ ਬਰਾਤ ਵਿੱਚ ਰੁੱਸੇ ਫੁੱਫੜ ਨੂੰ ਮਨਾਉਣ ਲਈ ਕਈ ਵਾਰ ਹਲਕਾ-ਫੁਲਕਾ ਗਾਉਣਾ ਵੀ ਪੈ ਜਾਂਦਾ ਹੈ ਪਰ ਸਭ ਤੋਂ ਵੱਡੀ ਗੱਲ ਇਹੀ ਹੈ ਕਿ ਗੀਤ ਦੀ ਸ਼ਬਦਾਵਲੀ ਸਹੀ ਹੋਵੇ। ਨੱਚਣ-ਟੱਪਣ ਲਈ ਗੀਤ ਦੇ ਬੋਲ ਨਹੀ ਸਗੋਂ ਸੰਗੀਤ ਕੰਮ ਕਰਦਾ ਹੈ। ਗੀਤ ਸਾਡੇ ਸਾਹਿਤ ਦਾ ਵੱਡਮੁੱਲਾ ਹਿੱਸਾ ਹਨ ਜੋ ਬਹੁਤ ਤੇਜੀ ਨਾਲ ਲੋਕ ਮਨਾਂ ਤੇ ਆਪਣੀ ਛਾਪ ਛੱਡਦੇ ਹਨ ਇਸ ਲਈ ਆਪਣੀ ਜ਼ਿਮੇਵਾਰੀ ਨੂੰ ਸਮਝਦਿਆਂ ਹਰ ਕਲਾਕਾਰ ਨੂੰ ਹਮੇਸ਼ਾ ਚੰਗਾ ਲਿਖਣਾ ਤੇ ਗਾਉਣਾ ਚਾਹਿਦਾ ਹੈ। ਉਸਦਾ ਕਹਿਣਾ ਹੈ ਕਿ ਅੱਜ ਕਈ ਨਵੇਂ ਗਾਇਕ ਬਹੁਤ ਵਧੀਆ ਗਾ ਰਹੇ ਹਨ। ਕੋਰੋਨਾ ਕਾਲ ਵਿੱਚ ਕਲਾਕਾਰਾਂ ਲਈ ਵੀ ਮੁਸ਼ਕਲ ਦੌਰ ਆਇਆ ਪਰ ਹੁਣ ਕਲਾਕਾਰਾਂ ਦੀ ਸਥਿਤੀ ਪਹਿਲਾ ਨਾਲੋਂ ਬਿਹਤਰ ਹੈ। ਕਈ ਵਾਰ ਕਲਾਕਾਰ ਚੰਗਾ ਹੁੰਦਾ ਹੈ ਪਰ ਉਸਨੂੰ ਕੋਈ ਸਟੇਜ ਨਾ ਮਿਲਣ ਕਾਰਨ ਉਹ ਦੱਬਿਆ ਹੀ ਰਹਿ ਜਾਂਦਾ ਹੈ। ਇਸ ਲਈ ਚੰਗੇ ਕਲਾਕਾਰਾਂ ਨੂੰ ਅੱਗੇ ਲਿਆਉਣ ਲਈ ਹਮੇਸ਼ਾ ਸਹਿਯੋਗ ਅਤੇ ਯਤਨ ਹੁੰਦੇ ਰਹਿਣੇ ਚਾਹਿਦੇ ਹਨ। ਉਸਦਾ ਗੀਤ 'ਚਾਲੀ ਪਿੰਡਾਂ ਦੀ ਜ਼ਮੀਨ ਲੁਧਿਆਣਾ ਖਾ ਗਿਆ' ਜਲਦੀ ਹੀ ਦੁਬਾਰਾ ਰਿਕਾਰਡ ਕੀਤਾ ਜਾ ਰਿਹਾ ਹੈ ਅਤੇ ਨਿਰਵੈਰ ਮਾਲੂਪੁਰੀ ਦਾ ਲਿਖਿਆ ਗੀਤ 'ਮੇਰੇ ਪੇਕਿਆਂ ਦੇ ਪਿੰਡੋਂ ਆਉਣ ਠੰਡੀਆਂ ਹਵਾਵਾਂ,ਚਾਅ ਚੱਕਿਆ ਨਾ ਜਾਵੇ ਜਦੋਂ ਵੀਰਾਂ ਕੋਲੋਂ ਜਾਵਾਂ' ਵੀ ਬਹੁਤ ਜਲਦੀ ਹੀ ਸੁਣਨ ਨੂੰ ਮਿਲੇਗਾ। ਸ਼ਾਲਾ ਉਹ ਇਸੇ ਤਰ੍ਹਾਂ ਪੰਜਾਬੀ ਗਾਇਕੀ ਨੂੰ ਅੰਬਰਾਂ ਤੱਕ ਪਹੁੰਚਾਉਂਦਾ ਰਹੇ।

ਏਲਨਾਬਾਦ, ਸਿਰਸਾ

# "ਪਰਿਵਾਰਕ ਰਿਸ਼ਤਿਆਂ ਵਿੱਚ ਵੱਖ ਵੱਖ ਮਾਪ-ਦੰਡ" ਬਾਰੇ ਵਿਚਾਰ ਚਰਚਾ, ਕੈਲਗਰੀ ਦੀਆਂ ਸਿਆਣੀਆਂ ਸੁਆਣੀਆਂ ਵਿਚਕਾਰ ਇੰਝ ਹੋਈ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਵੂਮੇਨ ਕਲਚਰਲ ਐਸੋਸੀਏਸ਼ਨ ਦੀ ਸਾਲ 2023 ਦੀ ਪਹਿਲੀ ਮੀਟਿੰਗ 21 ਜਨਵਰੀ 2023 ਨੂੰ ਜੈਨੇਸਸ ਸੈਂਟਰ ਕੈਲਗਰੀ ਵਿੱਚ, ਸਭਾ ਪ੍ਰਧਾਨ ਬਲਵਿੰਦਰ ਕੌਰ ਬਰਾੜ, ਸਭਾ ਉਪ ਪ੍ਰਧਾਨ ਗੁਰਦੀਸ਼ ਗਰੇਵਾਲ ਅਤੇ ਸਭਾ ਮੈਂਬਰ ਆਸ਼ਾਪਾਲ ਦੀ ਪ੍ਰਧਾਨਗੀ ਹੇਠ ਕੀਤੀ ਗਈ। "ਪਰਿਵਾਰ ਵਿੱਚ ਨੂੰਹ ਤੇ ਧੀ ਬਾਰੇ ਵੱਖ ਵੱਖ ਮਾਪ ਦੰਡ" ਨੂੰ ਵਿਚਾਰ ਚਰਚਾ ਦਾ ਵਿਸ਼ਾ ਬਣਾਇਆ ਗਿਆ ਅਤੇ ਸਾਰੀਆਂ ਭੈਣਾਂ ਨੂੰ ਆਪੋ ਆਪਣੇ ਅਨੁਭਵ ਅਤੇ ਤਜਰਬਿਆਂ ਨੂੰ ਸਾਂਝਾ ਕਰਨ ਦਾ ਸੱਦਾ ਦਿੱਤਾ ਗਿਆ। ਇਸ ਸਬੰਧੀ ਹਾਜ਼ਰ ਸਭਾ ਮੈਂਬਰਾਂ ਵੱਲੋਂ ਪਰਿਵਾਰਕ ਅਤੇ ਸਮਾਜਿਕ ਦੋਹਾਂ ਪਹਿਲੂਆਂ ਬਾਰੇ ਵਿਚਾਰ ਚਰਚਾ ਕੀਤੀ ਗਈ। ਵਿਚਾਰ-ਚਰਚਾ ਦੀ ਸ਼ੁਰੂਆਤ ਗੁਰਜੀਤ ਬੈਦਵਾਨ ਵਲੋਂ ਧਾਰਮਿਕ ਭਾਵਨਾਵਾਂ ਨੂੰ ਮੁੱਖ ਰੱਖਦਿਆਂ ਕੀਤੀ ਗਈ। ਉਹਨਾਂ ਰੱਬ ਤੇ ਭਰੋਸਾ ਅਤੇ ਸਵੈ-ਵਿਸ਼ਵਾਸ ਨੂੰ ਹਰ ਰਿਸ਼ਤੇ ਲਈ ਲਾਜ਼ਮੀ ਦੱਸਿਆ। ਸਤਿੰਦਰ ਕੌਰ ਨੇ ਇੱਕ ਅਧਿਆਪਕ ਹੋਣ ਦੇ ਨਾਤੇ ਲੜਕੀਆਂ ਦੇ ਹਾਲਾਤਾਂ ਬਾਰੇ ਜਾਣਕਾਰੀ ਦਿੱਤੀ ਕਿ ਕਿਵੇਂ ਪੁਰਾਣੇ ਸਮਿਆਂ ਵਿਚ ਮਾਪਿਆਂ ਪਾਸੋਂ ਲੜਕੀਆਂ ਨੂੰ ਸਿੱਖਿਆ ਦੇ ਖੇਤਰ ਵਿਚ ਕੋਈ ਧਿਆਨ ਨਾ ਦੇ ਕੇ ਉਨ੍ਹਾਂ ਦੇ ਵਿਆਹ ਬਾਰੇ ਫਿਕਰਮੰਦ ਹੋਣ ਦੀ ਵਿਚਾਰਧਾਰਾ ਬਦਲ ਚੁੱਕੀ ਹੈ। ਮੁਖਤਿਆਰ ਕੌਰ ਵੱਲੋਂ ਵੀ ਰਾਣੀ ਜਿੰਦਾਂ ਦੀ ਉਦਾਹਰਣ ਦਿੰਦਿਆਂ ਦੱਸਿਆ ਕਿ ਪੁਰਾਣੇ ਸਮਿਆਂ ਵਿੱਚ ਲੜਕੀਆਂ ਦਾ ਪੈਦਾ ਹੋਣਾ ਚੰਗਾ ਨਹੀਂ ਸਮਝਿਆ ਜਾਂਦਾ ਸੀ । ਉਨ੍ਹਾਂ ਕਿਹਾ ਕਿ ਲੜਕੀਆਂ ਨੂੰ ਸਿੱਖਿਆ ਦੇਣਾ ਮਾਂ ਦਾ ਫਰਜ਼ ਸੀ, ਕਿਉਂਕਿ ਮਾਂ ਹੀ ਲੜਕੀਆਂ ਨੂੰ ਪਰਿਵਾਰਕ ਅਤੇ ਸਮਾਜਿਕ ਵਿੱਦਿਆ ਪ੍ਰਦਾਨ ਕਰਦੀ ਸੀ। ਪਿੰਡਾਂ ਅਤੇ ਸ਼ਹਿਰਾਂ ਵਿਚ ਔਰਤਾਂ ਦੀ ਸਿੱਖਿਆ ਵਿੱਚ ਵਖਰੇਵੇਂ ਦੇ ਵਿਸ਼ੇ ਬਾਰੇ ਵੀ ਗੱਲਬਾਤ ਕੀਤੀ ਗਈ। ਜਸਵਿੰਦਰ ਕੌਰ, ਜੋਗਿੰਦਰ ਪੁਰਬਾ , ਸ਼ਵਿੰਦਰ ਕੌਰ ਅਤੇ ਹਰਦੇਵ ਬਰਾੜ ਨੇ ਵੀ ਇਸ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ ਕਿ ਸੱਸ, ਜਿਹੜੀ ਕਦੇ ਆਪ ਵੀ ਨੂੰਹ ਦਾ ਕਿਰਦਾਰ ਨਿਭਾਅ ਚੁੱਕੀ ਹੁੰਦੀ ਹੈ ਉਹ ਆਪਣੀ ਨੂੰਹ ਨਾਲ ਉਹੀ ਵਿਵਹਾਰ ਕਰਦੀ ਹੈ ਜੋ ਪਿਛੇ ਉਸ ਦੀ ਸੱਸ ਨੇ ਉਸ ਨਾਲ ਕੀਤਾ ਹੁੰਦਾ ਹੈ। ਈਰਾਨ ਦੀ ਜੰਮ-ਪਲ ਰਮਿੰਦਰ ਮਾਨ ਵੱਲੋਂ ਇਰਾਨ ਵਿੱਚ ਔਰਤਾਂ ਦੇ ਹਾਲਾਤਾਂ ਬਾਰੇ ਵਿਚਾਰ ਪੇਸ਼ ਕੀਤੇ ਗਏ। ਉਹਨਾਂ ਦੱਸਿਆ ਕੀ ਔਰਤ ਹੋਣ ਦੇ ਨਾਤੇ ਸਹੁਰਾ ਪਰਿਵਾਰ ਅਤੇ ਨੂੰਹ ਵਿਚਕਾਰ ਅਡਜਸਟਮੈਂਟ ਦੋਹਾਂ ਧਿਰਾਂ ਵੱਲੋਂ ਜ਼ਰੂਰੀ ਹੈ। ਰਾਜਵੰਤ ਮਾਨ ਨੇ ਦੱਸਿਆ ਕਿ ਪੁਰਾਣੇ ਸਮਿਆਂ ਵਿਚ ਧੀ ਪ੍ਰਤੀ ਮਾਪਿਆਂ ਦਾ ਰਵਈਆ ਵਧੇਰੇ ਸਖ਼ਤ ਹੋਇਆ ਕਰਦਾ ਸੀ, ਔਰਤਾਂ ਨੂੰ ਮਨਮਰਜ਼ੀ ਦਾ ਵਿਆਹ ਅਤੇ ਪੜ੍ਹਨ ਦੀ ਖੁੱਲ੍ਹ ਨਹੀਂ ਸੀ। ਅਜੋਕੀ ਔਰਤ ਆਪਣੇ ਹੱਕਾਂ ਲਈ ਵਧੇਰੇ ਜਾਗਰੂਕ ਹੈ। ਗੁਰਿੰਦਰ ਸਿੱਧੂ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਸੁਭਾਅ ਵਿਚ ਨਿਮਰਤਾ ਤੇ ਧੀਰਜ ਦੀ ਘਾਟ ਅਜੋਕੇ ਰਿਸ਼ਤਿਆਂ ਵਿਚ ਖਟਾਸ ਦਾ ਕਾਰਨ ਬਣਦੀ ਹੈ ਜਦਕਿ ਪੁਰਾਣੇ ਸਮਿਆਂ ਵਿੱਚ ਸੁਭਾਵਿਕ ਹਲੀਮੀ ਵਧੇਰੇ ਹੋਣ ਕਾਰਨ ਰਿਸ਼ਤਿਆਂ ਵਿਚ ਸਾਂਝ ਬਣੀ ਰਹਿੰਦੀ ਸੀ। ਸਭਾ ਉਪ- ਪ੍ਰਧਾਨ ਗੁਰਦੀਸ਼ ਗਰੇਵਾਲ ਨੇ ਅਜੋਕੇ ਸਮਿਆਂ ਵਿਚ ਹੋਸਟਲ ਕਲਚਰ ਦੀ ਹੋਂਦ ਨੂੰ ਬਿਆਨਦਿਆਂ ਦੱਸਿਆ ਕਿ ਲੜਕੀਆਂ ਪਰਿਵਾਰ ਵਿਚ ਪਹਿਲਾਂ ਨਾਲੋਂ ਘੱਟ ਸਮਾਂ ਗੁਜ਼ਾਰਦੀਆਂ ਹਨ, ਉਹਨਾਂ ਨੂੰ ਉੱਚ ਸਿੱਖਿਆ ਲਈ ਘਰ ਤੋਂ ਦੂਰ ਰਹਿਣਾ ਪੈਂਦਾ ਹੈ ਜਿਸ ਕਾਰਨ ਪਰਿਵਾਰਕ ਕੰਮਾਂ ਕਾਰਾਂ ਦੀ ਸੂਝ ਪਹਿਲਾਂ ਨਾਲੋਂ ਘੱਟ ਹੈ। ਉਹਨਾਂ ਦੱਸਿਆ ਕਿ ਕਿ ਜੇਕਰ ਅਸੀਂ ਇਹਨਾਂ ਹਾਲਾਤਾਂ ਨੂੰ ਸਮਝਦੇ ਹੋਏ ਆਪਣੀਆਂ ਧੀਆਂ ਅਤੇ ਨੂੰਹਾਂ ਦੋਨਾਂ ਨੂੰ ਇੱਕ ਸਮਾਨ ਸਮਝੀਏ ਤਾਂ ਰਿਸ਼ਤਿਆਂ ਦੀ ਮਿਠਾਸ ਨੂੰ ਬਰਕਰਾਰ ਰੱਖਿਆ ਜਾ ਸਕਦਾ ਹੈ। ਕਿਰਨ ਕਲਸੀ ਵੱਲੋਂ ਪੇਸ਼ ਵਿਚਾਰ ਅਨੁਸਾਰ ਇਕ ਔਰਤ ਨੂੰ ਮਾਂ ਤੇ ਸੱਸ ਹੋਣ ਦੀ ਜ਼ਿੰਮੇਵਾਰੀ ਨੂੰ ਬਹੁਤ ਹੀ ਸਮਝਦਾਰੀ ਨਾਲ ਨਿਭਾਉਣਾ ਚਾਹੀਦਾ ਹੈ। ਉਹਨਾਂ ਐਡਜਸਟਮੈਂਟ ਅਤੇ ਹਲੀਮੀ ਨੂੰ ਦੋਹਾਂ ਧਿਰਾਂ ਵੱਲੋਂ ਅਪਨਾਉਣਾਂ ਲਾਜਮੀਂ ਦੱਸਿਆ। ਬਲਜਿੰਦਰ ਗਿੱਲ ਵੱਲੋਂ ਸੰਯੁਕਤ ਪਰਿਵਾਰਾਂ ਅਤੇ ਅਜੋਕੇ ਛੋਟੇ ਪਰਿਵਾਰਾਂ ਵਿੱਚਲੇ ਅੰਤਰ ਨੂੰ ਅਜੋਕੇ ਰਿਸ਼ਤਿਆਂ ਵਿੱਚ ਬਦਲਾਵ ਦਾ ਕਾਰਨ ਦੱਸਿਆ ਗਿਆ। ਡਾ ਬਲਵਿੰਦਰ ਕੌਰ ਬਰਾੜ ਵੱਲੋਂ ਵੀ ਪਰਿਵਾਰਾਂ ਵਿੱਚ ਔਰਤਾਂ ਤੇ ਰਿਸ਼ਤਿਆਂ ਪ੍ਰਤੀ ਦੋਹਰੀ ਮਾਨਸਿਕਤਾ ਹੋਣ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ ਗਏ। ਵਿਚਾਰ ਚਰਚਾ ਦੇ ਅੰਤ ਵਿਚ ਦੋਹਾਂ ਧਿਰਾਂ ਪਾਸੋਂ ਐਡਜਸਟਮੈਂਟ, ਹਲੀਮੀ, ਨਿਮਰਤਾ ,ਸਤਿਕਾਰ ਅਤੇ ਇਕ ਦੂਸਰੇ ਦੀਆਂ ਭਾਵਨਾਵਾਂ ਦੀ ਕਦਰ ਨੂੰ ਖੁਸ਼ਹਾਲ ਰਿਸ਼ਤਿਆਂ ਦੀ ਕੁੰਜੀ ਦੱਸਿਆ ਗਿਆ। ਗੁਰਚਰਨ ਕੌਰ ਥਿੰਦ ਨੇ ਵਿਚਾਰ-ਚਰਚਾ ਨੂੰ ਸਮੇਟਦਿਆਂ ਦੱਸਿਆ ਕਿ ਅਡਜਸਟਮੈਂਟ , ਨਿਮਰਤਾ ਅਤੇ ਹਲੀਮੀ ਕਿੰਨੀ ਅਤੇ ਕਿਸ ਹੱਦ ਤੱਕ ਹੋਣੀ ਚਾਹੀਦੀ ਹੈ, ਇਹਨਾਂ ਮਾਪਦੰਡਾਂ ਨੂੰ ਨਿਯਮਤ ਕਰਨ ਦੀ ਜ਼ਰੂਰਤ ਹੈ। ਸੁਖਜੀਤ ਸੈਣੀ ਵੱਲੋਂ ਮੰਚ ਸੰਚਾਲਨ ਵਿੱਚ ਸਹਿਯੋਗ ਕੀਤਾ ਗਿਆ। ਮੀਟਿੰਗ ਦਾ ਅੰਤ ਗੁਰਚਰਨ ਕੌਰ ਥਿੰਦ ਵੱਲੋਂ ਹਾਜ਼ਰ ਸਭਾ ਮੈਂਬਰਾਂ ਦਾ ਵਿਚਾਰ-ਚਰਚਾ ਵਿੱਚ ਭਰਵਾਂ ਹਿੱਸਾ ਲੈਣ ਲਈ ਧੰਨਵਾਦ ਕਰਦਿਆਂ ਕੀਤਾ ਗਿਆ।




Punjabi Chulha ਪੰਜਾਬੀ ਚੁੱਲ੍ਹਾ Restaurant & Sweet Shop
We Do Take-Out & Catering For All Events
ਫੋਨ ਆ ਗਿਆ ਕਿ ਘਰ ਪ੍ਰਾਹੁਣੇ ਆ ਰਹੇ ਨੇ ਐਵੇ ਨਾ ਡਰੋ !
"ਪੰਜਾਬੀ ਚੁੱਲੇ" ਦੇ ਖਾਣਿਆਂ ਨਾਲ ਮਹਿਮਾਨਾ ਦੀ ਆਓ ਭਗਤ ਕਰੋ !
ਦਿਲ ਚਾਹੇ ਉੱਥੇ ਬੈਠ ਕੇ ਖਾਓ-ਦਿਲ ਚਾਹੇ ਘਰ ਲੈ ਜਾਓ !
ਆਪਣੇ ਘਰ ਵੇਲਣੇ ਨੂੰ ਛੁੱਟੀ, ਬੱਸ ਵੇਲਣੇ ਦੀ ਥਾਂ ਫੋਨ ਘੁਮਾਓ !
ਪੰਜਾਬੀ ਚੁੱਲ੍ਹਾ ਰੈਸਟੋਰੈਂਟ
ਕੈਲਗਰੀ ਸਕਾਈਵਿਊ ਦੇ ਰੈਡ ਸਟੋਨ ਏਰੀਆ ਵਿੱਚ ਖੁੱਲ ਗਿਆ ਹੈ।
83 Martindale Blvd NE Calgary, AB T3J 3M7
P: 403-453-9000 / C:403-477-5142





CHANDIGARH DRIVING SCHOOL
Don't Learn Safety by Accident
Class 1, 3 & 5
Brush up 1, 3 & 5
Certification Courses
Air Brake (Q endorsement)
Advance Training Course
Car & Tractor Trailor for Road Test
RAVINDER SINGH SOHI
Alberta Certified Class 1,3,5
(Driving Instructor)
We Can Speak English, German, Punjabi, Hindi & Urdu
We have 24 years Experience
Auto & Manual Truck For Training
ਵਧੀਆ ਸੇਵਾਵਾਂ, ਵਾਜਬ ਕੀਮਤਾਂ
ਚੰਡੀਗੜ੍ਹ ਡਰਾਈਵਿੰਗ ਸਕੂਲ
Ph.:403-826-9150
ਸੈਕਟਰ 9 ਚੰਡੀਗੜ੍ਹ ਦੇ ਜੰਮਪਲ ਰਵਿੰਦਰ ਸਿੰਘ ਸੋਹੀ ਨੇ ਖੋਲ੍ਹ ਦਿੱਤਾ
Email : cdscalgary@yahoo.ca



Any Commercial or Domestic disposable items, like sofa, table,chair, bed, mattress, washer, dryer, fridge etc.or any lumber, we will pickup from your construction site/residence at a very reasonable rate.
Junk Dump Edmonton
Junk Removal
Call: 780 700 5022
ਕਮਰਸ਼ੀਅਲ ਜਾਂ ਘਰ ਦਾ ਕੋਈ ਵੀ ਪੁਰਾਣਾ ਫਰਨੀਚਰ ਜਿਵੇਂ ਕਿ ਸੋਫੇ, ਟੇਬਲ, ਗੱਦੇ, ਬੈਡ, ਵਾਸ਼ਰ, ਡਰਾਈਅਰ, ਫਰਿੱਜ ਕਿੱਸੇ ਵੀ ਕਿਸਮ ਦਾ ਸਮਾਨ ਹੋਵੇ ਅਸੀ ਆਪ ਤੁਹਾਡੇ ਘਰੋ ਵਾਜਬ ਕੀਮਤਾਂ ਤੇ ਲੈਕੇ ਜਾਵਾਂਗੇ ਤੇ ਉਹਨਾਂ ਨੂੰ ਡਿਸਪੋਜ ਕਰਾਂਗੇ !



# ਸਿਪਾਹੀ ਤੋਂ ਪਦਮ ਸ੍ਰੀ ਤੱਕ ਪਹੁੰਚਣ ਵਾਲਾ ਸਿਰੜੀ ਖੋਜੀ

# ਡਾ. ਰਤਨ ਸਿੰਘ ਜੱਗੀ



ਉਜਾਗਰ ਸਿੰਘ

ਸਾਡੇ ਨੌਜਵਾਨ ਪੰਜਾਬ ਵਿੱਚ ਰੋਜ਼ਗਾਰ ਦੀ ਘਾਟ ਦਾ ਬਹਾਨਾ ਬਣਾ ਕੇ ਪਰਵਾਸ ਵਲ ਵਹੀਰਾਂ ਘੱਤ ਕੇ ਜਾ ਰਹੇ ਹਨ। ਉਨ੍ਹਾਂ ਲਈ ਡਾ.ਰਤਨ ਸਿੰਘ ਜੱਗੀ ਪ੍ਰੇਰਨਾ ਸਰੋਤ ਬਣ ਸਕਦੇ ਹਨ, ਜਿਹੜੇ ਆਪਣੀ ਮਿਹਨਤ ਅਤੇ ਦ੍ਰਿੜ੍ਹ ਇਰਾਦੇ ਕਰਕੇ ਇਕ ਪੁਲਿਸ ਦੇ ਸਿਪਾਹੀ ਤੋਂ ਭਰਤੀ ਹੋ ਕੇ ਪਦਮ ਸ੍ਰੀ ਦੀ ਉਪਾਧੀ ਤੱਕ ਪਹੁੰਚ ਗਏ ਹਨ। ਭਾਰਤ ਸਰਕਾਰ ਨੇ ਡਾ.ਰਤਨ ਸਿੰਘ ਜੱਗੀ ਨੂੰ ਸਾਹਿਤ ਅਤੇ ਸਿਖਿਆ ਦੇ ਖੇਤਰ ਵਿੱਚ ਯੋਗਦਾਨ ਪਾਉਣ ਲਈ ਪਦਮ ਸ੍ਰੀ ਦੇਣ ਦਾ ਐਲਾਨ ਕੀਤਾ ਹੈ। ਦੇਸ਼ ਵਿੱਚੋਂ 91 ਵਿਅਕਤੀਆਂ ਨੂੰ ਪਦਮ ਸ੍ਰੀ ਦਾ ਖਿਤਾਬ ਐਲਾਨ ਕੀਤਾ ਗਿਆ ਹੈ, ਪੰਜਾਬ ਵਿੱਚੋਂ ਇਕੱਲੇ ਡਾ.ਰਤਨ ਸਿੰਘ ਜੱਗੀ ਹਨ। ਸੰਸਾਰ ਵਿਚ ਕੋਈ ਕੰਮ ਵੀ ਅਸੰਭਵ ਨਹੀਂ ਹੁੰਦਾ ਜੇਕਰ ਉਸਨੂੰ ਕਰਨ ਵਾਲੇ ਵਿਅਕਤੀ ਦਾ ਦ੍ਰਿੜ੍ਹ ਇਰਾਦਾ, ਲਗਨ ਅਤੇ ਮਿਹਨਤੀ ਸੁਭਾਅ ਹੋਣਾ ਹੋਵੇ। ਸਾਡੇ ਨੌਜਵਾਨ ਔਖੇ ਕੰਮ ਨੂੰ ਕਰਨ ਦੀ ਹਿੰਮਤ ਕਰਨ ਤੋਂ ਪਹਿਲਾਂ ਹੀ ਢੇਰੀ ਢਾਅ ਬੈਠਦੇ ਹਨ ਸੀ। ਹੁਣ ਪ੍ਰੰਤੂ ਕੁਝ ਅਜਿਹੇ ਉਦਮੀ ਹੁੰਦੇ ਹਨ, ਜਿਹੜੇ ਜਿਸ ਕੰਮ ਨੂੰ ਕਰਨ ਬਾਰੇ ਸੋਚ ਲੈਣ ਉਸਨੂੰ ਪੂਰਾ ਕਰਕੇ ਹੀ ਹੱਟਦੇ ਹਨ। ਇਨ੍ਹਾਂ ਉਦਮੀਆਂ ਵਿਚ ਹੀ ਇੱਕ ਅਜਿਹਾ ਖੋਜੀ ਧੁਰੰਦਰ ਵਿਦਵਾਨ ਸਾਹਿਤਕਾਰ ਡਾ.ਰਤਨ ਸਿੰਘ ਜੱਗੀ ਹੈ, ਉਸਨੇ ਜਿਸ ਵੀ ਅਤਿ ਕਠਨ ਕੰਮ ਨੂੰ ਹੱਥ ਪਾਇਆ ਉਤਨੀ ਦੇਰ ਚੈਨ ਨਾਲ ਟਿਕ ਕੇ ਨਹੀਂ ਬੈਠਿਆ, ਜਿਤਨੀ ਦੇਰ ਉਸਨੂੰ ਨੇਪਰੇ ਨਹੀਂ ਚਾੜ੍ਹ ਲਿਆ। ਸਾਹਿਤਕ ਅਤੇ ਇਤਿਹਾਸਕ ਖੋਜ ਦੇ ਕੰਮਾਂ ਵਿਚ ਉਸਨੂੰ ਅਨੇਕਾਂ ਮੁਸ਼ਕਲਾਂ ਅਤੇ ਤਕਲੀਫਾਂ ਦਾ ਮੁਕਾਬਲਾ ਕਰਨਾ ਪਿਆ। ਕਈ ਵਾਰ ਤਾਂ ਜਾਨ ਵੀ ਜੋਖ਼ਮ ਵਿਚ ਪਾਉਣੀ ਪਈ ਪ੍ਰੰਤੂ ਉਸਨੇ ਜੋ ਨਿਸ਼ਾਨਾ ਮਿਥਿਆ ਉਸਨੂੰ ਹਰ ਹਾਲਤ ਵਿਚ ਪੂਰਾ ਕੀਤਾ। ਉਸਦੀ ਬਚਪਨ ਤੋਂ ਲੈ ਕੇ ਹੁਣ ਤੱਕ ਸਾਰੀ ਜ਼ਿੰਦਗੀ ਹੀ ਜਦੋਜਹਿਦ ਵਾਲੀ ਰਹੀ ਹੈ। ਇਨ੍ਹਾਂ ਖੋਜਾਂ ਲਈ ਉਸਨੂੰ ਸਾਰੇ ਦੇਸ਼ ਦਾ ਭਰਮਣ ਕਰਨਾ ਪਿਆ। ਭਾਵੇਂ ਉਸਨੂੰ ਦਸਵੀਂ ਤੋਂ ਬਾਅਦ ਪਰਿਵਾਰ ਪੜ੍ਹਾਉਣਾ ਨਹੀਂ ਚਾਹੁੰਦਾ ਸੀ ਪ੍ਰੰਤੂ ਉਸਦੀ ਲਗਨ ਅਤੇ ਦ੍ਰਿੜ੍ਹਤਾ ਨੇ ਸਾਹਿਤਕ ਖੇਤਰ ਦੀ ਸਭ ਤੋਂ ਸਰਵੋਤਮ ਡਿਗਰੀ ਡੀ.ਲਿਟ.ਪ੍ਰਾਪਤ ਕਰਕੇ ਹੀ ਦਮ ਲਿਆ। ਡੀ.ਲਿਟ.ਵੀ ਇੱਕ ਨਹੀਂ ਸਗੋਂ ਤਿੰਨ-ਤਿੰਨ ਪ੍ਰਾਪਤ ਕੀਤੀਆਂ। ਦੇਸ਼ ਦੀ ਵੰਡ ਨੇ ਵੀ ਉਸਦੇ ਰਸਤੇ ਵਿਚ ਰੁਕਾਵਟਾਂ ਖੜ੍ਹੀਆਂ ਕੀਤੀਆਂ। ਪੱਛਵੀਂ ਪੰਜਾਬ ਤੋਂ ਪੂਰਬੀ ਪੰਜਾਬ ਵਿਚ ਤਪਾਮੰਡੀ, ਨਰਾਇਣਗੜ੍ਹ ਕੋਲ ਅੰਬਾਲਾ ਜਿਲ੍ਹੇ ਦੇ ਲੋਟੋਂ ਪਿੰਡ ਜਿਥੇ ਪਰਿਵਾਰ ਨੂੰ ਜ਼ਮੀਨa ਅਲਾਟ ਹੋਈ ਸੀ, ਲੁਧਿਆਣਾ, ਦਿੱਲੀ, ਸੋਨੀਪਤ, ਅਖ਼ੀਰ ਪਟਿਆਲਾ ਆ ਕੇ ਵਸ ਗਏ। ਸਭ ਤੋਂ ਪਹਿਲਾਂ ਉਨ੍ਹਾਂ ਅੰਬਾਲੇ ਫ਼ੌਜ ਵਿਚ ਸਿਵਲੀਅਨ ਕਲਰਕ ਦੀ ਨੌਕਰੀ ਕੀਤੀ।

ਇੱਕ ਮਹੀਨੇ ਬਾਅਦ ਦਿੱਲੀ ਵਿਖੇ ਪੁਲਿਸ ਵਿਭਾਗ ਦੇ ਗੁਪਤਚਰ ਵਿਭਾਗ ਵਿਚ 7 ਜਨਵਰੀ 1949 ਨੂੰ ਨੌਕਰੀ 135 ਰੁਪਏ ਮਹੀਨਾ ਨਾਲ ਸ਼ੁਰੂ ਕੀਤੀ ਅਤੇ ਲਗਪਗ 7 ਸਾਲ ਨੌਕਰੀ ਕਰਦਿਆਂ ਪਹਿਲਾਂ ਗਿਆਨੀ, ਐਫ.ਏ.ਅਤੇ ਪ੍ਰਭਾਕਰ ਪਾਸ ਕੀਤੀਆਂ। ਇਸ ਤੋਂ ਇਲਾਵਾ 1952 ਵਿਚ ਬੀ.ਏ.ਪਾਰਟ ਟਾਈਮ ਅਤੇ ਬਾਅਦ ਵਿਚ ਬੀ.ਏ.ਫਾਰਸੀ, ਹਿੰਦੀ ਅਤੇ ਸੰਸਕ੍ਰਿਤ ਵਿਚ ਵੀ ਪਾਸ ਕੀਤੀਆਂ। ਈਵਨਿੰਗ ਕਲਾਸਾਂ ਵਿਚ ਪੱਤਰਕਾਰਤਾ ਦਾ ਡਿਪਲੋਮਾ ਵੀ ਕੀਤਾ। 1955 ਵਿਚ ਐਮ.ਏ.ਪੰਜਾਬੀ ਅਤੇ 1957 ਵਿਚ ਐਮ.ਏ.ਹਿੰਦੀ ਪਾਸ ਕੀਤੀਆਂ। ਇਹ ਸਾਰੀ ਪੜ੍ਹਾਈ ਦਿੱਲੀ ਰਹਿੰਦਿਆਂ ਕੀਤੀ। 95 ਸਾਲ ਦੀ ਉਮਰ ਵਿਚ ਵੀ ਉਹ ਖੋਜ ਪ੍ਰਤੀ ਪੂਰੇ ਸੁਚੇਤ ਹਨ, ਅਜੇ ਵੀ ਸਿੱਖ ਸੰਕਲਪ ਦੀ ਪੂਰਤੀ ਲਈ ਲਗਾਤਾਰ ਖੋਜ ਕਰ ਰਿਹਾ ਹੈ। ਪੰਜਾਬੀ ਭਾਸ਼ਾ ਅਤੇ ਸਾਹਿਤ ਨਾਲ ਦਿਲੋਂ ਜੁੜੇ ਹੋਏ ਰਤਨ ਸਿੰਘ ਜੱਗੀ ਦਾ ਜਨਮ ਪੱਛਵੀਂ ਪੰਜਾਬ ਦੇ ਅਟਕ ਜਿਲ੍ਹੇ ਦੇ ਪਿੰਡ ਪਿੰਡੀਘੇਬ ਵਿਖੇ 27 ਜੁਲਾਈ 1927 ਨੂੰ ਮਾਤਾ ਨਾਨਕੀ ਦੇਵੀ ਅਤੇ ਪਿਤਾ ਲੋੜੀਂਦਾ ਮੱਲ ਜੱਗੀ ਦੇ ਘਰ ਹੋਇਆ ਇਹ ਪਿੰਡ ਪਾਕਿਸਤਾਨ ਦੇ ਕੈਂਬਲਪੁਰ ਜਿਲ੍ਹੇ ਵਿਚ ਹੈ। ਬਚਪਨ ਵਿਚ ਪੂਰਾ ਨਟਖਟ ਰਤਨ ਸਿੰਘ ਜੱਗੀ ਗੁੱਲੀ ਡੰਡਾ, ਕਬੱਡੀ ਅਤੇ ਘੁਲਣ ਦਾ ਸ਼ੌਕੀਨ ਰਿਹਾ ਹੈ। ਪੰਜ ਭਰਾ ਅਤੇ ਦੋ ਭੈਣਾ ਦੇ ਪਰਿਵਾਰ ਦੇ ਗੁਜ਼ਾਰੇ ਲਈ ਆਪਣੇ ਪਿਤਾ ਦਾ ਪੂਰਾ ਸਹਿਯੋਗੀ ਰਿਹਾ। ਘੁਲਾੜੀ ਚਲਾਉਂਦਾ ਅਤੇ ਘੁਲਾੜੀ ਵਿਚ ਗੰਨੇ ਵੀ ਦਿੰਦਾ ਰਿਹਾ। ਉਸ ਦੇ ਪਿਤਾ ਨੇ ਪਰਿਵਾਰ ਦੇ ਪਾਲਣ ਪੋਸ਼ਣ ਲਈ ਖੇਤੀਬਾੜੀ ਦੇ ਨਾਲ ਵਿਓਪਾਰ ਅਤੇ ਠੇਕੇਦਾਰੀ ਵੀ ਕੀਤੀ। ਉਹ ਹਮੇਸ਼ਾ ਉਨ੍ਹਾਂ ਦੇ ਨਾਲ ਹੁੰਦੇ ਸਨ। ਇਸ ਕਰਕੇ ਉਨ੍ਹਾਂ ਨੇ ਵਿਸ਼ਾਲ ਤਜ਼ਰਬਾ ਗ੍ਰਹਿਣ ਕੀਤਾ। ਉਸ ਦਾ ਦਾਦਾ ਮੂਲ ਰਾਜ ਜੱਗੀ ਹਿਕਮਤ ਦਾ ਕੰਮ ਕਰਦਾ ਸੀ। ਪੜ੍ਹਨ ਲਿਖਣ ਦਾ ਸ਼ੌਕ ਉਸ ਨੂੰ ਬਚਪਨ ਤੋਂ ਮਹੰਤ ਪੰਡਿਤ ਸੁੱਚਾ ਸਿੰਘ ਦੀ ਪ੍ਰੇਰਨਾ ਨਾਲ ਪੈ ਗਿਆ ਸੀ। ਖੋਜ ਦੇ ਕੰਮ ਲਈ ਪੰਜਾਬੀ ਵਿਚ ਡਾ.ਹਰਿਭਜਨ ਸਿੰਘ ਅਤੇ ਹਿੰਦੀ ਵਿਚ ਹਜ਼ਾਰੀ ਪ੍ਰਸਾਦਿ ਦਿਵੇਦੀ ਉਨ੍ਹਾਂ ਦੇ ਪ੍ਰੇਰਨਾ ਸਰੋਤ ਸਨ। ਅੱਠਵੀਂ ਤੱਕ ਦੀ ਪੜ੍ਹਾਈ ਉਸ ਨੇ ਪਿੰਡੀਘੇਬ ਖਾਲਸਾ ਸਕੂਲ ਅਤੇ ਦਸਵੀਂ 1943 ਵਿਚ ਸਰਕਾਰੀ ਹਾਈ ਸਕੂਲ ਪਿੰਡੀਘੇਬ ਤੋਂ ਪਾਸ ਕੀਤੀ। ਦਸਵੀਂ ਤੱਕ ਪੜ੍ਹਾਈ ਲੈਂਪ ਦੀ ਰੌਸ਼ਨੀ ਵਿਚ ਹੀ ਕੀਤੀ। ਉਹ ਕਿਹੜੀ ਸਮੱਸਿਆ ਹੈ, ਜਿਸਦਾ ਰਤਨ ਸਿੰਘ ਜੱਗੀ ਨੇ ਮੁਕਾਬਲਾ ਨਹੀਂ ਕੀਤਾ ਪ੍ਰੰਤੂ ਹਮੇਸ਼ਾ ਸਫਲਤਾ ਉਸ ਦੇ ਪੈਰ ਚੁੰਮਦੀ ਰਹੀ। ਮੁੱਢਲੀ ਸਿਖਿਆ ਪ੍ਰਾਪਤ ਕਰਨ ਉਪਰੰਤ ਉਸ ਨੇ ਐਮ. ਏ .ਪੰਜਾਬੀ ਅਤੇ ਹਿੰਦੀ ਦੇ ਵਿਸ਼ਿਆਂ ਵਿੱਚ ਕੀਤੀ। ਇਸ ਤੋਂ ਬਾਅਦ ਪੀ .ਐਚ.ਡੀ. ਅਤੇ ਡੀ. ਲਿਟ. ਦੀਆਂ ਡਿਗਰੀਆਂ ਪ੍ਰਾਪਤ ਕੀਤੀਆਂ । ਉਸ ਦਾ ਸੁਭਾਅ ਸ਼ੁਰੂ ਤੋਂ ਹੀ ਖੋਜੀ ਰਿਹਾ ਹੈ। ਉਸ ਹਰ ਕੰਮ ਖੋਜ ਦੇ ਆਧਾਰ ਤੇ ਕਰਨ ਦੇ ਆਦੀ ਹਨ, ਇਸ ਕਰਕੇ ਹੀ ਉਸ ਨੂੰ ਖੋਜੀ ਸਾਹਿਤਕਾਰ ਕਿਹਾ ਜਾਂਦਾ ਹੈ। ਉਹ ਮੁੱਖ ਤੌਰ ਤੇ ਗੁਰਬਾਣੀ, ਪੁਰਾਤਨ ਪੰਜਾਬੀ ਵਾਰਤਕ, ਪੁਰਾਤਨ ਹੱਥ ਲਿਖਤਾਂ ਅਤੇ ਇਤਿਹਾਸ ਆਦਿ ਦੇ ਵਿਸ਼ਿਆਂ ਨੂੰ ਚੁਣਦੇ ਹਨ ਅਤੇ ਉਹਨਾਂ ਤੇ ਵਿਸ਼ਿਆਂ ਤੇ ਉਸ ਦੀਆਂ 144 ਪੁਸਤਕਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ। ਡਾ. ਜੱਗੀ ਅੱਧੀ ਸਦੀ ਤੋਂ ਪੰਜਾਬੀ ਸਾਹਿਤ ਜਗਤ ਦੀ ਸੇਵਾ ਕਰ ਰਿਹਾ ਹੈ। ਉਸ ਨੇ ਜੀਵਨੀ ਸਾਹਿਤ ਉਪਰ ਵੀ ਤਿੰਨ ਪੁਸਤਕਾਂ ਭਾਈ ਗੁਰਦਾਸ ਦੀਆਂ ਵਾਰਾਂ ਬਾਰੇ ਸ਼ਬਦ ਕੋਸ਼ ਤੇ ਅਨੁਕਰਮਣਿਕਾ ਅਤੇ ਚਾਰ ਹਵਾਲਾ ਕੋਸ਼ ਲਿਖੇ ਹਨ। ਸੰਪਾਦਨ ਦੇ ਖੇਤਰ ਵਿੱਚ ਉਨ੍ਹਾਂ ਦੀ ਦੇਣ ਨੂੰ ਕਦੀ ਵੀ ਭੁਲਾਇਆ ਨਹੀਂ ਜਾ ਸਕਦਾ। ਉਨ੍ਹਾਂ ਨੇ ਪੰਜ ਪੁਰਾਤਨ ਹੱਥ ਲਿਖਤਾਂ, ਤਿੰਨ ਬਾਣੀ ਸੰਗ੍ਰਹਿਆਂ ਅਤੇ ਨੌਂ ਰਚਨਾ ਸੰਗ੍ਰਹਿ ਸੰਪਾਦਿਤ ਕੀਤੇ ਹਨ।

ਉਨ੍ਹਾਂ ਨੇ ਖੋਜ ਪੱਤਰਕਾ ਦੇ ਲਗਪਗ 20 ਵਿਸ਼ੇਸ਼ ਤੇ ਸਾਧਾਰਨ ਅੰਕਾਂ ਦਾ ਸੰਪਾਦਨ ਕੀਤਾ ਹੈ। ਟੀਕਾਕਾਰੀ ਦੇ ਖੇਤਰ ਵਿੱਚ ਵੀ ਉਸ ਦੀ ਦੇਣ ਵਰਨਨਯੋਗ ਹੈ। ਤੁਲਸੀ ਰਾਮਾਇਣ ਦਾ ਟੀਕਾ ਅਤੇ ਛੇ ਪੁਸਤਕਾਂ ਦਾ ਅਨੁਵਾਦ ਵੀ ਕੀਤਾ ਹੈ। ਉਨ੍ਹਾਂ ਨੇ 150 ਤੋਂ ਉਪਰ ਖੋਜ ਪੱਤਰ ਅਤੇ ਲੇਖ, ਵਾਰਤਾਵਾਂ ਦੀ ਰਚਨਾ ਕੀਤੀ ਹੈ। ਉਨ੍ਹਾਂ ਨੇ ਅੰਗਰੇਜ਼ੀ, ਹਿੰਦੀ ਅਤੇ ਪੰਜਾਬੀ ਦੇ ਹਵਾਲਾ ਕੋਸ਼ਾਂ ਲਈ ਇੰਦਰਾਜ ਇੱਕਤਰ ਕੀਤੇ ਅਤੇ ਪੰਜਾਬੀ ਦੇ ਵਿਕਾਸ ਲਈ ਹਮੇਸ਼ਾ ਸਹਿਯੋਗ ਦਿੱਤਾ ਹੈ। ਪੁਲਿਸ ਦੀ ਨੌਕਰੀ ਛੱਡਣ ਤੋਂ ਬਾਅਦ 17 ਮਾਰਚ 1957 ਨੂੰ ਹਿੰਦੂ ਕਾਲਜ ਸੋਨੀਪਤ, ਮਾਰਚ 1958 ਵਿਚ ਸਰਕਾਰੀ ਕਾਲਜ ਹਿਸਾਰ ਅਤੇ 25 ਮਈ 1963 ਤੋਂ ਜੁਲਾਈ 1965 ਤੱਕ ਮਹਿੰਦਰਾ ਕਾਲਜ ਪਟਿਆਲਾ ਵਿਚ ਬਤੌਰ ਲੈਕਚਰਾਰ ਸੇਵਾ ਨਿਭਾਈ। ਫਿਰ ਉਹ ਜੁਲਾਈ 1965 ਵਿਚ ਪੰਜਾਬੀ ਯੂਨੀਵਰਸਿਟੀ ਵਿਚ ਲੈਕਚਰਾਰ ਲੱਗ ਗਏ। ਦਸੰਬਰ 1962 ਵਿਚ ਉਨ੍ਹਾਂ ਨੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ "ਦਸਮ ਗ੍ਰੰਥ ਦੀਆਂ ਪੌਰਾਣਿਕ ਕ੍ਰਿਤੀਆਂ ਦਾ ਆਲੋਚਨਾਤਮਕ ਅਧਿਐਨ" ਦੇ ਵਿਸ਼ੇ ਤੇ ਪੀ.ਐਚ.ਡੀ.ਕਰ ਲਈ ਸੀ। 1971 ਵਿਚ ਉਹ ਪੰਜਾਬੀ ਯੂਨੀਵਰਸਿਟੀ ਵਿੱਚ ਰੀਡਰ ਦੇ ਅਹੁਦੇ ਤੇ ਨਿਯੁਕਤ ਹੋ ਗਏ। ਜੁਲਾਈ 1978 ਵਿਚ ਪੰਜਾਬੀ ਸਾਹਿਤ ਅਧਿਐਨ ਵਿਭਾਗ ਵਿਚ ਪ੍ਰੋਫ਼ੈਸਰ ਦੇ ਤੌਰ ਤੇ ਚੋਣ ਹੋ ਗਈ, ਜਿਸ ਅਹੁਦੇ ਤੇ ਉਹ 1987 ਤੱਕ ਰਹੇ। ਸੇਵਾ ਮੁਕਤੀ ਤੋਂ ਬਾਅਦ ਉਨ੍ਹਾਂ ਨੂੰ ਕਈ ਯੂਨੀਵਰਸਿਟੀਆਂ ਨੇ ਸੀਨੀਅਰ ਫੈਲੋਸ਼ਿਪ ਦਿੱਤੀ। ਇਸ ਸਮੇਂ ਉਹ ਪੰਜਾਬੀ ਯੂਨੀਵਰਸਿਟੀ ਵਿਚ ਆਜੀਵਨ ਫੈਲੋਸ਼ਿਪ ਤੇ ਹਨ। ਉਨ੍ਹਾਂ ਨੇ 1973 ਵਿਚ ਮਗਧ ਯੂਨੀਵਰਸਿਟੀ ਗਯਾ ਤੋਂ "ਗੁਰੂ ਨਾਨਕ ਵਿਕਤਿਤਵ, ਕ੍ਰਿਤਿਤਵ ਅਤੇ ਚਿੰਤਨ" ਦੇ ਵਿਸ਼ੇ ਤੇ ਡੀ.ਲਿਟ.ਦੀ ਡਿਗਰੀ ਪ੍ਰਾਪਤ ਕੀਤੀ। ਇਸਤੋਂ ਬਾਅਦ ਸਨਮਾਨ ਵਜੋਂ ਪੰਜਾਬੀ ਯੂਨੀਵਰਸਿਟੀ ਨੇ 2014 ਵਿਚ ਉਨ੍ਹਾਂ ਨੂੰ ਡੀ.ਲਿਟ.(ਮਾਨਾਰਥ) ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਨੇ 2015 ਵਿਚ ਡੀ.ਲਿਟ.(ਮਾਨਾਰਥ( ਪ੍ਰਦਾਨ ਕੀਤੀਆਂ। ਉਨ੍ਹਾਂ ਦੀ ਵਿਸ਼ੇਸ਼ਤਾ ਪੰਜਾਬੀ ਅਤੇ ਹਿੰਦੀ ਦਾ ਮੱਧਕਾਲੀਨ ਸਾਹਿਤ ਅਤੇ ਭਗਤੀ ਅੰਦੋਲਨ ਸੰਬੰਧੀ ਸਾਹਿਤ, ਸਿੱਖ ਧਰਮ ਗ੍ਰੰਥ ਅਤੇ ਭਾਰਤੀ ਕਾਵਿ ਸ਼ਾਸਤ੍ਰ ਵਿਚ ਹੈ।

1959 ਵਿਚ ਉਨ੍ਹਾਂ ਦਾ ਵਿਆਹ ਦਿੱਲੀ ਦੀ ਬੀਬੀ ਰਾਜਿੰਦਰ ਕੌਰ ਨਾਲ ਹੋ ਗਿਆ। ਜਿਸ ਤੋਂ ਉਨ੍ਹਾਂ ਦੇ ਦੋ ਸਪੁੱਤਰ ਵਰਿੰਦਰ ਸਿੰਘ ਅਤੇ ਮਲਵਿੰਦਰ ਸਿੰਘ ਪੈਦਾ ਹੋਏ। ਵਰਿੰਦਰ ਸਿੰਘ ਸਵਰਗਵਾਸ ਹੋ ਗਏ ਸਨ। ਮਾਲਵਿੰਦਰ ਸਿੰਘ ਜੱਗੀ ਆਈ.ਏ.ਐਸ.ਅਧਿਕਾਰੀ ਹਨ। 24 ਮਾਰਚ 1975 ਨੂੰ ਰਾਜਿੰਦਰ ਕੌਰ ਕੈਂਸਰ ਦੀ ਬਿਮਾਰੀ ਨਾਲ ਸਵਰਗਵਾਸ ਹੋ ਗਏ। ਫਿਰ ਉਨ੍ਹਾਂ ਦੀ ਸ਼ਾਦੀ ਡਾ.ਗੁਰਸ਼ਰਨ ਕੌਰ ਨਾਲ ਹੋ ਗਈ, ਜਿਹੜੇ ਮਹਿੰਦਰਾ ਕਾਲਜ ਦੇ ਪ੍ਰਿੰਸੀਪਲ ਸੇਵਾ ਮੁਕਤ ਹੋਏ ਹਨ। ਡਾ.ਗੁਰਸ਼ਰਨ ਕੌਰ ਨੇ ਥੋੜ੍ਹਾ ਸਮਾ ਪੰਜਾਬੀ ਯੂਨੀਵਰਸਿਟੀ ਦੇ ਰਜਿਸਟਰਾਰ ਦੇ ਤੌਰ ਤੇ ਵੀ ਕੰਮ ਕੀਤਾ। ਉਨ੍ਹਾਂ ਨੂੰ ਅਧਿਐਨ, ਸੰਪਾਦਨ ਅਤੇ ਵਿਆਖਿਆ ਉਪਰ ਸਾਹਿਤ ਅਕਾਦਮੀ ਦਿੱਲੀ ਦਾ ਰਾਸ਼ਟਰੀ ਅਨੁਵਾਦ ਪੁਰਸਕਾਰ, ਭਾਸ਼ਾ ਵਿਭਾਗ ਪੰਜਾਬ ਵਲੋਂ 8 ਪੁਸਤਕਾਂ ਉਪਰ ਸਰਵੋਤਮ ਪੁਰਸਕਾਰ, ਇੱਕ ਪੁਸਤਕ ਉਪਰ ਹਰਿਆਣਾ ਸਰਕਾਰ ਵਲੋਂ ਸ਼ਰੋਮਣੀ ਸਾਹਿਤਕਾਰ ਸਨਮਾਨ, ਉਤਰ ਪ੍ਰਦੇਸ਼ ਹਿੰਦੀ ਸੰਸਥਾਨ ਵਲੋਂ ਸਨਮਾਨ ਤੋਂ ਇਲਾਵਾ ਅਨੇਕਾਂ ਧਾਰਮਕ ਸੰਸਥਾਵਾਂ ਅਤੇ ਸਾਹਿਤਕ ਅਦਾਰਿਆਂ ਵਲੋਂ ਉਨ੍ਹਾਂ ਨੂੰ ਸਨਮਾਨਤ ਕੀਤਾ ਗਿਆ ਹੈ। ਸੰਨ 1996 ਵਿੱਚ ਭਾਸ਼ਾ ਵਿਭਾਗ ਪੰਜਾਬ ਵਲੋਂ ਪੰਜਾਬੀ ਸਾਹਿਤ ਸ਼ਰੋਮਣੀ ਪੁਰਸਕਾਰ ਨਾਲ ਸਨਮਾਨਿਆ ਗਿਆ ਸੀ। 1999 ਵਿਚ ਉਨ੍ਹਾਂ ਨੂੰ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਨੇ ਕਰਤਾਰ ਸਿੰਘ ਧਾਲੀਵਾਲ ਸਾਹਿਤ ਪੁਰਸਕਾਰ ਦੇ ਕੇ ਸਨਮਾਨਤ ਕੀਤਾ। ਜਿਵੇਂ ਕਿਹਾ ਜਾਂਦਾ ਹੈ ਕਿ ਇਕ ਸਫਲ ਆਦਮੀ ਪਿਛੇ ਇਸਤਰੀ ਦਾ ਹੱਥ ਹੁੰਦਾ ਹੈ, ਉਸੇ ਤਰ੍ਹਾਂ ਡਾ.ਰਤਨ ਸਿੰਘ ਜੱਗੀ ਦੇ ਖੋਜ ਕਾਰਜਾਂ ਵਿੱਚ ਸਫਲਤਾ ਪਿਛੇ ਡਾ.ਗੁਰਸ਼ਰਨ ਕੌਰ ਜੱਗੀ ਦਾ ਯੋਗਦਾਨ ਮਹੱਤਵਪੂਰਨ ਹੈ।

ਮੋਬਾਈਲ-94178 13072



ਡਾ.ਰਤਨ ਸਿੰਘ ਜੱਗੀ ਨੂੰ ਪਦਮ ਸ੍ਰੀ ਦੇ ਐਲਾਨ ਤੋਂ ਬਾਅਦ ਪੰਜਾਬ ਦੀ ਸਮਾਜਿਕ ਸੁਰੱਖਿਆ ਮੰਤਰੀ ਡਾ.ਬਲਜੀਤ ਕੌਰ ਪਟਿਆਲਾ ਵਿਖੇ ਸਨਮਾਨਤ ਕਰਦੇ ਹੋਏ।

**ਸਾਡੇ ਨੌਜਵਾਨ ਪੰਜਾਬ ਵਿੱਚ ਰੋਜ਼ਗਾਰ ਦੀ ਘਾਟ ਦਾ ਬਹਾਨਾ ਬਣਾ ਕੇ ਪਰਵਾਸ ਵਲ ਵਹੀਰਾਂ ਘੱਤ ਕੇ ਜਾ ਰਹੇ ਹਨ। ਉਨ੍ਹਾਂ ਲਈ ਡਾ.ਰਤਨ ਸਿੰਘ ਜੱਗੀ ਪ੍ਰੇਰਨਾ ਸਰੋਤ ਬਣ ਸਕਦੇ ਹਨ, ਜਿਹੜੇ ਆਪਣੀ ਮਿਹਨਤ ਅਤੇ ਦ੍ਰਿੜ੍ਹ ਇਰਾਦੇ ਕਰਕੇ ਇਕ ਪੁਲਿਸ ਦੇ ਸਿਪਾਹੀ ਤੋਂ ਭਰਤੀ ਹੋ ਕੇ ਪਦਮ ਸ੍ਰੀ ਦੀ ਉਪਾਧੀ ਤੱਕ ਪਹੁੰਚ ਗਏ ਹਨ। ਭਾਰਤ ਸਰਕਾਰ ਨੇ ਡਾ.ਰਤਨ ਸਿੰਘ ਜੱਗੀ ਨੂੰ ਸਾਹਿਤ ਅਤੇ ਸਿਖਿਆ ਦੇ ਖੇਤਰ ਵਿੱਚ ਯੋਗਦਾਨ ਪਾਉਣ ਲਈ ਪਦਮ ਸ੍ਰੀ ਦੇਣ ਦਾ ਐਲਾਨ ਕੀਤਾ ਹੈ। ਦੇਸ਼ ਵਿੱਚੋਂ 91 ਵਿਅਕਤੀਆਂ ਨੂੰ ਪਦਮ ਸ੍ਰੀ ਦਾ ਖਿਤਾਬ ਐਲਾਨ ਕੀਤਾ ਗਿਆ ਹੈ, ਪੰਜਾਬ ਵਿੱਚੋਂ ਇਕੱਲੇ ਡਾ.ਰਤਨ ਸਿੰਘ ਜੱਗੀ ਹਨ।**



A-CHOICE DRIVING SCHOOL
Bay# 324, 4774 Westwinds Dr NE
Calgary Alberta T3J 0L9
Tel: 403-473-1682

For All your Exterior Needs
B.B.S. Exterior
Roofing/ Siding / Stucco / Soffits & Fascia / Hardie
Shakes / SmartBoard / Eaves & Downspouts / Windows etc.
403.714.0455
bbsexterior@gmail.com

ਜੇ ਕੌਸਕੋ ਸਟੋਰ ਵਿੱਚੋਂ ਦੁੱਧ ਵਾਲੀਆਂ ਕੈਨੀਆਂ, ਪੈਪਸੀ, ਕੋਕ, ਜੂਸ, ਲਿਕਰ ਲੈਣ ਚੱਲੇ ਹੋ ਤਾਂ
ਪਹਿਲਾਂ ਘਰ ਪਈਆਂ ਖਾਲੀ ਕੈਨੀਆਂ ਅਤੇ ਜੂਸ ਵਾਲੇ ਡੱਬੇ ਵੀ ਗੱਡੀ ਵਿੱਚ ਰੱਖ ਲਓ
ਕਿਉਂਕਿ ਬੋਤਲ ਡਿਪੂ ਹੁਣ ਕੈਲਗਰੀ ਵਿੱਚ ਸਟੋਨੀ ਟਰੇਲ ਤੋਂ
17 ਐਵਨਿਊ ਚੈਸਟਰਮੀਅਰ ਵੱਲ ਨਿਕਲਦਿਆਂ ਹੀ
ਕੌਸਕੋ ਸਟੋਰ ਦੇ ਬਿਲਕੁੱਲ ਸਾਹਮਣੇ ਹੀ ਖੁੱਲ ਗਿਆ।
ਇਹਨਾਂ ਨੂੰ ਸੁਪਰਵਾਈਜ਼ਰ/ਬੋਤਲ ਸੌਰਟਰ
ਵਰਕਰਾਂ ਦੀ ਵੀ ਲੋੜ ਹੈ
ਪੰਜਾਬੀ ਬੋਲਣ ਵਾਲਾ ਸਟਾਫ
East Hill Bottle Depot Ltd.
Call: 403 975 0128
55 East Hill Blvd (Front of new Costco at 17 ave SE.) Calgary(AB)

NEW WAVE OPTICAL
#7-200-52nd Street NE Calgary, AB T2A-4K8
PH: 403-290-0307 FAX: 403-290-0306
Email: newwaveoptical@yahoo.com
All Type of Frames!
Unbeatable Price!
"Online" prices in store!
Complete Eyewear, Contact lenses and Sunglasses!
For more info call:
Sandeep Pandher
MANAGER
at 403-999-2500



# ਬਹੁਤ ਸੌਖਾ ਹੈ ਅੱਜ ਸਕੂਲ ਤੇ ਕਾਲਜ ਪਹੁੰਚਣਾ


ਬਲਰਾਜ ਸਿੰਘ ਸਿੱਧੂ ਕਮਾਂਡੈਂਟ
9501100062




ਸਾਡੇ ਵੇਲੇ ਦੀ ਸਕੂਲੀ ਪੜ੍ਹਾਈ ਤੇ ਅੱਜ ਦੀ ਸਕੂਲੀ ਪੜ੍ਹਾਈ ਵਿੱਚ ਜ਼ਮੀਨ ਅਸਮਾਨ ਦਾ ਫਰਕ ਹੈ। ਅੱਜ ਪੰਜਾਬ ਦੇ ਤਕਰੀਬਨ ਹਰੇਕ ਪਿੰਡ ਵਿੱਚ ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲ ਬਣੇ ਹੋਏ ਹਨ। ਮੇਰਾ ਨਹੀਂ ਖਿਆਲ ਅੱਜ ਕੋਈ ਵਿਦਿਆਰਥੀ ਸਾਈਕਲ 'ਤੇ ਸਕੂਲ ਕਾਲਜ ਜਾਂਦਾ ਹੋਵੇਗਾ। ਪ੍ਰਾਈਵੇਟ ਸਕੂਲਾਂ ਦੀਆਂ ਵੈਨਾਂ ਸਵੇਰੇ ਵਿਦਿਆਰਥੀਆਂ ਨੂੰ ਘਰੋਂ ਲੈ ਜਾਂਦੀਆਂ ਹਨ ਤੇ ਸ਼ਾਮ ਨੂੰ ਛੱਡ ਕੇ ਜਾਂਦੀਆਂ ਹਨ। ਕਾਲਜਾਂ ਯੂਨੀਵਰਸਿਟੀਆਂ ਵਿੱਚ ਜਾਣ ਵਾਲੇ ਤਕਰੀਬਨ ਸਾਰੇ ਵਿਦਿਆਰਥੀ ਮੋਟਰ ਸਾਈਕਲਾਂ ਜਾਂ ਕਾਰਾਂ ਰਾਹੀਂ ਜਾਂਦੇ ਹਨ। ਕਿਤਾਬਾਂ ਤੇ ਬਾਸਤੇ ਆਦਿ ਭਾਵੇਂ ਨਾ ਲੈਣ, ਪਰ ਪਿਉ ਦੀ ਸੰਘੀ ਘੁੱਟ ਕੇ ਬੁਲੇਟ (ਉਹ ਵੀ ਪੁੱਠੇ ਗੇਅਰਾਂ ਵਾਲਾ) ਅਤੇ ਲੇਟੈਸਟ ਮੋਬਾਈਲ ਜਰੂਰ ਲਿਆ ਜਾਂਦਾ ਹੈ। ਪਹਿਲਾਂ ਸਮਾਰਟ ਫੋਨ ਅੱਯਾਸ਼ੀ ਸਮਝੇ ਜਾਂਦੇ ਸਨ, ਪਰ ਹੁਣ ਕਰੋਨਾ ਤੋਂ ਬਾਅਦ ਤਾਂ ਸਾਰੀ ਪੜ੍ਹਾਈ ਹੀ ਆਨਲਾਈਨ ਹੋ ਗਈ ਹੈ। ਵੈਸੇ ਵੀ ਸਮਾਰਟ ਫੋਨ ਦੀ ਵਰਤੋਂ ਪੜ੍ਹਾਈ ਵਾਸਤੇ ਘੱਟ ਤੇ ਸੋਸ਼ਲ ਮੀਡੀਆ 'ਤੇ ਦੋਸਤੀਆਂ ਪਾਉਣ ਲਈ ਜਿਆਦਾ ਕੀਤੀ ਜਾਂਦੀ ਹੈ। ਸਵੇਰੇ ਉੱਠ ਕੇ ਰੱਬ ਨਾ ਨਾਮ ਲੈਣ ਦੀ ਬਜਾਏ ਨਵਾਂ ਸਟੇਟਸ ਤੇ ਪੋਸਟ ਪਾਉਣੀ ਧਾਰਮਿਕ ਕਿਰਿਆ ਬਣ ਗਈ ਹੈ।

ਪਰ ਸਾਡੇ ਸਮੇਂ ਪੜ੍ਹਨ ਲਈ ਸਕੂਲ ਕਾਲਜ ਜਾਣਾ ਕਿਸੇ ਯੁੱਧ ਤੋਂ ਘੱਟ ਨਹੀਂ ਸੀ ਹੁੰਦਾ। ਪਿੰਡਾਂ ਵਿੱਚੋਂ ਸ਼ਹਿਰਾਂ ਦੇ ਸਕੂਲਾਂ ਵਿੱਚ ਜਾਣ ਲਈ ਕੋਈ ਵੈਨਾਂ ਨਹੀਂ ਸੀ ਆਉਂਦੀਆਂ, ਬਲਕਿ ਸਾਈਕਲ ਜਾਂ ਨਜ਼ਦੀਕੀ ਬੱਸ ਅੱਡੇ ਤੱਕ ਤੁਰ ਕੇ ਜਾਣਾ ਪੈਂਦਾ ਸੀ। ਮੇਰਾ ਪਿੰਡ ਪੰਡੋਰੀ ਸਿੱਧਵਾਂ ਅੰਮ੍ਰਿਤਸਰ ਤੋਂ ਕਰੀਬ 15 - 16 ਕਿ.ਮੀ. ਅਤੇ ਤਰਨ ਤਾਰਨ ਤੋਂ 8 - 10 ਕਿ.ਮੀ. ਪੈਂਦਾ ਹੈ। ਭਾਵੇਂ ਕਈ ਸਾਲ ਪਹਿਲਾਂ ਸਾਡਾ ਜਿਲ੍ਹਾ ਤਰਨ ਤਾਰਨ ਬਣ ਗਿਆ ਹੈ, ਪਰ ਅੱਜ ਵੀ ਸਾਡੇ ਇਲਾਕੇ ਦੇ ਲੋਕਾਂ ਦਾ ਬਹੁਤਾ ਕਾਰ ਵਿਹਾਰ ਅਤੇ ਅਨਾਜ਼ ਤੇ ਸਬਜ਼ੀ ਮੰਡੀ ਅੰਮ੍ਰਿਤਸਰ ਹੀ ਹੈ। ਜੇ ਸਾਡੇ ਪਿੰਡ ਕੋਈ ਇਹ ਕਹੇ ਕਿ ਮੈਂ ਸ਼ਹਿਰ ਚੱਲਿਆ ਹਾਂ ਤਾਂ ਉਸ ਦਾ ਮਤਲਬ ਅੰਮ੍ਰਿਤਸਰ ਹੀ ਹੁੰਦਾ ਹੈ। ਮੈਂ 8ਵੀਂ ਕਰਨ ਤੋਂ ਬਾਅਦ 9ਵੀਂ ਤੇ 10ਵੀਂ ਜ਼ਮਾਤ ਗਿਆਨ ਆਸ਼ਰਮ ਸੀਨੀਅਰ ਸੈਕੰਡਰੀ ਸਕੂਲ ਚਾਟੀਵਿੰਡ ਗੇਟ ਤੋਂ ਕੀਤੀ ਸੀ ਤੇ ਬੀ.ਏ., ਡੀ.ਏ.ਵੀ. ਕਾਲਜ ਅੰਮ੍ਰਿਤਸਰ ਤੋਂ ਕੀਤੀ ਸੀ। ਸਕੂਲ ਦੇ ਸਮੇਂ ਸਾਈਕਲ ਤਰਨ ਤਾਰਨ - ਅੰਮ੍ਰਿਤਸਰ ਰੋਡ 'ਤੇ ਸਥਿੱਤ ਅੱਡਾ ਗੋਹਲਵੜ ਦੀ ਇੱਕ ਦੁਕਾਨ 'ਤੇ ਲਗਾ ਕੇ ਜਾਂਦਾ ਸੀ ਤੇ ਕਾਲਜ ਸਮੇਂ ਝਬਾਲ ਅੰਮ੍ਰਿਤਸਰ ਰੋਡ 'ਤੇ ਸਥਿੱਤ ਅੱਡਾ ਮੰਨਣ ਦੀ ਇੱਕ ਦੁਕਾਨ 'ਤੇ ਲਗਾ ਕੇ ਜਾਂਦਾ ਸੀ।

ਦੋਵੇਂ ਦੁਕਾਨਾਂ ਸਾਈਕਲ ਰਿਪੇਅਰ ਦੀਆਂ ਸਨ। ਉਹਨਾਂ ਦੁਕਾਨਦਾਰਾਂ ਨੂੰ ਸਾਈਕਲ ਲਗਵਾਉਣ ਦਾ ਇਹ ਫਾਇਦਾ ਸੀ ਕਿ ਸਾਈਕਲ ਰਿਪੇਅਰ ਦੇ ਪੱਕੇ ਗਾਹਕ ਮਿਲ ਜਾਂਦੇ ਸਨ। ਮੰਨਣ ਬੱਸ ਅੱਡੇ ਵਾਲੇ ਦੁਕਾਨਦਾਰ ਦੋ ਸਕੇ ਭਰਾ ਸਨ ਜੋ ਬਹੁਤ ਹੀ ਸ਼ਰੀਫ ਸਨ ਪਰ ਗੋਹਲਵੜ ਵਾਲਾ ਦੁਕਾਨਦਾਰ ਮੰਗਲ ਪੱਕਾ ਬਦਮਾਸ਼ ਸੀ। ਉਸ ਦੀ ਦੁਕਾਨ 'ਤੇ ਖੜ੍ਹਨ ਵਾਲਾ ਹਰ ਸਾਈਕਲ ਹਫਤੇ ਵਿੱਚ ਇੱਕ ਦੋ ਵਾਰ ਜਰੂਰ ਹੀ ਪੈਂਚਰ ਹੋ ਜਾਂਦਾ ਸੀ ਜੋ ਉਸ ਤੋਂ ਹੀ ਲਗਵਾਉਣਾ ਪੈਂਦਾ ਸੀ। ਉਸ ਦੀ ਦੁਕਾਨ ਤੋਂ ਇਲਾਵਾ ਉਸ ਸਮੇਂ ਉਥੇ ਹੋਰ ਕੋਈ ਦੁਕਾਨ ਨਹੀਂ ਸੀ, ਜਿਸ ਦਾ ਉਹ ਨਜ਼ਾਇਜ ਫਾਇਦਾ ਉਠਾਉਂਦਾ ਸੀ। ਵੈਸੇ ਉਸ ਸਮੇਂ ਸਾਈਕਲ ਦਾ ਚੇਨ ਕਵਰ ਜਾਂ ਮਡਗਾਰਡ ਦਾ ਨਾ ਹੋਣਾ ਕੋਈ ਬਹੁਤੀ ਵੱਡੀ ਗੱਲ ਨਹੀਂ ਸੀ ਸਮਝੀ ਜਾਂਦੀ। ਪੈਡਲ ਮਾਰਨ ਲੱਗਿਆਂ ਪੈਂਟ ਦਾ ਸੱਜਾ ਪਹੁੰਚਾ ਉਤਾਂਹ ਟੰਗ ਲਈਦਾ ਸੀ। ਕਈ ਵਿਦਿਆਰਥੀਆਂ ਕੋਲ ਸਾਈਕਲ ਨਹੀਂ ਸੀ ਹੁੰਦੇ ਤੇ ਉਹ ਦੂਸਰੇ ਨਾਲ ਲਿਫਟ ਮੰਗ ਕੇ ਜਾਂਦੇ ਸਨ। ਜਿਸ ਵਿਦਿਆਰਥੀ ਕੋਲ ਸਾਈਕਲ ਨਹੀਂ ਸੀ ਹੁੰਦਾ, ਸਾਈਕਲ ਚਲਾਉਣਾ ਉਸ ਦੀ ਡਿਊਟੀ ਸਮਝੀ ਜਾਂਦੀ ਸੀ। ਬੱਸ ਅੱਡੇ 'ਤੇ ਪਹੁੰਚ ਕੇ ਅਸਲ ਮਹਾਂ ਯੁੱਧ ਸ਼ੁਰੂ ਹੁੰਦਾ ਸੀ, ਬੱਸ ਵਿੱਚ ਬੈਠਣ ਦਾ।



ਵਿਦਿਆਰਥੀਆਂ ਦਾ ਬੱਸ ਪਾਸ ਪ੍ਰਾਈਵੇਟ ਅਤੇ ਸਰਕਾਰੀ ਦੋਵਾਂ ਬੱਸਾਂ ਵਿੱਚ ਚੱਲਦਾ ਸੀ। ਪਰ ਸਵੇਰੇ ਸਵੇਰ ਵਿਦਿਆਰਥੀਆਂ ਦਾ ਜਮਘਟਾ ਵੇਖ ਕੇ ਉਹ ਅੱਡੇ ਤੋਂ ਅੱਗੇ ਜਾਂ ਪਿੱਛੇ ਬੱਸ ਰੋਕ ਕੇ ਸਵਾਰੀਆਂ ਉਤਾਰ ਕੇ ਭੱਜ ਜਾਂਦੇ ਸਨ। ਜੇ ਬੱਸ ਰੁਕ ਵੀ ਜਾਵੇ ਤਾਂ ਹਾੜ ਸਿਆਲ ਗੈਲਰੀ (ਛੱਤ) 'ਤੇ ਹੀ ਬੈਠਣਾ ਪੈਂਦਾ ਸੀ। ਕਈ ਵਿਚਾਰਿਆਂ ਦੀਆਂ ਪੱਗਾਂ ਰਾਹ ਵਿੱਚ ਰੁੱਖਾਂ ਦੀ ਟਾਹਣੀਆਂ ਵਿੱਚ ਫਸਣ ਕਾਰਨ ਗੁੰਮ ਹੋ ਜਾਂਦੀਆਂ ਸਨ। ਸਰਦੀਆਂ ਦੀ ਬਨਿਸਬਤ ਗਰਮੀਆਂ ਵਿੱਚ ਸਾਈਕਲ ਚਲਾਉਣਾ ਕੁਝ ਸੌਖਾ ਸੀ। ਸਰਦੀਆਂ ਵਿੱਚ ਤਾਂ ਠੰਡ ਕਾਰਨ ਹੱਥ ਨੀਲੇ ਹੋ ਜਾਂਦੇ ਸਨ। ਇੱਕ ਹੱਥ ਜੇਬ ਵਿੱਚ ਤੇ ਦੂਸਰੇ 'ਤੇ ਪਤਲਾ ਜਿਹਾ ਰੁਮਾਲ ਵਲੇਟਿਆ ਹੁੰਦਾ ਸੀ। ਉਹਨਾਂ ਠਰੇ ਹੋਏ ਹੱਥਾ 'ਤੇ ਗਿਆਨ ਆਸ਼ਰਮ ਸਕੂਲ ਵਾਲੇ ਹਿਸਟਰੀ ਦੇ ਮਾਸਟਰ ਕਾਲੀਏ ਵੱਲੋਂ ਵੱਟ ਵੱਟ ਕੇ ਮਾਰੇ ਡੰਡਿਆਂ ਦੀ ਚੀਸ ਮੈਨੂੰ ਅਜੇ ਵੀ ਯਾਦ ਹੈ। ਹੁਣ ਤਾਂ ਮਾਸਟਰ ਕਿਸੇ ਬੱਚੇ ਨੂੰ ਕੁੱਟ ਦੇਵੇ ਤਾਂ ਅਖਬਾਰਾਂ ਵਿੱਚ ਰੌਲਾ ਪੈ ਜਾਂਦਾ ਹੈ। ਜਦੋਂ ਮੈਂ ਸਕੂਲ ਵਿੱਚ ਪੜ੍ਹਦਾ ਸੀ ਤਾਂ ਉਸ ਸਮੇਂ ਚਾਟੀਵਿੰਡ ਗੇਟ ਤੋਂ ਲੈ ਕੇ ਚਾਟੀਵਿੰਡ ਨਹਿਰ ਤੱਕ ਸੀਵਰੇਜ਼ ਪੈ ਰਿਹਾ ਸੀ ਜਿਸ ਦਾ ਕੰਮ ਦੋ ਤਿੰਨ ਸਾਲ ਤੱਕ ਚਲਦਾ ਰਿਹਾ ਸੀ। ਇਸ ਕਾਰਨ ਅੰਮ੍ਰਿਤਸਰ ਤੋਂ ਤਰਨ ਤਾਰਨ ਜਾਣ ਵਾਲੀਆਂ ਬੱਸਾਂ ਜਾਂ ਤਾਂ ਨਹਿਰ ਤੋਂ ਚੱਲਦੀਆਂ ਸਨ, ਜਾਂ ਜੰਡਿਆਲੇ ਗੁਰੂ ਵੱਲ ਦੀ ਘੁੰਮ ਕੇ ਜਾਂਦੀਆਂ ਸਨ। ਇਸ ਲਈ ਮੈਨੂੰ ਦੋ ਸਾਲ ਸਾਈਕਲ 'ਤੇ ਹੀ ਸਕੂਲ ਜਾਣਾ ਪਿਆ ਸੀ। ਸਾਡੇ ਪਿੰਡ ਤੋਂ ਇੱਕ ਨਹਿਰੀ ਸੂਆ ਅੰਮ੍ਰਿਤਸਰ ਨੂੰ ਜਾਂਦਾ ਹੈ। ਉਸ ਦੀ ਪਟੜੀ

ਉਸ ਵੇਲੇ ਐਨੀ ਸਾਫ ਤੇ ਪੱਧਰੀ ਹੁੰਦੀ ਸੀ ਜਿੰਨੀ ਹੁਣ ਕਿਤੇ ਕੋਈ ਟੋਲ ਟੈਕਸ ਰੋਡ ਵੀ ਨਹੀਂ ਹੈ। ਬੇਲਦਾਰ ਪਟੜੀ ਨੂੰ ਸ਼ੀਸ਼ੇ ਵਾਂਗ ਲਿਸ਼ਕਾ ਕੇ ਰੱਖਦੇ ਸਨ। ਪਟੜੀਆਂ 'ਤੇ ਗੇਟ ਲੱਗੇ ਹੁੰਦੇ ਸਨ ਤੇ ਕਿਸੇ ਪਸ਼ੂ ਡੰਗਰ ਜਾਂ ਚਾਰ ਪਹੀਆ ਵਾਹਨ ਨੂੰ ਚੱਲਣ ਦੀ ਇਜਾਜ਼ਤ ਨਹੀਂ ਸੀ ਹੁੰਦੀ। ਡੀ.ਏ.ਵੀ. ਕਾਲਜ ਦੀ ਪੜ੍ਹਾਈ ਵੇਲੇ ਦੋ ਸਭ ਤੋਂ ਵਧੀਆ ਪ੍ਰੋਫੈਸਰਾਂ ਦੇ ਨਾਮ ਮੈਨੂੰ ਅਜੇ ਤੱਕ ਯਾਦ ਹਨ, ਇੰਗਲਿਸ਼ ਦਾ ਪ੍ਰੋਫੈਸਰ ਨਰਿੰਦਰ ਕੁਮਾਰ ਉਬਾਰਾਏ ਅਤੇ ਦੂਰਦਰਸ਼ਨ ਦੇ ਪ੍ਰੋਗਰਾਮ ਬੀਸ ਸਵਾਲ ਦਾ ਸਵਾਲ ਬੁੱਝਣ ਵਾਲਾ ਹਿਸਟਰੀ ਦਾ ਪ੍ਰੋਫੈਸਰ ਜੋਸ਼ੀ।

ਜਦੋਂ ਮੈਂ ਐਲ.ਐਲ.ਬੀ. ਕਰਨ ਲਈ ਗੁਰੂ ਨਾਨਕ ਦੇਵ ਯੂਨੀਵਰਸਿਟੀ ਦਾਖਲਾ ਲਿਆ ਤਾਂ ਮੈਨੂੰ ਸਕੂਟਰ ਮਿਲਿਆ ਸੀ। ਮੈਨੂੰ ਅਜੇ ਤੱਕ ਯਾਦ ਹੈ ਕਿ ਉਸ ਬਜਾਜ ਚੇਤਕ ਸਕੂਟਰ ਦਾ ਨੰਬਰ ਪੀ. ਸੀ. ਜੂ. 406 ਸੀ। ਉਹ ਅੱਤਵਾਦ ਦੇ ਦਿਨ ਸਨ ਤੇ ਕਿਸੇ ਨੂੰ ਕੋਈ ਸਕੂਟਰ ਮੋਟਰ ਸਾਈਕਲ ਮੰਗਵਾ ਨਹੀਂ ਸੀ ਦਿੰਦਾ ਕਿ ਕੀ ਪਤਾ ਅਗਲਾ ਬੈਂਕ ਲੁੱਟਣ ਹੀ ਨਾ ਚਲਾ ਜਾਵੇ। ਇੱਕ ਦਿਨ ਮੇਰੇ ਇੱਕ ਸਾਥੀ ਵਿਦਿਆਰਥੀ ਨੇ ਮੇਰਾ ਸਕੂਟਰ ਮੰਗ ਲਿਆ। ਮੈਂ ਉਸ ਨੂੰ ਚਾਬੀ ਦੇ ਕੇ ਸਕੂਟਰ ਦਾ ਨੰਬਰ ਦੱਸ ਦਿੱਤਾ ਪਰ ਉਹ ਦਸ ਕੁ ਮਿੰਟਾਂ ਬਾਅਦ ਹੀ ਮੈਨੂੰ ਆ ਕੇ ਕਹਿਣ ਲੱਗਾ ਕਿ ਤੇਰੇ ਸਕੂਟਰ ਨੂੰ ਚਾਬੀ ਨਹੀਂ ਲੱਗ ਰਹੀ। ਜਦੋਂ ਮੈਂ ਉਸ ਦੇ ਨਾਲ ਗਿਆ ਤਾਂ ਮੈਂ ਵੇਖਿਆ ਕਿ ਜਿਹੜੇ ਸਕੂਟਰ ਨੂੰ ਉਹ ਚਾਬੀ ਲਗਾ ਰਿਹਾ ਸੀ, ਉਸ ਦਾ ਨੰਬਰ ਵੀ ਪੀ.ਸੀ.ਜੂ. 406 ਸੀ ਤੇ ਉਹ ਮੇਰੇ ਸਕੂਟਰ ਤੋਂ ਕੁਝ ਦੂਰੀ 'ਤੇ ਖੜਾ ਸੀ। ਇੱਕ ਨੰਬਰ ਦੇ ਦੋ ਸਕੂਟਰ ਵੇਖ ਕੇ ਮੇਰੇ ਹੋਸ਼ ਉੱਡ ਗਏ। ਮੈਂ ਦੋਸਤ ਨੂੰ ਸਕੂਟਰ ਦੇ ਕੇ ਤੋਰਨ ਤੋਂ ਬਾਅਦ ਕੁਝ ਦੂਰ ਖੜ੍ਹ ਕੇ ਵੇਖਣ ਲੱਗਾ ਕਿ ਇਹ ਸਕੂਟਰ ਕਿਸ ਦਾ ਹੈ। ਅੱਧੇ ਕੁ ਘੰਟੇ ਬਾਅਦ ਕਿਸੇ ਹੋਰ ਡਿਪਾਰਟਮੈਂਟ ਵਿੱਚ ਪੜ੍ਹਨ ਵਾਲਾ ਇੱਕ ਵਿਦਿਆਰਥੀ ਉਸ ਸਕੂਟਰ ਨੂੰ ਕਿੱਕ ਮਾਰ ਕੇ ਲੈ ਗਿਆ। ਉਹ ਵਿਦਿਆਰਥੀ ਪਹਿਲਾਂ ਹੀ ਚੰਗੇ ਮਾੜੇ ਕੰਮ ਕਰਨ ਲਈ ਬਹੁਤ ਬਦਨਾਮ ਸੀ ਤੇ ਉਸ ਦੀ ਕਈ ਵਾਰ ਥਾਣੇ ਛਿਤਰੌਲ ਵੀ ਹੋ ਚੁੱਕੀ ਸੀ। ਡਰਦਾ ਮਾਰਾ ਮੈਂ ਕਈ ਹਫਤੇ ਆਪਣਾ ਸਕੂਟਰ ਲੈ ਕੇ ਯੂਨੀਵਰਸਿਟੀ ਨਾ ਗਿਆ ਕਿ ਕਿਤੇ ਮੇਰੀ ਜਾਅਲੀ ਨੰਬਰ ਪਲੇਟ ਵਾਲੇ ਸਕੂਟਰ 'ਤੇ ਇਹ ਕੋਈ ਵਾਰਦਾਤ ਨਾ ਕਰ ਦੇਵੇ ਤੇ ਪੁਲੀਸ ਤੋਂ ਕੁੱਟ ਮੈਨੂੰ ਪੈ ਜਾਵੇ। ਬਾਅਦ ਵਿੱਚ ਉਹ ਸਕੂਟਰ ਚੋਰੀ ਕਰਨ ਦੇ ਇਲਜ਼ਾਮ ਹੇਠ ਪਕੜਿਆ ਗਿਆ ਤੇ ਪੀ.ਸੀ. ਜੂ. 406 ਨੰਬਰ ਵਾਲੇ ਸਕੂਟਰ ਸਮੇਤ ਉਸ ਕੋਲੋਂ ਕਈ ਵਾਹਨ ਬਰਾਮਦ ਹੋਏ।

# ਸਾਡੇ ਰਿਸ਼ਤੇ ਅਤੇ ਹੱਕ




ਹਰਲਾਜ ਸਿੰਘ ਬਹਾਦਰਪੁਰ
ਮੋ : 94170-23911


ਸਾਡੇ ਰਿਸ਼ਤਿਆਂ, ਪਿਆਰ ਅਤੇ ਸਮਾਜ ਦਾ ਆਪਸ ਵਿੱਚ ਗੂੜਾ ਸਬੰਧ ਹੁੰਦਾ ਹੈ ਅਤੇ ਇਹ ਹੋਣਾ ਵੀ ਚਾਹੀਂਦਾ ਹੈ, ਪਰ ਅਫਸੋਸ ਦੀ ਗੱਲ ਹੈ ਕਿ ਸਾਡੇ ਇਹ ਗੂੜੇ ਸਬੰਧ ਬਹੁਤ ਛੇਤੀ ਹੀ ਫਿੱਕੇ ਪੈ ਜਾਂਦੇ ਹਨ। ਇਹਨਾ ਦੇ ਫਿੱਕੇ ਪੈਣ ਦਾ ਕਾਰਨ ਸਾਡੀ ਉਹ ਜਿੱਦ ਹੁੰਦੀ ਹੈ ਜੋ ਦੂਜੇ ਦੀਆਂ ਭਾਵਨਾਵਾਂ (ਲੋੜਾਂ ਅਤੇ ਸੋਚਾਂ) ਨੂੰ ਸਮਝਣ ਦੀ ਥਾਂ ਉਹਨਾ ਉਤੇ ਆਪਣੀ ਸੋਚ ਥੋਪਣਾ ਚਾਹੁੰਦੀ ਹੁੰਦੀ ਹੈ, ਬੱਸ ਇਹੀ ਕਾਰਨ ਹੁੰਦਾ ਹੈ ਜੋ ਸਾਡੇ ਖੂਨ ਦੇ ਰਿਸਤਿਆਂ ਨੂੰ ਵੀ ਖੂਨੀ ਬਣਾ ਦਿੰਦਾ ਹੈ। ਉਦਾਹਰਣ ਦੇ ਤੌਰ ਤੇ ਇੱਕ ਲੜਕੀ ਅਤੇ ਲੜਕਾ ਮਾਪਿਆਂ ਜਾਂ ਜਾਤਾਂ ਧਰਮਾਂ ਦੀ ਰਜਾਬੰਦੀ ਤੋਂ ਵਗੈਰ ਵਿਆਹ ਕਰਵਾਉਣਾ ਚਹੁੰਦੇ ਹਨ, ਤਾਂ ਸਾਡਾ ਸਮਾਜ ਉਸ ਨੂੰ ਮਾਨਤਾ ਨਹੀਂ ਦਿੰਦਾ, ਸਮਾਜ ਵਿੱਚ ਅਪਣੀਆਂ ਜਿੱਦਾਂ, ਅਖੌਤੀ ਇੱਜਤਾਂ, ਜਾਤਾਂ ਅਤੇ ਧਰਮਾਂ ਦੀਆਂ ਬੰਦਸ਼ਾਂ ਅਨੁਸਾਰ ਆਪਣੇ ਆਪ ਨੂੰ ਸਹੀ ਰੱਖਣ ਲਈ, ਮਾਪੇ ਆਪਣੇ ਸੱਭ ਤੋਂ ਨੇੜਲੇ ਅਤੇ ਪਿਆਰੇ ਖੂਨ ਦੇ ਰਿਸ਼ਤੇ ਦੇ ਖੂਨੀ ਬਣ ਜਾਂਦੇ ਹਨ, ਪਰ ਇਸ ਖੂਨ ਦੇ ਹੋਣ ਨਾਲ ਸੱਭ ਕੁੱਝ ਬਦਲ ਜਾਂਦਾ ਹੈ, ਸੱਭ ਤੋਂ ਨੇੜਲੇ ਅਤੇ ਪਿਆਰੇ ਰਿਸਤੇ ਦੇ ਪੁੱਤ ਧੀ ਕਤਲ ਹੋ ਕੇ ਲਾਸ਼ਾਂ ਬਣ ਜਾਂਦੇ ਹਨ ਅਤੇ ਮਾਂ ਪਿਉ ਕਾਤਲ ਬਣ ਕੇ ਮੁਜਰਿਮ ਹੋ ਜਾਂਦੇ ਹਨ, ਜਿਸ ਸਮਾਜ ਵਿੱਚ ਆਪਣੇ ਆਪ ਨੂੰ ਸਹੀ ਰੱਖਣ ਲਈ ਇਹ ਕਦਮ ਚੁੱਕਿਆ ਜਾਂਦਾ ਹੈ, ਉਹ ਸਮਾਜ ਤੁਰੰਤ ਹੀ ਦੋ ਹਿੱਸਿਆਂ ਵਿੱਚ ਵੰਡਿਆ ਜਾਂਦਾ ਹੈ, ਅੱਧੇ ਕਹਿਣਗੇ ਬੇਇੱਜਤੀ ਨਾਲੋਂ ਤਾਂ ਬੱਚਿਆਂ ਨੂੰ ਮਾਰ ਕੇ ਜੇਲ੍ਹ ਜਾਣਾ ਹੀ ਚੰਗਾ ਹੈ, ਅੱਧੇ ਕਹਿਣਗੇ ਬੱਚਿਆਂ ਨੂੰ ਮਾਰ ਕੇ ਜੇਲ੍ਹ ਜਾਣ ਨਾਲੋਂ ਤਾਂ ਬੱਚਿਆਂ ਨਾਲ ਸਹਿਮਤ ਹੋਣਾ ਚੰਗਾ ਸੀ, ਸਮਾਜ ਦੋ ਹਿੱਸਿਆਂ ਵਿੱਚ ਕਿਉਂ ਵੰਡਿਆ ਗਿਆ? ਕਿਉਂਕਿ ਜੇ ਕਤਲ ਕਾਰਨ ਵਾਲੇ ਸਮਾਜ ਦਾ ਹਿੱਸਾ ਸਨ ਤਾਂ ਕਤਲ ਹੋਣ ਵਾਲੇ ਵੀ ਸਾਡੇ ਸਮਾਜ ਵਿੱਚੋਂ ਹੀ ਸਨ, ਸੋਚੋ ਅਜਿਹਾ ਕਰਕੇ ਕੀ ਮਿਲਿਆ? ਰਿਸ਼ਤੇ ਵੀ ਗਏ, ਪਿਆਰ ਵੀ ਗਿਆ, ਬੱਚੇ ਵੀ ਗਵਾ ਲਏ, ਆਪਣੀ ਜਿੰਦਗੀ ਵੀ ਨਰਕ ਬਣਾ ਲਈ ਅਤੇ ਸਮਾਜ ਵੀ ਨਹੀਂ ਰਿਹਾ। ਇਹ ਗੱਲ ਇੱਥੇ ਹੀ ਖਤਮ ਨਹੀਂ ਹੁੰਦੀ ਕਿ ਵੱਡੇ (ਮਾਪੇ) ਹੀ ਛੋਟਿਆਂ (ਬੱਚਿਆਂ) ਉਤੇ ਆਪਣੀ ਸੋਚ ਥੋਪਦੇ ਹਨ, ਨਹੀਂ। ਸਮੇਂ ਅਨੁਸਾਰ ਛੋਟੇ (ਬੱਚੇ) ਵੀ ਵੱਡਿਆਂ (ਮਾਪਿਆਂ) ਉਤੇ ਆਪਣੀ ਸੋਚ ਵੀ ਉਵੇਂ ਹੀ ਥੋਪਦੇ ਹਨ, ਕਿਉਂਕਿ ਸਾਡੀ ਮਾਨਸਿਕਤਾ ਹੀ ਅਜਿਹੀ ਬਣੀ ਹੋਈ ਹੁੰਦੀ ਹੈ ਜਿਸ ਵਿੱਚ ਅਜਾਦੀ ਦੀ ਥਾਂ ਗੁਲਾਮੀ ਵਾਲੀ ਸੋਚ ਭਾਰੂ ਹੁੰਦੀ ਹੈ, ਜਿਸ ਕਾਰਨ ਅਸੀਂ ਇੱਕ ਦੂਜੇ ਦੀਆਂ ਭਾਵਨਾਵਾਂ (ਲੋੜਾਂ ਅਤੇ ਸੋਚਾਂ) ਨੂੰ ਸਮਝਣ ਦੀ ਥਾਂ ਉਹਨਾ ਉਤੇ ਆਪਣੀ ਸੋਚ ਥੋਪਣਾ ਚਾਹੁੰਦੇ ਹੁੰਦੇ ਹਾਂ। ਉਦਾਹਰਣ ਦੇ ਤੌਰ ਤੇ ਮੰਨ ਲਓ ਕਿ ਕਿਸੇ ਪਤੀ ਪਤਨੀ ਦੇ ਬੱਚੇ ਪੈਦਾ ਹੋਣ ਤੋਂ ਬਾਅਦ ਉਹਨਾ ਵਿੱਚੋਂ ਪਤੀ ਜਾਂ ਪਤਨੀ ਮਰ ਜਾਵੇ ਤਾਂ ਸਾਡਾ ਸਮਾਜ ਉਹਨਾ ਵਿੱਚੋਂ ਬਚੇ ਹੋਏ ਇੱਕ ਵੱਲੋਂ ਦੁਬਾਰਾ ਵਿਆਹ ਕਰਵਾਉਣ ਨੂੰ ਠੀਕ ਨਹੀਂ ਸਮਝਦਾ, ਜਿਵੇਂ ਕਿ ਜੇ ਪਤੀ ਦੀ ਮੌਤ ਤੋਂ ਬਾਅਦ ਪਤਨੀ ਵਿਆਹ ਕਰਵਾਉਣਾ ਚਾਹੇ ਤਾਂ ਪਤਨੀ ਨੂੰ ਸਮਾਜ ਕਹੇਗਾ ਬੱਸ ਤੇਰੇ ਕਰਮਾ ਵਿੱਚ ਪਤੀ ਦਾ ਇੰਨਾ ਹੀ ਸੁੱਖ ਸੀ ਹੁਣ ਤੂੰ ਆਪਣੇ ਇਸੇ ਬੱਚੇ ਨਾਲ ਸਮਾਂ ਕੱਟ, ਤੇਰੇ ਬੱਚੇ ਦਾ ਕੀ ਬਣੂ, ਖਬਰੈ ਅੱਗੇ ਕਿਹੋ ਜਿਹਾ ਮਾੜਾ ਬੰਦਾ ਟੱਕਰੇਗਾ, ਰੱਬ ਨੇ ਤੈਨੂੰ ਪੁੱਤ\ਧੀ ਦੇ ਦਿੱਤਾ ਇਸ ਨੂੰ ਪਾਲ਼, ਹੁਣ ਤੂੰ ਵਿਆਹ ਕਰਵਾਉਂਦੀ ਚੰਗੀ ਨਹੀਂ ਲੱਗਦੀ, ਜੇ ਬੱਚੇ ਛੋਟੇ ਹੋਏ ਤਾਂ ਕਹਿਣਗੇ ਹੁਣ ਤੂੰ ਵਿਆਹ ਕਰਵਾ ਕੇ ਸਾਨੂੰ ਰੋਲ਼ੇਂਗੀ, ਜੇ ਵੱਡੇ ਹੋਏ ਤਾਂ ਕਹਿਣਗੇ ਹੁਣ ਅਸੀਂ ਜਵਾਨ ਜਾਂ ਬਾਲ ਬੱਚਿਆਂ ਵਾਲੇ ਹੋ ਗਏ ਹਾਂ ਹੁਣ ਤੂੰ ਸਾਡੀ ਇੱਜਤ ਪੱਟੇਂਗੀ, ਹੁਣ ਤੈਨੂੰ ਵਿਆਹ ਦੀ ਕੀ ਲੋੜ ਹੈ ਆਦਿ। ਇਸੇ ਤਰ੍ਹਾਂ ਜੇ ਕਿਸੇ ਦੀ ਪਤਨੀ ਮਰ ਜਾਵੇ ਤਾਂ ਪਤੀ ਨੂੰ ਸਮਾਜ ਕਹੇਗਾ ਬੱਸ ਤੇਰੇ ਕਰਮਾ ਵਿੱਚ ਪਤਨੀ ਦਾ ਇੰਨਾ ਹੀ ਸੁੱਖ ਸੀ ਹੁਣ ਤੂੰ ਆਪਣੇ ਇਸੇ ਬੱਚੇ ਨਾਲ ਸਮਾਂ ਕੱਟ, ਤੇਰੇ ਬੱਚੇ ਦਾ ਕੀ ਬਣੂ, ਖਬਰੈ ਅੱਗੇ ਕਿਹੋ ਜਿਹੀ ਮਾੜੀ ਤੀਵੀਂ ਟੱਕਰੇਗੀ, ਮਤੇਰ ਮਾਂ ਤਾਂ ਚੰਗੀ ਹੋ ਹੀ ਨਹੀਂ ਸਕਦੀ, ਰੱਬ ਨੇ ਤੈਨੂੰ ਪੁੱਤ\ਧੀ ਦੇ ਦਿੱਤਾ ਇਸ ਨੂੰ ਪਾਲ਼, ਹੁਣ ਤੂੰ ਵਿਆਹ ਕਰਵਾਉਂਦਾ ਚੰਗਾ ਨਹੀਂ ਲੱਗਦਾ, ਜੇ ਬੱਚੇ ਛੋਟੇ ਹੋਏ ਤਾਂ ਕਹਿਣਗੇ ਹੁਣ ਤੂੰ ਵਿਆਹ ਕਰਵਾ ਕੇ ਸਾਨੂੰ ਰੋਲ਼ੇਂਗਾ, ਜੇ ਵੱਡੇ ਹੋਏ ਤਾਂ ਕਹਿਣਗੇ ਹੁਣ ਅਸੀਂ ਜਵਾਨ ਜਾਂ ਬਾਲ ਬੱਚਿਆਂ ਵਾਲੇ ਹੋ ਗਏ ਹਾਂ ਹੁਣ ਤੂੰ ਸਾਡੀ ਇੱਜਤ ਪੱਟੇਂਗਾ, ਹੁਣ ਤੈਨੂੰ ਵਿਆਹ ਦੀ ਕੀ ਲੋੜ ਹੈ ਆਦਿ। ਇਹ ਹੈ ਸਾਡਾ ਪਿਆਰ, ਰਿਸ਼ਤੇ ਅਤੇ ਸਮਾਜ। ਅਜਿਹੇ ਸਮਾਜ ਨੂੰ ਸਵਾਲ ਤਾਂ ਕਰਨਾ ਬਣਦਾ ਹੀ ਹੈ, ਕਿ ਕੀ ਮਾਪਿਆਂ ਦੀ ਸੋਚ ਅਨੁਸਾਰ ਹੀ ਬੱਚਿਆਂ ਦਾ ਵਿਆਹ ਕਰਵਾਉਣਾ ਜਾਂ ਕੀ ਬੱਚਿਆਂ ਦੀ ਸੋਚ ਅਨੁਸਰ ਹੀ ਮਾਪਿਆਂ ਦਾ ਵਿਆਹ ਨਾ ਕਰਵਾਉਣਾ ਹੀ ਚੰਗਾ ਹੈ? ਕੀ ਇਨਸਾਨ ਦੀ ਆਪਣੀ ਕੋਈ ਜਿੰਦਗੀ ਨਹੀਂ ਹੈ ਜੋ ਉਹ ਆਪਣੀ ਸੋਚ ਅਨੁਸਾਰ ਜਿਉਂ ਸਕੇ? ਕੀ ਜਿੰਦਗੀ ਦਾ ਮਨੋਰਥ ਬੱਚੇ ਪੈਦਾ ਕਰਕੇ ਪਲਣ ਤੋਂ ਵੱਧ ਹੋਰ ਕੁੱਝ ਵੀ ਨਹੀਂ ਹੁੰਦਾ? ਅਸੀਂ ਆਪਣੇ ਲਈ ਕਦੋਂ ਜਿਉਂਣਾ ਸਿੱਖਾਂਗੇ ਜਾਂ ਜਿਉਣ ਲੱਗਾਂਗੇ, ਪਹਿਲਾਂ ਬੱਚੇ ਮਾਪਿਆਂ ਅਨੁਸਾਰ ਜਿਉਂਣ, ਫਿਰ ਮਾਪੇ ਬੱਚਿਆਂ ਅਨੁਸਾਰ ਜਿਉਂਣ, ਜਿੰਨਾ ਜਵਾਨ ਬੱਚਿਆਂ ਨੂੰ ਮਾਪਿਆਂ ਵੱਲੋਂ ਆਪਣੀ ਸੋਚ ਅਨੁਸਾਰ ਨਾ ਚੱਲਣ ਦੇਣਾ ਜਾਂ ਆਪਣੀ ਪਸੰਦ ਦਾ ਵਿਆਹ ਨਾ ਕਰਵਾਉਣ ਦੇਣਾ ਗਲਤ ਹੈ, ਉਨਾ ਹੀ ਜਵਾਨ ਬੱਚਿਆਂ ਵੱਲੋਂ ਮਾਪਿਆਂ ਨੂੰ ਆਪਣੀ ਸੋਚ ਅਨੁਸਾਰ ਨਾ ਚੱਲਣ ਦੇਣਾ, ਆਪਣੀ ਲੋੜ ਮੁਤਾਬਿਕ ਵਿਆਹ ਨਾ ਕਰਵਾਉਣ ਦੇਣਾ ਜਾਂ ਉਹਨਾ ਦੀਆਂ ਵੰਡੀਆਂ ਪਾਉਣਾ ਵੀ ਗਲਤ ਹੈ। ਕਿਤੇ ਮਾਪੇ ਬੱਚਿਆਂ ਦੇ ਭੋਲੇਪਣ ਜਾਂ ਨਿਆਣੇਪਣ ਅਤੇ ਆਪਣੇ ਵੱਡੇਪਣ ਦਾ ਲਾਭ ਉਠਾਉਂਦਿਆਂ ਬੱਚਿਆਂ ਨੂੰ ਆਪਣੀ ਸੋਚ ਅਨੁਸਾਰ ਜਾਤੀ ਜਾਂ ਧਾਰਮਿਕ ਰੰਗਾਂ ਵਿੱਚ ਰੰਗ ਰਹੇ ਹਨ, ਮੈਂ ਅਜਿਹੇ ਮਾਪਿਆਂ ਦੀਆਂ ਵਧੀਕੀਆਂ ਦਾ ਸ਼ਿਕਾਰ ਹੋਏ ਸਮਝਦਾਰ ਬੱਚੇ ਵੀ ਰੋਂਦੇ ਵੇਖੇ ਹਨ। ਕਿਤੇ ਜਵਾਨ ਹੋਏ ਬੱਚੇ ਆਪਣੀ ਤਾਕਤ ਅਤੇ ਮਾਪਿਆਂ ਦੀ ਬੇਵਸੀ ਦਾ ਨਾਜਾਇਜ ਫਾਇਦਾ ਉਠਾਉਂਦਿਆਂ ਆਪਣੀ ਸੋਚ ਅਨੁਸਾਰ ਮਾਪਿਆਂ ਦੀ ਸੋਚ ਦੇ ਰੰਗਾਂ ਨੂੰ ਉਤਾਰ ਰਹੇ ਹਨ, ਅਜਿਹੇ ਬੱਚਿਆਂ ਦੀਆਂ ਵਧੀਕੀਆਂ ਦਾ ਸ਼ਿਕਾਰ ਹੋਏ ਮਾਪੇ ਆਪਣੇ ਹੰਝੂ ਛੁੱਪਾ ਕੇ ਰੋਂਦੇ ਵੀ ਵੇਖੇ ਹਨ, ਜਿੰਨਾ ਦੇ ਬੱਚੇ ਅੱਡ ਹੋਣ ਸਮੇਂ ਮਾਂ ਪਿਓ ਨੂੰ ਇਕੱਠਿਆਂ ਰੋਟੀ ਦੇਣ ਦੀ ਥਾਂ ਜਾਇਦਾਦ ਦੇ ਨਾਲ਼ ਨਾਲ਼ ਉਹਨਾ ਨੂੰ ਵੀ ਅਧੋ ਅੱਧ ਵੰਡ ਕੇ ਵੱਖ ਵੱਖ ਕਰਦਿਆਂ ਇਕੱਲੇ ਇਕੱਲੇ ਨੂੰ ਤੜਪ ਤੜਪ ਕੇ ਰੋਣ ਲਈ ਮਜਬੂਰ ਕਰ ਦਿੰਦੇ ਹਨ, ਜਿੱਥੇ ਉਹਨਾ ਦੇ ਕੋਈ ਹੰਝੂ ਪੂੰਝਣ ਵਾਲਾ ਵੀ ਨਹੀਂ ਹੁੰਦਾ, ਅਜਿਹੇ ਮਾਪੇ ਆਪਣੇ ਘਰ ਵਿੱਚ ਹੀ ਕੈਦੀ ਬਣ ਕੇ ਰਹਿ ਜਾਂਦੇ ਹਨ, ਨਾਰੀਨਿਕੇਤਨਾਂ ਵਿੱਚ ਰੁਲ਼ ਰਹੇ ਬੱਚੇ ਅਤੇ ਬਿਰਧ ਆਸ਼ਰਮਾਂ ਵਿੱਚ ਰੁਲ਼ ਰਹੇ ਮਾਪੇ ਸਾਡੇ ਇਸ ਵਰਤਾਰੇ ਦੀਆਂ ਪਰਤੱਖ ਉਦਾਹਰਣਾ ਹਨ। ਮਾਪੇ ਬੱਚਿਆਂ ਦੀ ਖੁਸ਼ੀ ਲਈ ਹਰ ਸੰਭਵ ਅਸੰਭਵ ਯਤਨ ਕਰਦੇ ਹਨ, ਮਾਪੇ ਆਪਣਾ ਸੁੱਖ ਅਰਾਮ ਤਿਆਗ ਕੇ ਬੱਚਿਆਂ ਦੇ ਵੇਖਣ, ਸੁਣਨ, ਖਾਣ-ਪੀਣ, ਪਹਿਨਣ ਅਤੇ ਰਹਿਣ ਸਹਿਣ ਦੀ ਹਰ ਵਸਤੂ ਮੁਹੱਈਆ ਕਰਵਾਉਣ ਦੀ ਕੋਸ਼ਿਸ਼ ਕਰਦੇ, ਇਸ ਦਾ ਮਤਲਬ ਇਹ ਨਹੀਂ ਹੁੰਦਾ ਕਿ ਮਾਪਿਆਂ ਨੂੰ ਆਪਣੇ ਮਨ ਪਸੰਦ ਦਾ ਵੇਖਣਾ, ਸੁਣਨਾ, ਖਾਣਾ-ਪੀਣਾ, ਪਹਿਨਣਾ ਅਤੇ ਰਹਿਣਾ ਸਹਿਣਾ ਚੰਗਾ ਨਹੀਂ ਲੱਗਦਾ, ਅਜਿਹਾ ਕੁੱਝ ਚੰਗਾ ਉਹਨਾ ਨੂੰ ਵੀ ਬੱਚਿਆਂ ਵਾਂਗ ਹੀ ਲੱਗਦਾ ਹੁੰਦਾ ਹੈ, ਪਰ ਉਹ ਬੱਚਿਆਂ ਦੀਆਂ ਖੁਸ਼ੀਆਂ ਲਈ ਆਪਣੀਆਂ ਖੁਸ਼ੀਆਂ ਅਤੇ ਪਸੰਦਾਂ ਉਤੇ ਕਾਬੂ ਪਾ ਕੇ ਰੱਖਦੇ ਹਨ, ਕਿ ਆਪਣਾ ਤਾਂ ਕੀ ਹੈ, ਪਰ ਇਹ ਚੀਜਾਂ ਬੱਚਿਆਂ ਨੂੰ ਮਿਲਣੀਆਂ ਚਾਹੀਂਦੀਆਂ ਹਨ। ਪਰ ਆਪਣੇ ਬੱਚਿਆਂ ਨੂੰ ਹਰ ਸੈਅ ਮੁਹੱਈਆ ਕਰਵਾਉਣ ਵਾਲੇ ਮਾਪੇ ਅਖੀਰ ਹਰ ਸੈਅ ਤੋਂ ਵਾਂਝੇ ਹੋ ਕੇ ਆਪਣੀ ਜਿੰਦਗੀ ਨੂੰ ਖੁਦ ਲਈ ਨਾ ਜਿਉਣ ਦੇ ਪਛੋਤਾਵੇ ਵਿੱਚ ਬੈਠੇ ਮੌਤ ਦੀ ਉਡੀਕ ਕਰ ਰਹੇ ਹੁੰਦੇ ਹਨ। ਜਿਹੜੇ ਘਰਾਂ ਵਿੱਚ ਮਾਪਿਆਂ ਅਤੇ ਬੱਚਿਆਂ ਦੇ ਰਿਸ਼ਤਿਆਂ ਅਤੇ ਪਿਆਰ ਦੇ ਰੰਗ ਗੂੜ੍ਹੇ ਹਨ, ਜੋ ਇੰਨਸਾਨੀ ਕਦਰਾਂ ਕੀਮਤਾਂ ਨੂੰ ਸਮਝਦੇ ਹਨ, ਉਹਨਾ ਘਰਾਂ ਵਿੱਚ ਨਸ਼ੇ, ਲੜਾਈਆਂ-ਝਗੜੇ, ਕਤਲ ਜਾਂ ਖੁਦਕੁਸੀਆਂ ਜਿਹੀਆਂ ਸਮਾਜਿਕ ਬੁਰਾਈਆਂ ਜਨਮ ਨਹੀਂ ਲੈਂਦੀਆਂ। ਪਰ ਜਿਹੜੇ ਘਰਾਂ ਵਿੱਚ ਇਨਸਾਨੀ ਕਦਰਾਂ ਕੀਮਤਾਂ ਦੀ ਘਾਟ, ਆਪਸੀ ਤਾਲਮੇਲ, ਇੱਕ ਦੂਜੇ ਦੀਆਂ ਸੋਚਾਂ ਅਤੇ ਲੋੜਾਂ ਨੂੰ ਸਮਝਣ, ਸਮਝਾਉਣ ਦੀ ਕਮੀਂ ਹੁੰਦੀ ਹੈ ਉਥੇ ਹੀ ਨਸ਼ੇ, ਲੜਾਈਆਂ-ਝਗੜੇ, ਕਤਲ ਜਾਂ ਖੁਦਕੁਸੀਆਂ ਵਰਗੀਆਂ ਭੈੜੀਆਂ ਘਟਨਾਵਾਂ ਵਾਪਰਦੀਆਂ ਹਨ, ਪਰ ਅਫਸੋਸ ਕਿ ਅਸੀਂ ਆਪਣੇ ਅੰਦਰ ਝਾਤੀ ਮਾਰਨ ਜਾਂ ਆਪਣੀਆਂ ਕਮੀਆਂ ਨੂੰ ਸਮਝਣ ਦੀ ਥਾਂ ਸਾਰੇ ਦੋਸ਼ ਸਰਕਾਰਾਂ ਸਿਰ ਮੜ੍ਹ ਕੇ ਆਪ ਸੁਰਖਰੂ ਹੋ ਜਾਂਦੇ ਹਾਂ, ਜਿਸ ਕਾਰਨ ਇਹ ਵਰਤਾਰਾ ਵੱਧ ਰਿਹਾ ਹੈ। ਬੇਸ਼ੱਕ ਸਰਕਾਰਾਂ ਵੀ ਆਪਣੀ ਡਿਉਟੀ ਸਹੀ ਨਹੀਂ ਨਿਭਾਅ ਰਹੀਆਂ, ਪਰ ਕੀ ਅਸੀਂ ਆਪਣੇ ਫਰਜਾਂ ਨੂੰ ਸਮਝ ਰਹੇ ਹਾਂ? ਨਹੀਂ। ਸਾਡੇ ਰਿਸ਼ਤਿਆਂ ਅਤੇ ਪਿਆਰ ਦੇ ਰੰਗ ਤਾਂ ਇੰਨੇ ਫਿਕੇ ਪੈ ਚੁੱਕੇ ਹਨ ਕਿ ਅਸੀਂ ਸਾਡੀਆਂ ਪਰਿਵਾਰਕ ਕਮੀਆਂ, ਲੜਾਈਆਂ ਝਗੜਿਆਂ ਕਾਰਨ ਛੋਟੇ ਵੱਡਿਆਂ ਵੱਲੋਂ ਕੀਤੀਆਂ ਖੁਦਕੁਸੀਆਂ ਨੂੰ ਬੇਰੁਜਗਾਰੀ ਅਤੇ ਆਰਥਿਕਤਾ ਨਾਲ ਜੋੜ ਕੇ ਉਸ ਦਾ ਵੀ ਮੁੱਲ ਵੱਟ ਲੈਂਦੇ ਹਾਂ। ਇਹ ਹੈ ਸਾਡੇ ਰਿਸਤਿਆਂ, ਪਿਆਰ ਅਤੇ ਸਮਾਜ ਦੀ ਤਰਾਸਦੀ। ਬੱਚਿਓ ਅਤੇ ਮਾਪਿਓ ਸਮਝ ਜਾਓ, ਆਪਣੀਆਂ ਜਿੱਦਾਂ, ਬੰਦਸਾਂ, ਅਖੌਤੀ ਇੱਜਤਾਂ, ਜਾਤਾਂ ਅਤੇ ਧਰਮਾਂ ਨੂੰ ਛੱਡ ਕੇ ਆਪਣੇ ਰਿਸ਼ਤਿਆਂ ਅਤੇ ਪਿਆਰ ਨੂੰ ਬਚਾ ਕੇ ਸੋਹਣਾ, ਪਿਆਰਾ ਅਤੇ ਅਜਾਦ ਸਮਾਜ ਸਿਰਜ ਲਓ, ਇਹਨਾ ਜਿੱਦਾਂ, ਬੰਦਸਾਂ, ਅਖੌਤੀ ਇੱਜਤਾਂ, ਜਾਤਾਂ ਅਤੇ ਧਰਮਾਂ ਨੇ ਤੁਹਾਡੇ ਕੋਲ ਸੱਭ ਕੁੱਝ ਪੈਸਾ, ਕਾਰਾਂ, ਕੋਠੀਆਂ ਆਦਿ ਹੁੰਦਿਆਂ ਵੀ ਜਿੰਦਗੀ ਦਾ ਅਨੰਦ ਨਹੀਂ ਆਉਣ ਦੇਣਾ। ਇਸ ਲਈ ਆਓ ਅਸੀਂ ਸਾਰੇ ਰਲ਼ ਕੇ ਅਪਣੀਆਂ ਜਿੱਦਾਂ, ਬੰਦਸਾਂ, ਅਖੌਤੀ ਇੱਜਤਾਂ, ਜਾਤਾਂ ਅਤੇ ਧਰਮਾਂ ਨੂੰ ਛੱਡ ਕੇ ਇੱਕ ਦੂਜੇ ਉਤੇ ਆਪਣੀ ਸੋਚ ਥੋਪ ਕੇ ਪਿਆਰੇ ਰਿਸ਼ਤਿਆਂ ਦੇ ਰੰਗਾਂ ਨੂੰ ਫਿੱਕਾ ਕਰਕੇ ਨਫਰਤਾਂ ਫੈਲਾਉਣ, ਨਸ਼ੇ ਜਾਂ ਖੁਦਕੁਸ਼ੀਆਂ ਕਰਨ ਦੀ ਥਾਂ ਆਪੋ ਆਪਣੀ ਸੋਚ ਅਨੁਸਾਰ ਜਿੰਦਗੀ ਜਿਉਣ ਲਈ ਇੱਕ ਦੂਜੇ ਦਾ ਸਾਥ ਦੇ ਕੇ ਪਿਆਰੇ ਰਿਸ਼ਤਿਆਂ ਦੇ ਰੰਗਾਂ ਨੂੰ ਹੋਰ ਵੀ ਗੂੜਾ ਕਰੀਏ। ਇੱਥੇ ਮੇਰਾ ਇਹ ਮਤਲਬ ਨਹੀਂ ਹੈ ਕਿ ਸਾਨੂੰ ਇੱਕ ਦੂਜੇ ਦੀ ਗੱਲ ਨਹੀਂ ਮੰਨਣੀ ਚਾਹੀਂਦੀ ਜਾਂ ਆਪੋ ਧਾਪੀ ਕਰਨੀ ਚਾਹੀਂਦੀ ਹੈ, ਨਹੀਂ ਮੈਂ ਤਾਂ ਚਾਹੁੰਦਾ ਹਾਂ ਕਿ ਸਾਨੂੰ ਰਿਸ਼ਤਿਆਂ ਵਿੱਚ ਪਿਆਰ ਕਾਇਮ ਰੱਖਣ ਲਈ ਆਪਣਿਆਂ ਬੱਚਿਆਂ\ਮਾਪਿਆਂ ਦੀਆਂ ਭਾਵਨਾਵਾਂ (ਲੋੜਾਂ ਅਤੇ ਸੋਚਾਂ) ਦਾ ਧਿਆਨ ਰੱਖਦਿਆਂ ਹਰ ਗੱਲ ਤੇ ਆਪਸ ਵਿੱਚ ਮਿਲ ਬੈਠ ਕੇ ਵਿਚਾਰ ਕਰਨੀ ਚਾਹੀਂਦੀ ਹੈ, ਕਿਸੇ ਦੀ ਗੱਲ ਨੂੰ ਵੱਡਿਆਂ ਜਾਂ ਛੋਟਿਆਂ ਦੀ ਇੱਜਤ ਦਾ ਸਵਾਲ ਬਣਾਉਣ ਜਾਂ ਦੂਜੇ ਦੀ ਜਿੰਦਗੀ ਵਿੱਚ ਰੁਕਾਵਟ ਪਾਉਣ ਦੀ ਥਾਂ ਸਹਿਯੋਗ ਦੇਣਾ ਚਾਹੀਂਦਾ ਹੈ, ਬੇਸ਼ੱਕ ਕਾਨੂੰਨ ਨੇ ਸਾਨੂੰ ਸੱਭ ਨੂੰ ਅਜਿਹੇ ਹੱਕ ਦਿੱਤੇ ਹੋਏ ਹਨ, ਕਿ ਕੋਈ ਕਿਸੇ ਦੀ ਨਿੱਜੀ ਜਿੰਦਗੀ ਵਿੱਚ ਦਖਲ ਨਹੀਂ ਦੇ ਸਕਦਾ, ਪਰ ਜੇ ਉਹ ਜਾਇਜ ਹੱਕ ਵੀ ਅਸੀਂ ਆਪਸ ਵਿੱਚ ਲੜ ਕੇ, ਰਿਸ਼ਤੇ ਅਤੇ ਪਿਆਰ ਗਵਾ ਕੇ ਪ੍ਰਾਪਤ ਕੀਤੇ ਫਿਰ ਵੀ ਕੀ ਫਾਇਦਾ ਹੋਇਆ, ਕਿੰਨਾ ਚੰਗਾ ਹੋਵੇ ਕਿ ਜੇ ਅਸੀਂ ਇੱਕ ਦੂਜੇ ਤੋਂ ਹੱਕ ਲੈਣ ਲਈ ਲੜ ਕੇ ਹੱਥ ਉਠਾਉਣ ਦੀ ਥਾਂ, ਇੱਕ ਦੂਜੇ ਨੂੰ ਉਸ ਦੇ ਹੱਕ ਦੇਣ ਲਈ ਪਿਆਰ ਨਾਲ ਹੱਥ ਅੱਗੇ ਵਧਾਈਏ, ਫਿਰ ਉਹਨਾ ਉਠੇ ਹੱਥਾਂ ਵਿੱਚੋਂ ਨਫਰਤ ਦੀ ਥਾਂ ਸਾਡੇ ਰਿਸ਼ਤਿਆਂ ਦਾ ਪਿਆਰ ਝੱਲਕੇਗਾ ਅਤੇ ਸਾਡਾ ਸਾਰਾ ਸਮਾਜ ਹੀ ਪਿਆਰ ਦੇ ਗੂੜੇ ਰੰਗ ਵਿੱਚ ਰੰਗਿਆ ਜਾਵੇਗਾ।


ਕੈਲਗਰੀ ਵਿੱਚ ਸਰ੍ਹੋਂ ਦੇ ਖੇਤਾਂ ਵਿੱਚ ਕੰਮ ਕਰਨ ਵਾਲੇ ਵਰਕਰਾਂ ਦੀ ਲੋੜ ਹੈ





ਸੱਤੇ ਦਿਨ 13 ਘੰਟੇ ਕੰਮ ਹੋਵੇਗਾ।
ਤਨਖਾਹ ਘੰਟਿਆਂ ਦੇ ਹਿਸਾਬ ਨਾਲ ਕੰਮ ਦਾ ਸੀਜ਼ਨ ਖਤਮ ਹੋਣ ਉਪਰੰਤ ਸਟੈਂਪਾਂ ਵੀ ਮਿਲਣਗੀਆਂ।
ਰਹਿਣ ਅਤੇ ਖਾਣ ਦਾ ਪੂਰਾ ਪ੍ਰਬੰਧ ਹੈ।
ਕੈਮਲੂਪਸ ਏਰੀਆ ਵਿੱਚ ਜਿਨਸਿੰਗ ਦਾ ਕੰਮ ਦਸੰਬਰ ਮਹੀਨੇ ਤੱਕ ਚੱਲੇਗਾ।
ਕਾਲ ਕਰੋ:
1 250 319 7263



ARROW DRYWALL INC.
The Name You Can Trust
Products of Services:
• Insulation • Drywall • Taping • Texturing • Blow Insulation
ਇੰਸੂਲੇਸ਼ਨ• ਡਰਾਈਵਾਲ• ਟੇਪਿੰਗ• ਬਲੋ ਇੰਸੂਲੇਸ਼ਨ• ਟੈਕਸਚਰਿੰਗ•
ਭਰੋਸੇਯੋਗ ਤੇ ਤਸੱਲੀਬਖ਼ਸ਼ ਕੰਮ ਕਰਵਾਉਣ ਲਈ ਫੋਨ ਕਰੋ ਜਾਂ ਮਿਲੋ





Ricky Kaler
Cell: 403-472-4243 Off: 403-483-0004 Fax: 403-532-2318
505-4655 54 Ave NE Calgary Alberta T3J 3M3 www.arrowdrywall.com



RDS Sidhu's
ਵਿਰਾਸਤੀ ਆਰਟਸ
Ramandeep Singh (RDS)
Shop. 85578-70770
M. 99144-90254
ਇੱਥੇ ਹਰ ਪ੍ਰਕਾਰ ਦੇ ਸੂਟ, ਦੁਪੱਟੇ, ਸ਼ਾਲ, ਫਰਾਕ, ਫੁਲਕਾਰੀ, ਬਾਗ, ਰੁਮਾਲਾ ਸਾਹਿਬ ਅਤੇ ਹਰ ਤਰਾਂ ਦੇ ਕੱਪੜੇ ਤੇ ਕਢਾਈ ਨਵੇਂ ਨਵੇਂ ਡਿਜ਼ਾਇਨਾਂ ਵਿੱਚ ਕੰਪਿਊਟਰਾਈਜ਼ ਮਸ਼ੀਨ ਨਾਲ ਕੀਤੀ ਜਾਂਦੀ ਹੈ।
ਨੋਟ: ਰਵਾਇਤੀ ਕਢਾਈ ਵਾਲੇ ਝੋਲੇ, ਗਿੱਧੇ ਭੰਗੜੇ ਦਾ ਡਰੈਸ ਮਟੀਰੀਅਲ ਵੀ ਵਾਜਬ ਰੇਟਾਂ ਤੇ ਉੱਪਲਬਧ ਹਨ।
ਇੱਥੇ ਆਰਡਰ ਪਾਰਸਲ ਕਰਨ ਦਾ ਖਾਸ ਪ੍ਰਬੰਧ ਹੈ।
ਪਤਾ: ਨੇੜੇ ਨਹਿਰ ਵਾਲਾ ਬੱਸ ਅੱਡਾ, ਪਿੰਡ ਕੁਸਲਾ (ਮਾਨਸਾ)
ਵਿਰਾਸਤੀ ਆਰਟਸ
ਵਿਰਾਸਤੀ ਆਰਟਸ

# ਕਾਗਜ਼ੀ ਵਿਚੋਲਪੁਣਾ

### ਲੜਕੇ ਦੀ ਲੋੜ

ਜੱਟ ਸਿੱਖ ਪਰਿਵਾਰ ਦੀ ਸਟੱਡੀ ਵੀਜੇ ਉੱਪਰ ਕਨੇਡਾ ਰਹਿ ਰਹੀ ਲੜਕੀ,ਜਨਮ 1994,ਕੱਦ 5 ਫੁੱਟ 7 ਇੰਚ, ਿਵਿਦਅਕ ਯੋਗਤਾ: ਐਮ ਏ ਇੰਗਲਿਸ਼ ਲਿਟਰੇਚਰ,ਅਤੇ ਹੁਣ ਐਡਵਾਂਸ ਕਮਿਊਨਿਕੇਸ਼ਨ ਦੀ ਪੜ੍ਹਾਈ ਕਰਦੀ,ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਮਾਲਵੇ ਵਿੱਚ 40 ਕਿੱਲਿਆਂ ਦੇ ਮਾਲਕ ਸੰਧੂ ਪਰਿਵਾਰ ਦੀ ਧੀ ਹੈ। ਲੜਕੀ ਦਾ ਭਰਾ ਵੀ ਕਨੇਡਾ ਸੈਟਲਡ ਹੈ। ਸੰਪਰਕ: 1 780 975 9073 ਜਾਂ 1 780 885 7581 ***214***

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ,ਸੋਹਣੇ ਸੁਨੱਖੇ ਉੱਚੇ ਲੰਮੇ ਗੱਭਰੂ ਕੱਦ 6 ਫੁੱਟ,ਜਨਮ 1987, ਵਿਦਿਅਕ ਯੋਗਤਾ ਐਮ ਬੀ ਏ,ਹੁਣ ਆਇਲ ਐਂਡ ਗੈਸ ਦੇ ਖੇਤਰ ਵਿੱਚ ਬਿਜਨਿਸ ਅਨੈਲਸਿਸਟ ਦੀ ਨੌਕਰੀ ਕਰਦੇ ਲਈ,ਹਾਣ ਪ੍ਰਵਾਣ ਦੀ ਯੋਗਤਾ ਵਾਲੀ ਲੜਕੀ ਦੀ ਰਿਸ਼ਤੇ ਦੀ ਲੋੜ ਹੈ। ਲੜਕਾ ਚੰਡੀਗੜ੍ਹ ਦਾ ਜੰਮਪਲ ਹੈ ਅਤੇ ਚੰਗੇ ਪੜ੍ਹੇ ਲਿਖੇ ਪਰਿਵਾਰ ਦਾ ਪਿਛੋਕੜ ਖੇਤੀਬਾੜੀ ਨਾਲ ਸਬੰਧਿਤ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ: 1 587 777 0366 ਜਾਂ ਈ ਮੇਲ: tarunsandhuGEHE@gmail.com ***218***

### ਲੜਕੀ ਦੀ ਲੋੜ

Canadian born Jatt Sikh Braich age 28 years height 6 ft degree from u of Calgary professionally employed looking for Canadian born professionally employed girl minimum ht 5,6ft .Please what's app or call 403 561 2486. ***217***

### ਲੜਕੇ ਦੀ ਲੋੜ

Jatt Sikh family seek a suitable match for their 5ft. 8inch / 29 years old daughter. She is an Engineering Graduate from Canadian University and working as a Professional Engineer within a reputed company. Boy should be born or raised in Canada and a well settled equally qualified Professional. Only Jatt Sikh families contact : (403) 828 7973 or acheema8811@gmail.com. ***217***

### ਲੜਕੇ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਪਰਿਵਾਰ ਦੀ ਲੜਕੀ ਜੋ ਇਸ ਵੇਲੇ ਬੀ ਐਸ ਸੀ ਨਰਸਿੰਗ (ਆਰ ਐਨ) ਦੀ ਪੜ੍ਹਾਈ ਕਰ ਰਹੀ ਹੈ,ਉਮਰ 25 ਸਾਲ, ਕੱਦ 5 ਫੁੱਟ 3 ਇੰਚ, ਲਈ ਹਾਣ ਪ੍ਰਵਾਣ ਦੇ ਨਸ਼ਾ ਰਹਿਤ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਕਨੇਡਾ ਰਹਿੰਦੇ ਲੜਕੇ ਨੂੰ ਪਹਿਲ ਪਰ ਪੰਜਾਬ ਰਹਿੰਦੇ ਲੜਕੇ ਬਾਰੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਸੰਪਰਕ: 1 306 265 0068 ***213***

### ਲੜਕੀ ਦੀ ਲੋੜ

ਕਨੇਡੀਅਨ ਜੰਮਪਲ, ਜੱਟ ਸਿੱਖ ਗਿੱਲ ਪਰਿਵਾਰ ਦੇ ਇਕਲੌਤੇ ਵੈਸ਼ਨੂੰ ਲੜਕੇ ,ਉਮਰ 32 ਸਾਲ, ਕੱਦ 6 ਫੁੱਟ, ਤਿੰਨ ਸਾਲ ਦਾ ਆਟੋਬਾਡੀ ਦਾ ਡਿਪਲੋਮਾ ਕੀਤਾ ਹੋਇਆ ਹੈ ,ਲਈ ਹਾਣ ਪ੍ਰਵਾਣ ਦੀ ਪਰਿਵਾਰਿਕ ਕਦਰਾਂ ਕੀਮਤਾਂ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸਿਰਫ ਉਹੀ ਸੰਪਰਕ ਕਰਨ ਜੋ ਲੜਕੀ ਵਿਨੀਪੈੱਗ ਮੂਵ ਹੋ ਸਕਦੀ ਹੋਵੇ। ਸੰਪਰਕ: 431 997 5121 ***212***

### ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ,ਜੱਟ ਸਿੱਖ ਹੁੰਦਲ ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ,ਉਮਰ 30 ਸਾਲ,ਕੱਦ 5 ਫੁੱਟ 6 ਇੰਚ,ਵਿਦਿਅਕ ਯੋਗਤਾ : ਫਾਰਮੇਸੀ ,ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 1 204 899 9167 ***212***

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ, ਜੱਟ ਸਿੱਖ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ,ਜਨਮ 1990, ਕੱਦ 5 ਫੁੱਟ 11 ਇੰਚ, ,ਉੱਚ ਤਕਨੀਕੀ ਯੋਗਤਾ (ਮਕੈਨੀਕਲ ਇੰਜੀਨੀਅਰ) ਕਨੇਡਾ ਤੋਂ ਹੀ ਪਰਾਪਤ, ਵੈਲ ਸੈਟਲਡ ਆਪਣਾ ਬਿਜਨਿਸ ਕਰ ਰਹੇ, ਲਈ ਕਨੇਡਾ ਤੋਂ ਹੀ ਹਾਣ ਪ੍ਰਵਾਣ ਦੀ ਪਰਿਵਾਰਕ ਕਦਰਾਂ ਕੀਮਤਾਂ ਵਾਲੀ, ਪੜ੍ਹੀ ਲਿਖੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਕਾਲ: 403 399 3205 ***212***

### ਲੜਕੀਆਂ ਦੀ ਲੋੜ

ਕਨੇਡੀਅਨ ਪੀ ਆਰ ਢਿੱਲੋਂ ਪਰਿਵਾਰ ਦੇ ਲੜਕੇ ਉਮਰ 30 ਸਾਲ (ਜੁੜਵੇਂ) ਕੱਦ 5 ਫੁੱਟ 7 ਇੰਚ, ਵੈਸਨੂੰ,ਨਸ਼ਾ ਰਹਿਤ, ਵਿਦਿਅਕ ਯੋਗਤਾ ,ਐਮ ਐਸ ਸੀ ਫਿਜਿਕਸ,ਕਨੇਡਾ ਤੋਂ ਇੰਮੀਗ੍ਰੇਸ਼ਨ ਸਲਾਹਕਾਰ ਡਿਪਲੋਮਾ ਹੋਲਡਰ,ਅਤੇ ਇਸਦੇ ਹੀ ਜੁੜਵੇਂ ਭਰਾ,ਜੋ ਇੰਡੀਆ ਰਹਿੰਦਾ ਹੈ। ਜਿਸਦਾ ਕੱਦ ਵੀ 5 ਫੁੱਟ 7 ਇੰਚ ਹੀ ਹੈ । ਉਸਨੇ ਐਮ ਐਸ ਸੀ ਕੈਮਿਸਟਰੀ ਕੀਤੀ ਹੋਈ ਹੈ । ਉਹ ਅੰਮ੍ਰਿਤਧਾਰੀ ਹੈ,ਲਈ ਹਾਣ ਪ੍ਰਵਾਣ ਦੀਆਂ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀਆਂ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਜਾਂ ਸਟੂਡੈਂਟਸ ਲੜਕੀਆਂ ਬਾਰੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਸੰਪਰਕ: 780 271 7578 ਜਾਂ 01191-98152 01997 ***212***

### ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ ,ਖੁਬਸੂਰਤ ਜੱਟ ਸਿੱਖ ਪਰਿਵਾਰ ਦੀ ਲੜਕੀ ਉਮਰ 35 ਸਾਲ,ਕੱਦ 5 ਫੁੱਟ 6 ਇੰਚ, ਲਈ ਹਾਣ ਪ੍ਰਵਾਣ ਦੇ ਚੰਗੀ ਜੌਬ ਜਾਂ ਬਿਜਨਿਸ ਕਰਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਕੋਲ ਆਪਣਾ ਘਰ ਹੈ ਅਤੇ ਚੰਗੀ ਜੌਬ ਕਰ ਰਹੀ ਹੈ। ਡੀਸੈਂਟ ਮੈਰਿਜ ਡਿਵੋਰਸ ਕੇਸ ਵੀ ਵਿਚਾਰਿਆ ਜਾ ਸਕਦਾ ਹੈ। ਵਿਆਹ ਜਲਦੀ। ਫੋਨ ਕਾਲ ਜਾਂ ਵਟਸਐਪ : 1 204 295 0178 ***212***

### ਲੜਕੀ ਦੀ ਲੋੜ

ਕਨੇਡਾ ਵਿਜਟਿਰ ਵੀਜੇ ਉੱਪਰ, ਜੱਟ ਸਿੱਖ ਗਿੱਲ ਪਰਿਵਾਰ ਦੇ ਕਨੇਡਾ ਰਹਿ ਰਹੇ ਲੜਕੇ,ਉਮਰ 37 ਸਾਲ, ਕੱਦ 5 ਫੁੱਟ 9 ਇੰਚ, ਵਿਦਿਅਕ ਯੋਗਤਾ : ਐਮ ਏ ਪੰਜਾਬੀ, ਐਮ ਏ ਪੋਲੀਟਿਕਲ ਸਾਇੰਸ, ਲਈ ਹਾਣ ਪ੍ਰਵਾਣ ਦੀ ਕਨੇਡੀਅਨ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕਨੇਡਾ ਪੱਕੇ ਤੌਰ ਤੇ ਸੈੱਟਲ ਹੈ। ਵਰਕ ਪਰਮਿਟ ਵਾਲੀ ਲੜਕੀ ਜਿਸ ਦੀ ਪੀ ਆਰ ਫਾਈਲ ਲੱਗੀ ਹੋਵੇ ਜਾਂ ਬਿਨਾ ਬੱਚੇ ਤੋਂ ਤਲਾਕਸੁਦਾ ਲੜਕੀ ਵੀ ਸੰਪਰਕ ਕਰ ਸਕਦੀ ਹੈ। ਵਿਆਹ ਜਲਦੀ। ਸੰਪਰਕ: 1 825 733 4897 ਜਾਂ 1 825 712 5990 ***216***

### ਲੜਕੀ ਦੀ ਲੋੜ

Looking a suitable match for Canadian citizen s/c engineer boy. Age 31 yr,Ht 5.7ft. Citizen/PR girl from technical or medical profession proffered. Contact : 403 862 6806 / 403 830 5721.Email : askumar_3251@hotmail.com ***216***

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ,ਜੱਟ ਸਿੱਖ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ,ਉਮਰ 30 ਸਾਲ,ਕੱਦ 6 ਫੁੱਟ, ਲਈ ਹਾਣ ਪ੍ਰਵਾਣ ਦੀ ਸੋਹਣੀ ਸੁਨੱਖੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਆਪਣਾ ਫਾਸਟ ਫੂਡ ਫਰੈਂਚਾਈਜ਼,ਕਾਰੋਬਾਰ ਹੈ। ਲੁਧਿਆਣਾ ਜਿਲੇ ਨਾਲ ਸਬੰਧਿਤ ਛੋਟਾ ਅਤੇ ਕੈਲਗਰੀ ਵਿੱਚ ਵੈੱਲ ਸੈਟਲਡ ਪਰਿਵਾਰ ਹੈ। ਪੀ ਆਰ ਜਾਂ ਸਿਟੀਜਨ ਲੜਕੀ ਦਾ ਕੇਸ ਪਹਿਲ ਦੇ ਅਧਾਰ ਉੱਪਰ ਵੀਚਾਰਿਆ ਜਾਵੇਗਾ। ਸੰਪਰਕ: 403 870 2221 ***215***

### ਲੜਕੇ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਗਰੇਵਾਲ ਪਰਿਵਾਰ ਦੀ ਲੜਕੀ, ਉਮਰ 35 ਸਾਲ, ਕੱਦ 5 ਫੁੱਟ 3 ਇੰਚ, ਵਿਦਿਅਕ ਯੋਗਤਾ: ਬੀ ਐਸ ਸੀ ਨਰਸਿੰਗ,ਲਈ ਬਰਾਬਰ ਦੀ ਯੋਗਤਾ ਵਾਲੇ ਨਸ਼ਿਆਂ ਤੋਂ ਰਹਿਤ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਜਾਂ ਵਿਜਟਿਰ ਵੀਜੇ ਵਾਲੇ ਲੜਕੇ ਬਾਰੇ ਵੀ ਵੀਚਾਰ ਹੋ ਸਕਦੀ ਹੈ । ਕੈਲਗਰੀ ਅਤੇ ਲੁਧਿਆਣਾ ਜਿਲੇ ਨਾਲ ਸਬੰਧਿਤ ਪਰਿਵਾਰਾਂ ਨੂੰ ਪਹਿਲ ਦੇ ਅਧਾਰ ਉੱਪਰ ਵੀਚਾਰਿਆ ਜਾਵੇਗਾ। ਸੰਪਰਕ: 587 350 8755 ਜਾਂ 403 464 8765 ***215***

### ਲੜਕੀ ਦੀ ਲੋੜ

ਵਰਕ ਪਰਮਿਟ ਉੱਪਰ ਕੈਲਗਰੀ ਰਹਿੰਦੇ ਜੱਟ ਸਿੱਖ ਧਾਲੀਵਾਲ ਪਰਿਵਾਰ ਦੇ ਲੜਕੇ ਉਮਰ 23 ਸਾਲ, ਕੱਦ 6।0 ਫ਼ੁੱਟ, ਡਿਪਲੋਮਾ ਹੋਲਡਰ ਲਈ ਕੈਨੇਡੀਅਨ ਪੀ ਆਰ ਜਾਂ ਸਿਟੀਜ਼ਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ:1 780 236 0958 ***215***

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ,ਜੱਟ ਸਿੱਖ ਸੋਢਾ ਪਰਿਵਾਰ ਦੇ ਸੋਹਣੇ ਸੁਨੱਖੇ ਤਲਾਕਸੁਦਾ ਲੜਕੇ ਉਮਰ 35 ਸਾਲ ,ਕੱਦ 6 ਫੁੱਟ 2 ਇੰਚ ,ਵਿਦਿਅਕ ਯੋਗਤਾ ਪਲੱਸ ਟੂ ਲਈ ਹਾਣ ਪ੍ਰਵਾਣ ਦੀ ਸੋਹਣੀ ਸੁਨੱਖੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 991 8099 ***211***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ,ਜੱਟ ਸਿੱਖ ਗਿੱਲ ਪਰਿਵਾਰ ਦੇ ਲੜਕੇ ਉਮਰ 26 ਸਾਲ, ਕੱਦ 5 ਫੁੱਟ 8 ਇੰਚ, ਆਈ ਟੀ ਡਿਪਲੋਮਾ ਹੋਲਡਰ ਲਈ ਕਨੇਡਾ ਤੋਂ ਹੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਆਪਣਾ ਕਾਰੋਬਾਰ ਸੈੱਟ ਹੈ ਅਤੇ ਪੰਜਾਬ ਵਿੱਚ 18 ਏਕੜ ਜ਼ਮੀਨ ਦਾ ਮਾਲਕ ਹੈ। ਸੰਪਰਕ: 1 431 336 8812 ***214***

### ਲੜਕੀ ਦੀ ਲੋੜ

ਜੱਟ ਸਿੱਖ ਸੇਖੋਂ ਪਰਿਵਾਰ ਦੇ ਸੋਹਣੇ ਸੁਨੱਖੇ ਕਨੇਡਾ ਰਹਿ ਰਹੇ ਲੜਕੇ ਉਮਰ 28 ਸਾਲ , ਕੱਦ 5 ਫੁੱਟ 9 ਇੰਚ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੀ ਆਪਣੀ ਕੰਨਸਟਰੱਕਸ਼ਨ ਕੰਪਨੀ ਹੈ ਅਤੇ ਵੈਲਡਰ ਦਾ ਕੋਰਸ ਵੀ ਕੀਤਾ ਹੋਇਆ ਹੈ। ਸੰਪਰਕ: 1 780 260 7777 ਜਾਂ 1780 290 7777 ***214***

### ਜੀਵਨ ਸਾਥਣ ਦੀ ਲੋੜ

ਅਮਰੀਕਨ ਸਿਟੀਜਨ ,ਜੱਟ ਸਿੱਖ ਸਿੱਧੂ, ਉਮਰ 57 ਸਾਲ,ਕੱਦ 5 ਫੁੱਟ 11 ਇੰਚ,ਚੰਗੀ ਸਿਹਤ ਅਤੇ 34 ਸਾਲ ਤੋਂ ਅਮਰੀਕਾ ਵਿੱਚ ਚੰਗਾ ਕਾਰੋਬਾਰ ਕਰਦੇ ,ਦੋ ਘਰਾਂ ਦੇ ਮਾਲਕ,ਤਲਾਕ ਸੁ਼ਦਾ ਲਈ 40-45 ਸਾਲ ਦੀ ਉਮਰ ਦੀ ਜੀਵਨ ਸਾਥਣ ਦੀ ਲੋੜ ਹੈ।ਜਾਤ-ਪਾਤ ਦਾ ਕੋਈ ਬੰਧਨ ਨਹੀਂ ਹੈ ਸੰਪਰਕ: 1 317 476 6223 ***225***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ,ਉੱਪਲ ਪਰਿਵਾਰ ਦੇ ਲੜਕੇ ਉਮਰ 35 ਸਾਲ, ਕੱਦ 6 ਫੁੱਟ 2 ਇੰਚ, ਵਿਦਿਅਕ ਯੋਗਤਾ:ਬੀਏ ਲਈ ਹਾਣ ਪ੍ਰਵਾਣ ਦੀ ਪਰਿਵਾਰਕ ਕਦਰਾਂ ਕੀਮਤਾਂ ਜਾਨਣ ਵਾਲੀ ਲੜਕੀ ਦੇ ਰਿਸਤੇ ਦੀ ਲੋੜ ਹੈ । ਵਿਜਟਿਰ ਵੀਜੇ ਜਾਂ ਵਰਕ ਪਰਮਿਟ ਉੱਪਰ ਆਈ ਲੜਕੀ ਵੀ ਸੰਪਰਕ ਕਰ ਸਕਦੀ ਹੈ।ਸੰਪਰਕ: 1 236 867 4005 ***214***

### ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ,ਜੱਟ ਸਿੱਖ ਸੰਧੂ ਪਰਿਵਾਰ ਦੀ (1988) ਲੜਕੀ,ਕੱਦ 5 ਫੁੱਟ 6 ਇੰਚ,ਅਨਮੈਰਿਡ, ਜੋ ਕਨੇਡਾ ਵਿੱਚ ਹੀ ਪੜ੍ਹ ਲਿਖਕੇ ਵੱਡੀ ਹੋਈ ਹੈ, ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਬਿਜਨਿਸ ਫਾਇਨਾਂਸ ਵਿੱਚ ਡਿਪਲੋਮਾ ਕਰਨ ਉਪਰੰਤ ਹੁਣ ਫਾਇਨਾਂਸ ਕੰਪਨੀ ਵਿੱਚ ਹੀ ਚੰਗੀ ਜੌਬ ਕਰ ਰਹੀ ਹੈ। ਸਟੂਡੈਂਟ,ਵਿਜਟਿਰ ਜਾਂ ਡਿਵੋਰਸ ਕੇਸ ਵਾਲੇ ਕ੍ਰਿਪਾ ਕਰਕੇ ਸੰਪਰਕ ਨਾ ਕਰਨ । ਸੰਪਰਕ: 403 919 1672 ***214***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਉਮਰ 29 ਸਾਲ,ਕੱਦ 5 ਫੁੱਟ 7 ਇੰਚ, ਵਿਦਿਅਕ ਯੋਗਤਾ: ਬੀ ਸੀ ਟੀ ਐਂਡ ਸੀ ਏ, ਧਾਲੀਵਾਲ (ਨਾਈ ਸਿੱਖ) ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 587 839 1530 ਜਾਂ ਈ ਮੇਲ Jaswinderssingh01@gmail.com ***213***

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ,ਜੱਟ ਸਿੱਖ ਗਰੇਵਾਲ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ,ਉਮਰ 33 ਸਾਲ, ਕੱਦ 6 ਫੁੱਟ ,ਬੀ ਟੈੱਕ ਆਈ ਟੀ ਵਿਦਿਅਕ ਯੋਗਤਾ ਵਾਲੇ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਆਪਣਾ ਟਰੱਕਿੰਗ ਇੰਡਸਟਰੀ ਵਿੱਚ ਚੰਗਾ ਕਾਰੋਬਾਰ ਹੈ। ਸੰਪਰਕ: 1 204 963 3976 ***213***

### ਲੜਕੇ ਦੀ ਲੋੜ

ਕੈਨੇਡੀਅਨ ਪੀ ਆਰ, ਜੱਟ ਸਿੱਖ ਸਿੱਧੂ ਪਰਿਵਾਰ ਦੀ ਲੜਕੀ, ਉਮਰ 32 ਸਾਲ, ਕੱਦ 5 ਫੁੱਟ 9 ਇੰਚ, ਹੈਲਥ ਕੇਅਰ ਏਡ ਯੋਗਤਾ, ਵਾਲੀ ਲਈ ਹਾਣ ਪਰਵਾਨ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ ਇੰਡੀਆ ਫੋਨ: 8694987000 ਜਾਂ ਈ ਮੇਲ: Charnjeetbrar96@gmail.com ***213***

### ਲੜਕੀ ਦੀ ਲੋੜ

ਵਿਜਟਿਰ ਵੀਜ਼ੇ ਤੇ ਕੈਨੇਡਾ ਆਏ ਜੱਟ ਸਿੱਖ ਮਾਨ ਪਰਿਵਾਰ ਦੇ ਲੜਕੇ ਉਮਰ 29 ਸਾਲ, ਕੱਦ 5 ਫੁੱਟ 11 ਇੰਚ, ਵਿੱਦਿਅਕ ਯੋਗਤਾ ਐਮ ਏ ਲਈ ਕੈਨੇਡੀਅਨ ਪੀ ਆਰ ਲੜਕੀ ਦੀ ਲੋੜ ਹੈ ਹੋਰ ਜਾਣਕਾਰੀ ਲਈ ਸੰਪਰਕ ਨੰਬਰ : 403 923 7020 ***220***

## ਟੋਰਾਂਟੋ ਅੰਦਰ ਪਬਲਿਕ ਟਰਾਂਜ਼ਿਟ ਦੇ ਕਰਮਚਾਰੀਆਂ ਉੱਪਰ ਹਮਲੇ ਵਧੇ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਟੋਰਾਂਟੋ ਵਿੱਚ ਪਿਛਲੇ ਕਈ ਦਿਨਾਂ ਦੌਰਾਨ ਪਬਲਿਕ ਟਰਾਂਜ਼ਿਟ ਟੀ ਟੀ ਸੀ ਦੇ ਕਰਮਚਾਰੀਆਂ ਉਪਰ ਕਈ ਤਰ੍ਹਾਂ ਦੇ ਹਮਲੇ ਹੋ ਚੁੱਕੇ ਹਨ ਅਤੇ ਇਹਨਾਂ ਹਮਲਿਆਂ ਵਿੱਚ ਵਾਧਾ ਹੁੰਦਾ ਜਾ ਰਿਹਾ ਹੈ। ਇਸ ਬੇਹੱਦ ਗੰਭੀਰ ਸਥਿਤੀ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਟਰੰਟੋ ਪੁਲੀਸ ਦੇ ਮੁਖੀ ਮਾਈਰਨ ਡੇਮਕੀਵ ਨੇ ਐਲਾਨ ਕੀਤਾ ਹੈ ਕਿ ਸਿਟੀ ਟਰਾਂਜਿਟ ਵਿੱਚ ਪੁਲੀਸ ਦੀ ਨਫਰੀ ਅਤੇ ਪੁਲਿਸ ਪੈਟਰੋਲਿੰਗ ਵਿੱਚ ਵਾਧਾ ਕੀਤਾ ਜਾ ਰਿਹਾ ਹੈ ਤਾਂ ਕਿ ਟੀਟੀਸੀ ਸਟਾਫ ਅਤੇ ਟਰਾਂਜਿਟ ਤੇ ਰੋਜ਼ਾਨਾ ਸਫ਼ਰ ਕਰਨ ਵਾਲੇ ਲੱਖਾਂ ਲੋਕਾਂ ਦੀ ਸੁਰੱਖਿਆ ਯਕੀਨੀ ਬਣਾਈ ਜਾ ਸਕੇ। ਵਰਨਣਯੋਗ ਹੈ ਕਿ ਟੋਰਾਂਟੋ ਨੇੜਲੇ ਸਕਾਰਬਰੋ ਵਿੱਚ ਕੈਨੇਡੀ ਸਟੇਸ਼ਨ ਨੇੜੇ ਇੱਕ ਬੱਸ ਵਿੱਚ ਦੋ ਵਰਦੀਧਾਰੀ ਟੀਟੀਸੀ ਮੁਲਾਜ਼ਮਾਂ ਉੱਤੇ ਹਮਲਾ ਕਰਨ ਵਾਲੇ ਘੱਟੋ ਘੱਟ 15 ਟੀਨੇਜ ਲੜਕਿਆਂ ਦੀ ਟੋਰਾਂਟੋ ਪੁਲਿਸ ਵੱਲੋਂ ਭਾਲ ਕੀਤੀ ਜਾ ਰਹੀ ਹੈ। ਕੈਨੇਡੀ ਰੋਡ ਤੇ ਮੈਰੀਅਨ ਰੋਡ ਏਰੀਆ ਵਿੱਚ ਵਾਪਰੀ ਇਸ ਘਟਨਾ ਦੀ ਜਾਣਕਾਰੀ ਪੁਲਿਸ ਨੂੰ ਦਿੱਤੀ ਗਈ ਸੀ ।

ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ 10 ਤੋਂ 15 ਟੀਨੇਜ ਲੜਕਿਆਂ ਨੇ ਟੀਟੀਸੀ ਬੱਸ ਉੱਤੇ ਸਵਾਰ ਦੋ ਮੁਲਾਜ਼ਮਾਂ ਉੱਤੇ ਹਮਲਾ ਕੀਤਾ ਤੇ ਉੱਥੋਂ ਫਰਾਰ ਹੋ ਗਏ। ਪੁਲਿਸ ਨੇ ਇਸ ਗੱਲ ਦੀ ਵੀ ਪੁਸ਼ਟੀ ਕੀਤੀ ਕਿ ਇਨ੍ਹਾਂ ਕਰਮਚਾਰੀਆਂ ਨੂੰ ਬਹੁਤੀਆਂ ਸੱਟਾਂ ਨਹੀਂ ਲੱਗੀਆਂ। ਟੀਟੀਸੀ ਦੇ ਬੁਲਾਰੇ ਨੇ ਦੱਸਿਆ ਕਿ ਪੁਲਿਸ ਵੱਲੋਂ ਕੀਤੀ ਜਾ ਰਹੀ ਇਸ ਮਾਮਲੇ ਦੀ ਜਾਂਚ ਵਿੱਚ ਆਰਗੇਨਾਈਜ਼ੇਸ਼ਨ ਪੂਰਾ ਸਹਿਯੋਗ ਦੇ ਰਹੀ ਹੈ। ਟਰਾਂਜ਼ਿਟ ਮੁਲਾਜ਼ਮਾਂ ਉੱਤੇ ਇਸ ਤਰ੍ਹਾਂ ਦੇ ਹਮਲੇ ਨੂੰ ਕ੍ਰਿਮੀਨਲ ਕੋਡ ਦੇ ਵਿਸ਼ੇਸ਼ ਪ੍ਰਬੰਧ ਤਹਿਤ ਰੱਖਿਆ ਜਾਂਦਾ ਹੈ। ਐਮਲਗਾਮੇਟਿਡ ਟਰਾਂਜ਼ਿਟ ਯੂਨੀਅਨ (ਏਟੀਯੂ) ਲੋਕਲ 113, ਜੋ ਕਿ ਲੱਗਭਗ 12000 ਟਰਾਂਜ਼ਿਟ ਵਰਕਰਾਂ ਦੀ ਨੁਮਾਇੰਦਗੀ ਕਰਦੀ ਹੈ, ਵੱਲੋਂ ਵੀ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਹੈ ਕਿ ਹਮਲਾ ਕਰਨ ਵਾਲਿਆਂ ਵਿੱਚ ਟੀਨੇਜਰ ਲੜਕੇ ਹੀ ਸ਼ਾਮਲ ਸਨ।

"ਪੰਜਾਬੀ ਅਖ਼ਬਾਰ" ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ,ਘਰ ਜਾਂ ਕਾਰ ਖਰੀਦਣ ਜਾਂ ਵੇਚਣ ਸਬੰਧੀ ਇਸਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।
ਕੈਲਗਰੀ-403 640 2000
ਐਡਮਿੰਟਨ-780 599 2000 ਸੈਸਕਾਟੂਨ 639 999 1000
ਰੀਜ਼ਾਇਨਾ- 639 999 1000, ਵਿਨੀਪੈੱਗ- 431 733 3000

ਕੈਲਗਰੀ ਦੀ ਨਾਮਵਰ ਕੰਪਨੀ ਨੂੰ ਘਰਾਂ ਦੇ ਕੰਮ ਲਈ ਵਰਕਰਾਂ ਦੀ ਸਖਤ ਲੋੜ ਹੈ।

ਰੂਫਰ ਅਤੇ ਸਾਈਡਿੰਗ ਇੰਨਸਟਾਲਰ ਚਾਹੀਦੇ ਹਨ।ਜੇਕਰ ਤਜਰਬਾ ਹੋਵੇ ਤਾਂ ਵਧੀਆ ਹੈ ਨਹੀਂ ਤਾਂ ਉਹ ਖੁਦ ਕੰਮ ਸਿਖਾ ਵੀ ਦੇਣਗੇ।ਅੰਗਰੇਜੀ ਦੀ ਕੋਈ ਸਮੱਸਿਆ ਨਹੀਂ ਜ਼ਿਆਦਾ ਵਰਕਰ ਪੰਜਾਬੀ ਹੀ ਬੋਲਦੇ ਹਨ ਐਲ ਐਮ ਆਈ ਏ ਦਿਵਾਉਣ ਵਿੱਚ ਵੀ ਮੱਦਦ ਕਰ ਸਕਦੇ ਹਨ।

ਅੱਜ ਹੀ ਕਾਲ ਕਰੋ:
403 680 0436

ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ




ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ "ਐਲ ਐਮ ਆਈ ਵੀ ਮਿਲ ਜਾਵੇਗੀ "ਜੇਕਰ ਕੰਮ ਦਾ ਤਜ਼ਰਬਾ ਨਹੀਂ ਹੈ ਤਾਂ ਉਹ ਕੰਮ ਵੀ ਸਿਖਾ ਦੇਣਗੇ। ਸਰੀਰਕ ਤੌਰ ਤੇ ਮਿਹਨਤ ਮੁਸ਼ੱਕਤ ਵਾਲਾ ਕੰਮ ਕਰਨ ਵਾਲੇ ਸੰਪਰਕ ਕਰਨ "403 614 2094 ਜਾਂ 403 402 5615

ਡਰਾਇਵਰਾਂ ਦੀ ਲੋੜ

Gagan Express LTD o/a VB Ace of Spades is now
Hiring Class 1 long haul driver
Minimum 1 year experience required
Benefits and competitive pay rate plus safety bonus
Contact :
Kanwar Brar
Hiring@vbaspades.com

### ਲੜਕੇ ਦੀ ਲੋੜ

ਪੰਜਾਬ ਰਹਿ ਰਹੀ ਚੰਗੀ ਪੜੀ ਲਿਖੀ, ਯੂਨੀਵਰਸਿਟੀ ਵਿੱਚ ਜੌਬ ਕਰਦੀ ਲੜਕੀ ਉਮਰ 28 ਸਾਲ, ਵਿਦਿਅਕ ਯੋਗਤਾ ਐਮ ਏ ,ਬੀ ਐਡ, ਲਈ ਹਾਣ ਪਰਵਾਣ ਦੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦੇ ਦੋਵੇਂ ਭਰਾ ਕਨੇਡਾ ਵੈਲ ਸੈਟਲਡ ਹਨ। ਵਰਕ ਪਰਮਿਟ ਵਾਲਾ ਲੜਕਾ ਵੀ ਸੰਪਰਕ ਕਰ ਸਕਦਾ ਹੈ। ਜਾਤ ਪਾਤ ਦਾ ਕੋਈ ਬੰਧਨ ਨਹੀਂ । ਸੰਪਰਕ: 403 702 0424 ***210***

**Need Nanny**

Looking for a nanny live in or live out 5 days a week (Mon - Fri) to cook, clean, and babysit 2.5 year old baby girl & 7 year old baby boy.

**Salary: $13 - $15**
**Gurbinder Sohal**
City: Regina, SK
**Contact Number 306-520-4313**

**Hiring**

**Hair and face art salon islooking for hairdresser (NOC CODE 6341) Applicants should have minimum of 1-2 years of experience.**
**Number of Vacancies :2**
**Wage rate: 20/hour fulltime job**
**Interested candidates please send your resume at email: hairandfaceart994@gmail.com**

ਗ੍ਰਾਫਿਕ ਡਿਜ਼ਾਇਨਰ (ਸਾਈਨ) ਦੀ ਲੋੜ ਹੈ
ਪ੍ਰਿੰਟ ਐਂਡ ਡਿਜ਼ਾਇਨ ਦੇ ਖੇਤਰ ਵਿੱਚ ਕੈਲਗਰੀ ਦੀ ਵੱਡੀ ਕੰਪਨੀ ਐਰੋ ਸਾਈਨ ਵਾਲਿਆਂ ਨੂੰ ਗ੍ਰਾਫਿਕ ਡਿਜ਼ਾਇਨਰ (ਸਾਈਨ) ਦੀ ਲੋੜ ਹੈ। 3-5 ਸਾਲ ਕੰਮ ਕਰਨ ਦਾ ਤਜ਼ਰਬਾ ਹੋਵੇ । ਚੈਨਲ ਲੈਟਰ ਬਣਾਉਣ ਦਾ ਕੰਮ ਜਾਣਦਾ ਹੋਵੇ। ਤੁਸੀਂ ਇੰਡੀਆ ਤੋਂ ਵੀ ਅਪਲਾਈ ਕਰ ਸਕਦੇ ਹੋ।
aerosignandprintinc@gmail.com

**ਘਰ ਦੇ ਕੰਮ ਲਈ ਸਹਾਇਕ ਔਰਤ ਦੀ ਲੋੜ**

ਕੈਲਗਰੀ ਸਹਿਰ ਦੇ ਸੈਡਲਰਿੱਜ ਏਰੀਆ ਵਿੱਚ ਰਹਿੰਦੀ ਪੰਜਾਬੀ ਫੈਮਿਲੀ ਨੂੰ ਘਰ ਦੇ ਕੰਮ ( ਬਰਤਨ ਧੋਣੇ ਅਤੇ ਘਰ ਦੀ ਸਾਫ ਸਫਾਈ ਆਦਿ) ਲਈ ਹੈਲਪਰ (ਔਰਤ) ਦੀ ਲੋੜ ਹੈ । ਕੰਮ ਹਫ਼ਤੇ ਦੇ ਪੰਜ ਦਿਨ 30-35 ਘੰਟੇ ਹੋਵੇਗਾ । ਚੰਗੀ ਤਨਖਾਹ ਦਿੱਤੀ ਜਾਵੇਗੀ।

**ਸੰਪਰਕ : 587 854 3124**

## ਮਾਂ ਦੀ ਰੀਝ



ਬਿਸਨੀ ਚਾਹੇ ਤਿੰਨ ਪੁੱਤਾਂ ਦੀ ਮਾਂ ਸੀ ਪਰ ਉਹ ਆਪਣੇ ਦੋਵੇਂ ਛੋਟੇ ਪੁੱਤਾਂ ਜਰਨੈਲ ਅਤੇ ਰਾਣੇ ਕੋਲ ਹੀ ਰਹਿੰਦੀ ਸੀ।ਵੱਡਾ ਪੁੱਤ ਸਰਵਣ ਤਾਂ ਵਿਆਹ ਤੋਂ ਥੋੜੇ ਮਹੀਨਿਆਂ ਬਾਅਦ ਹੀ ਜਾ ਕੇ ਸਹਿਰ ਰਹਿਣ ਲੱਗ ਪਿਆ ਸੀ।ਉਸ ਦੀ ਘਰਵਾਲੀ ਦਾ ਸੁਭਾਅ ਤਾਂ ਸੜੀਅਲ ਸੀ ਹੀ ਪਰ ਉਸ ਦਾ ਸੁਭਾਅ ਉਸ ਤੋਂ ਵੀ ਵੱਧ ਖਿੱਝੂ ਤੇ ਸੜਿਆ ਹੋਇਆ ਸੀ। ਉਸ ਨੂੰ ਵੀ ਲੱਗਦਾ ਸੀ ਕਿ ਐਵੇਂ ਉਸ ਦੀ ਘਰਵਾਲੀ ਸਾਰਾ ਦਿਨ ਸਾਰੇ ਟੱਬਰ ਦੀਆਂ ਰੋਟੀਆਂ ਸੇਕਦੀ ਹੈ ਤੇ ਭਾਂਡੇ ਮਾਂਜਦੀ ਹੈ,ਵਿਚਾਰੀ ਰੁਲੀ ਰਹਿੰਦੀ ਹੈ ।ਇਸ ਲਈ ਉਹ ਸਹਿਰ ਵਿੱਚ ਕਲਰਕੀ ਦੀ ਨੌਕਰੀ ਲੱਭ ਕੇ ਉਥੇ ਹੀ ਚਲਿਆ ਗਿਆ ਸੀ।ਹੁਣ ਤਾਂ ਉਸ ਨੂੰ ਉੱਥੇ ਰਹਿੰਦੇ ਨੂੰ ਕਰੀਬ ਪੰਦਰਾਂ ਵਰ੍ਹੇ ਹੋ ਗਏ ਸਨ। ਉੱਥੇ ਹੀ ਆਪਣੀ ਕੋਠੀ ਬਣਾ ਕੇ ਵਧੀਆ ਜੀਵਨ ਬਤੀਤ ਕਰ ਰਿਹਾ ਸੀ।ਕਦੇ ਕਦਾਈਂ ਪਿੰਡ ਜਮੀਨ ਦਾ ਹਿਸਾਬ ਕਿਤਾਬ ਕਰਨ ਲਈ ਹੀ ਚੱਕਰ ਮਾਰਦਾ ਸੀ।

ਜਰਨੈਲ ਅਤੇ ਰਾਣਾ ਸਾਂਝੀ ਖੇਤੀ ਕਰਦੇ ਸਨ ਤੇ ਉਨ੍ਹਾਂ ਦੇ ਪਰਿਵਾਰ ਵੀ ਸਾਂਝੇ ਹੀ ਸਨ ।ਸਾਰੇ ਬਿਸਨੀ ਨੂੰ ਬਹੁਤ ਪਿਆਰ ਤੇ ਸਤਿਕਾਰ ਕਰਦੇ। ਉਹਨਾਂ ਨੇ ਤਾਂ ਬਿਸਨੀ ਦੀ ਬੁਢਾਪਾ ਪੈਨਸਨ ਵੀ ਬੈਂਕ ਵਿੱਚ ਜਾ ਕੇ ਬੰਦ ਕਰਵਾ ਦਿੱਤੀ ਸੀ ਕਿਉਂਕਿ ਉਹ ਨਹੀਂ ਚਾਹੁੰਦੇ ਸਨ ਕਿ ਥੋੜ੍ਹੇ ਜਿਹੇ ਪੈਸਿਆਂ ਪਿੱਛੇ ਉਹਨਾਂ ਦੀ ਬੇਬੇ ਗਰਮੀ ਸਰਦੀ ਵਿੱਚ ਲਾਈਨਾਂ ਵਿੱਚ ਲੱਗ ਕੇ ਧੱਕੇ ਖਾਏ। ਉਹਨਾਂ ਦੀਆਂ ਘਰਵਾਲੀਆਂ ਵੀ ਸਾਰਾ ਦਿਨ ਬਿਸਨੀ ਨੂੰ 'ਬੇਬੇ ਜੀਂ' 'ਬੇਬੇ ਜੀਂ' ਕਰਦੀਆਂ ਨਾ ਥੱਕਦੀਆਂ। ਉਹਨਾਂ ਬੱਚੇ ਵੀ ਬਿਸਨੀ ਨਾਲ ਬਹੁਤ ਲਾਡ ਲਡਾਉਂਦੇ। ਇੱਕ ਦਿਨ ਬਿਸਨੀ ਨੇ ਆਪਣੇ ਦੋਹਾਂ ਪੁੱਤਰਾਂ ਤੇ ਨੂੰਹਾਂ ਨੂੰ ਕਿਹਾ ਕਿ ਉਸ ਦਾ ਵੱਡੇ ਪੁੱਤ ਨੂੰਹ ਨੂੰ ਮਿਲਣ ਨੂੰ ਬਹੁਤ ਜੀ ਕਰਦਾ ਹੈ ਤਾਂ ਉਹਨਾਂ ਨੇ ਬਿਨਾਂ ਕੋਈ ਮੱਥੇ ਵੱਟ ਪਾਏ ਹਾਂ ਕਰ ਦਿੱਤੀ ਤੇ ਅਗਲੇ ਦਿਨ ਹੀ ਰਾਣਾ ਸਕੂਟਰ ਤੇ ਬਿਠਾ ਕੇ ਬਿਸਨੀ ਨੂੰ ਸਹਿਰ ਉਹਨਾਂ ਕੋਲ ਛੱਡ ਆਇਆ ਉਹ ਸਮਝਦੇ ਸਨ ਕਿ ਜਿਹੋ ਜਿਹੀ ਮਾਂ ਇਹਨਾਂ ਦੀ ਹੈ, ਓਨਾਂ ਹੀ ਮਾਂ ਉੱਪਰ ਉਹਨਾਂ ਦਾ ਵੀ ਅਧਿਕਾਰ ਹੈ ।ਇਸ ਲਈ ਮਾਂ ਦੇ ਦਿਲ ਵਿੱਚ ਵੀ ਸਾਰੇ ਪੁੱਤਾਂ ਲਈ ਇੱਕੋ ਜਿਹਾ ਮੋਹ ਹੁੰਦਾ ਹੈ।ਮਾਂ ਦੀ ਖੁਸੀ ਲਈ ਉਹ ਉਸ ਦੀ ਹਰ ਗੱਲ ਮੰਨਦੇ।

ਜਰਨੈਲ ਜਿਵੇਂ ਹੀ ਬਿਸਨੀ ਨੂੰ ਛੱਡ ਕੇ ਮੁੜਿਆ ਤਾਂ ਸਰਵਣ ਅਤੇ ਉਸ ਦੀ ਪਤਨੀ ਨੇ ਮੱਥੇ ਉੱਤੇ ਸੌ ਤਿਉੜੀ ਪਾ ਲਈ। ਉਹਨਾਂ ਦੇ ਬੱਚਿਆਂ ਨੇ ਵੀ ਦਾਦੀ ਨੂੰ ਸਿੱਧੇ ਮੂੰਹ ਨਾ ਬੁਲਾਇਆ। ਰਾਤ ਨੂੰ ਰਲ ਮਿਲ ਕੇ ਮਾਂ ਨਾਲ ਪਿਆਰ ਦੀਆਂ ਗੱਲਾਂ ਬਾਤਾਂ ਕਰਨ ਦੀ ਬਿਜਾਏ ਸਰਵਣ ਅਗਲੀਆਂ ਪਿਛਲੀਆਂ ਗੱਲਾਂ ਨੂੰ ਲੈ ਕੇ ਮਾਂ ਨੂੰ ਅਬਾ ਤਬਾ ਬੋਲਣ ਲੱਗਿਆ।ਉਸ ਦੀ ਘਰਵਾਲੀ ਤੇ ਬੱਚੇ ਦੂਜੇ ਕਮਰੇ ਵਿੱਚ ਬੈਠੇ ਸਰਵਣ ਨੂੰ ਮਾਂ ਦੀ ਬੇਜਤੀ ਕਰਦਾ ਸੁਣ ਕੇ ਹੱਸ ਰਹੇ ਸਨ ਪਰ ਬਿਸਨੀ ਨੂੰ ਵੀ ਲੱਗਿਆ ਕਿ ਉਹ ਉਸ ਦੀ ਬੇਜਤੀ ਤੇ ਹੱਸ ਰਹੇ ਸਨ। ਬਿਸਨੀ ਦਾ ਹੱਤਕ ਨਾਲ ਅੰਦਰੋ ਅੰਦਰ ਗਰਕ ਰਿਹਾ ਸੀ।ਉਸ ਦੇ ਆਈ ਦਾ ਨਾ ਕਿਸੇ ਨਿਆਣੇ ਨੂੰ ਚਾਅ ਸੀ ਤੇ ਨਾ ਕਿਸੇ ਵੱਡੇ ਨੂੰ ਕੋਈ ਖੁਸੀ ਸੀ ਉਹ ਤਾਂ ਪਿੰਡੋਂ ਅੱਠ ਦਸ ਦਿਨ ਰਹਿਣ ਦੀ ਆਸ ਵਿੱਚ ਆਈ ਸੀ ਪਰ ਸਰਵਣ ਤਾਂ ਪਹਿਲੇ ਦਿਨ ਹੀ ਆਹਢਾ ਲਾ ਕੇ ਬੈਠ ਗਿਆ ਸੀ। ਉਸ ਨੇ ਔਖੀ ਸੌਖੀ ਕਿਵੇਂ ਤਿਵੇਂ ਕਰਕੇ ਰਾਤ ਕੱਟੀ ਤੇ ਦੂਜੇ ਦਿਨ ਉਹ ਪਿੰਡ ਵਾਲੀ ਬੱਸ ਚੜ੍ਹ ਕੇ ਪਿੰਡ ਪਹੁੰਚ ਗਈ। ਸਾਰੇ ਜਾਣੇ ਉਸ ਨੂੰ ਦੇਖ ਕੇ ਹੈਰਾਨ ਸਨ ਪਰ ਉਸ ਨੇ ਸਾਰਿਆਂ ਦੇ ਜਲਦੀ ਮੁੜ ਆਉਣ ਦਾ ਕਾਰਨ ਪੁੱਛਣ 'ਤੇ, ਓਥੇ ਦਿਲ ਨਾ ਲੱਗਣ ਵਾਲੀ ਗੱਲ ਕਹਿਕੇ ਟਾਲ ਦਿੱਤਾ। ਸਰਵਣ ਦੇ ਭੈੜੇ ਵਰਤਾਓ ਨੂੰ ਉਸ ਨੇ ਆਪਣੇ ਦਿਲ ਤੇ ਲਾ ਲਿਆ ਸੀ ਤੇ ਓਹੀ ਸੋਚਦੇ ਸੋਚਦੇ ਰਾਤ ਨੂੰ ਉਸ ਨੂੰ ਅਧਰੰਗ ਦਾ ਦੌਰਾ ਪੈ ਗਿਆ।ਜਰਨੈਲ ਤੇ ਰਾਣਾ ਦਸ ਪੰਦਰਾਂ ਦਿਨ ਹਸਪਤਾਲ ਲੈ ਕੇ ਘੁੰਮਦੇ ਰਹੇ ਤੇ ਫਿਰ ਘਰ ਵਿੱਚ ਹੀ ਉਸ ਦੀ ਸੇਵਾ ਕਰਨ ਲੱਗੇ।ਬਿਸਨੀ ਉੱਠਣ ਬੈਠਣ ਅਤੇ ਬੋਲਣ ਤੋਂ ਜਮਾਂ ਅਵਾਜਾਰ ਹੋ ਗਈ ਸੀ ਪਰ ਉਸ ਦੇ ਦੋਹਾਂ ਪੁੱਤਰਾਂ ਤੇ ਉਹਨਾਂ ਦੀਆਂ ਘਰਵਾਲੀਆਂ ਵੱਲੋਂ ਸੇਵਾ ਅਤੇ ਇਲਾਜ ਵੱਲੋਂ ਕੋਈ ਕਮੀ ਨਹੀਂ ਸੀ।

ਬਿਸਨੀ ਦਾ ਪਰਿਵਾਰ ਉਸ ਦੀ ਅਵਾਜ ਸੁਣਨ ਨੂੰ ਤਰਸ ਗਿਆ ਸੀ ਕਿਉਂਕਿ ਉਹਨਾਂ ਲਈ ਤਾਂ ਬਿਸਨੀ ਉਹਨਾਂ ਦੇ ਵਿਹੜੇ ਦੀ ਰੌਣਕ ਸੀ।ਉਸ ਨੂੰ ਠੀਕ ਕਰਨ ਲਈ ਉਸ ਦੇ ਇਲਾਜ ਅਤੇ ਸੇਵਾ ਵਿੱਚ ਉਹਨਾਂ ਨੇ ਕੋਈ ਕਮੀਂ ਨਾ ਆਉਣ ਦਿੱਤੀ। ਹੁਣ ਬਿਸਨੀ ਦਾ ਪੈਰ ਅਤੇ ਲੱਤ ਹਲਕਾ ਹਲਕਾ ਕੰਮ ਕਰਨ ਲੱਗ ਪਏ ਸੀ ਤੇ ਉਹ ਉੱਠ ਕੇ ਮਾੜਾ ਮੋਟਾ ਬੈਠਣ ਲੱਗੀ ਪਰ ਉਹਨਾਂ ਵੱਲ ਬੇਬਸੀ ਨਾਲ ਤੱਕਦੀ ਰਹਿੰਦੀ। ਉਹਨਾਂ ਨੂੰ ਲੱਗਦਾ ਜਿਵੇਂ ਬਿਸਨੀ ਕੋਈ ਆਪਣੇ ਦਿਲ ਦੀ ਗੱਲ ਕਹਿਣਾ ਚਾਹੁੰਦੀ ਹੋਵੇ ਪਰ ਉਹ ਸਮਝਣ ਦੇ ਅਸਮਰਥ ਸਨ। ਪਰਮਾਤਮਾ ਦੀ ਮਿਹਰ ਸਦਕਾ ਕੁਝ ਚਿਰ ਬਾਅਦ ਜਦ ਉਹ ਥੋੜ੍ਹਾ ਜਿਹਾ ਬੋਲੀ ਤਾਂ ਉਹਨਾਂ ਦੀ ਖੁਸੀ ਦੀ ਕੋਈ ਹੱਦ ਨਾ ਰਹੀ, ਬਿਸਨੀ ਨੇ ਬੱਚਿਆਂ ਵਾਂਗ ਆਪਣੇ ਪੁੱਤਾਂ ਨੂੰ ਘਰ ਦਾ ਟਰੈਕਟਰ ਲੈਣ ਦੀ ਇੱਛਾ ਜਾਹਿਰ ਕੀਤੀ। ਦੂਜੇ ਦਿਨ ਹੀ ਜਰਨੈਲ ਅਤੇ ਰਾਣੇ ਨੇ ਆਪਣੀ ਮਾਂ ਦੀ ਰੀਝ ਇੰਝ ਪੂਰੀ ਕੀਤੀ ਜਿਵੇਂ ਬੱਚੇ ਦੇ ਪਹਿਲਾ ਬੋਲ ਬੋਲਣ ਤੇ ਉਸ ਦੇ ਮਾਪੇ ਕਰਦੇ ਹਨ। ਦੋਹਾਂ ਜਣਿਆਂ ਨੇ ਸਹਿਰ ਜਾ ਕੇ ਟਰੈਕਟਰ ਖਰੀਦ ਕੇ ਵਿਹੜੇ ਵਿੱਚ ਜਦ ਲਿਆ ਕੇ ਖੜ੍ਹਾ ਕੀਤਾ ਤਾਂ ਬਿਸਨੀ ਦੇ ਖੁਸੀ ਦਾ ਕੋਈ ਟਿਕਾਣਾ ਨਹੀਂ ਸੀ,ਉਸ ਦਾ ਬਿਮਾਰ ਪਈ ਦਾ ਖਿੜਿਆ ਚਿਹਰਾ ਸਾਰੇ ਟੱਬਰ ਦੀ ਖੁਸੀ ਦਾ ਸਬੱਬ ਬਣ ਗਿਆ ਸੀ। ਬਿਮਾਰ ਪਈ ਮਾਂ ਦੀ ਰੀਝ ਪੂਰੀ ਕਰਕੇ ਦੋਹਾਂ ਭਰਾਵਾਂ ਨੂੰ ਇੰਜ ਲੱਗਦਾ ਸੀ ਜਿਵੇਂ ਉਹਨਾਂ ਨੇ ਦੁਨੀਆਂ ਦੀ ਕੋਈ ਵੱਡੀ ਜੰਗ ਨੂੰ ਜਿੱਤ ਲਿਆ ਹੋਵੇ।

**ਬਰਜਿੰਦਰ ਕੌਰ ਬਿਸਰਾਓ...**
**9988901324**

# ਕੈਨੇਡਾ ਦੇ ਮੂਲਨਿਵਾਸੀ ਕਬੀਲੇ ਤੇ ਫ਼ਸਟ ਨੇਸ਼ਨ - 1



ਜਗਦੇਵ ਸਿੱਧੂ
403 351 1136

ਮੁੱਢ-ਕਦੀਮ ਤੋਂ ਕੈਨੇਡਾ ਵਿਚ ਵਸਦੇ ਆ ਰਹੇ ਲੋਕਾਂ ਨੂੰ ਉਨ੍ਹਾਂ ਦੀ ਭਾਸ਼ਾ, ਸਭਿਆਚਾਰ ਅਤੇ ਪਹਿਚਾਣ ਦੀ ਵਿਸ਼ੇਸ਼ਤਾ ਦੇ ਆਧਾਰ ਤੇ ਦਸ ਪ੍ਰਮੁੱਖ ਸ਼੍ਰੇਣੀਆਂ ਵਿਚ ਰੱਖ ਸਕਦੇ ਹਾਂ ਜਿਨ੍ਹਾਂ ਵਿਚ ਦਸਵੀਂ ਸ਼੍ਰੇਣੀ ਮੇਟੀਆਂ ਦੀ ਹੈ ਜੋ ਯੂਰਪੀਨ, ਖਾਸ ਕਰ ਕੇ ਫਰਾਂਸੀਸੀ ਮਰਦਾਂ ਦੁਆਰਾ ਮੂਲਨਿਵਾਸੀ ਔਰਤਾਂ ਨਾਲ ਸ਼ਾਦੀ ਕਰਨ ਸਦਕਾ ਹੋਂਦ ਵਿਚ ਆਈ। ਵੈਸੇ ਇਨ੍ਹਾਂ ਲੋਕਾਂ ਦੀਆਂ ਛੇ ਵੱਡੀਆਂ ਭਾਸ਼ਾਈ ਸ਼੍ਰੇਣੀਆਂ ਹਨ ਜਿਨ੍ਹਾਂ ਦੀਆਂ ਅੱਗੇ ਅਨੇਕਾਂ ਉਪ-ਭਾਸ਼ਾਵਾਂ ਹਨ। ਦਸ ਕਬੀਲਾ ਸ਼੍ਰੇਣੀਆਂ ਇਹ ਹਨ --

1.**ਅਲਗੌਂਕਵਿਨ(Algonquin)**- ਇਹ ਲੋਕ ਐਟਲਾਂਟਿਕ ਖੇਤਰ ਅਤੇ ਸੇਂਟ ਲਾਰੈਂਸ ਖਾੜੀ ਦੇ ਦੱਖਣੀ ਭਾਗ ਵਿਚ, ਓਂਟਾਰੀਓ, ਸਸਕੈਚਵਨ, ਅਲਬਰਟਾ, ਮੈਨੀਟੋਬਾ, ਲੈਬਰੇਡਾਰ ਤੋਂ ਲੈ ਕੇ ਪੀਸ ਰਿਵਰ ਤਾਈਂ ਅਤੇ ਆਰਕਟਿਕ ਦੇ ਕੁੱਝ ਇਲਾਕਿਆਂ ਵਿਚ ਵਿਚਰਦੇ ਹਨ।

2. **ਇਨੂਇਟ ( Inuit )** - ਇਨ੍ਹਾਂ ਨੂੰ ਐਸਕੀਮੋ ਵੀ ਕਿਹਾ ਜਾਂਦਾ ਹੈ। ਇਹ ਆਰਕਟਿਕ ਖੇਤਰ ਦੇ ਵਸਨੀਕ ਹਨ।

3 . ਇਰ ਕਵਾਇਨ **(Iroquoian)** - ਇਹ ਕਬੀਲੇ ਓਂਟਾਰੀਓ ਅਤੇ ਕੁਬੈੱਕ ਪ੍ਰਾਂਤਾਂ ਦੇ ਵਾਸੀ ਹਨ।

4. **ਕੁਨਾਹਾ ( Ktunaxa )** - ਇਹ ਬ੍ਰਿਟਿਸ਼ ਕੋਲੰਬੀਆ ਦੇ ਕੂਨੇਹ ਰਿਵਰ ਦੇ ਇਰਦ-ਗਿਰਦ ਵਾਲੇ ਇਲਾਕਿਆਂ ਵਿਚ ਰਹਿੰਦੇ ਹਨ।

5. **ਨਾ-ਡੀਨ ( Na Dene )** - ਇਹ ਪੱਛਮੀ ਕੈਨੇਡਾ ਦੇ ਵਾਸੀ ਹਨ ਅਤੇ ਅਥਬਾਸਕਨ ( Athabaskan ) ਭਾਸ਼ਾ ਬੋਲਦੇ ਹਨ।

6. **ਸੇਲਿਸ਼ ( Salis )** - ਬ੍ਰਿਟਿਸ਼ ਕੋਲੰਬੀਆ ਦੇ ਤਟੀ ਖੇਤਰਾਂ ਵਿਚ ਰਹਿੰਦੇ ਹਨ।

7. **ਸੂਵਿਨ ( Siouan )** - ਇਹ ਲੋਕ ਕੇਂਦਰੀ ਅਤੇ ਪੱਛਮੀ ਮੈਦਾਨੀ ਇਲਾਕਿਆਂ ਦੇ ਵਾਸੀ ਹਨ।

8. **ਸਿਮਸ਼ੀਅਨ ( Tsimshian)** – ਇਹ ਉੱਤਰ-ਪੱਛਮੀ ਬ੍ਰਿਟਿਸ਼ ਕੋਲੰਬੀਆ ਅੰਦਰ ਵਿਚਰਦੇ ਹਨ।

9. **ਵਾਕਾਸ਼ਨ ( Wakashan )** – ਇਹ ਬ੍ਰਿਟਿਸ਼ ਕੋਲੰਬੀਆ ਦੇ ਤਟੀ ਮੱਧ ਅਤੇ ਵੈਨਕੂਵਰ ਟਾਪੂ ਉਪਰ ਰਹਿਣ ਵਾਲੇ ਲੋਕ ਹਨ।

10. **ਮੇਟੀ ( Metis )** - ਇਨ੍ਹਾਂ ਯੂਰਪੀਨ ਪਲੱਸ ਮੂਲਨਿਵਾਸੀ ਬੇਰਗ਼ਿਆਂ ਨੂੰ 1982 ਦੇ ਸੰਵਿਧਾਨ ਐਕਟ ਦੇ ਸੈਕਸ਼ਨ 35 ਅਨੁਸਾਰ ਮੂਲਨਿਵਾਸੀ ( Aboriginal )ਮੰਨਿਆਂ ਗਿਆ ਹੈ। ਇਨ੍ਹਾਂ ਵਿੱਚੋਂ ਬਹੁਤੇ ਪ੍ਰੇਰੀ ਪ੍ਰਾਂਤਾਂ- ਅਲਬਰਟਾ, ਸਸਕੈਚਵਨ, ਮੈਨੀਟੋਬਾ ਅੰਦਰ ਰਹਿੰਦੇ ਹਨ ਪਰ ਬਾਕੀ ਸਾਰੇ ਮੁਲਕ ਭਰ ਵਿਚ ਵੀ ਫੈਲੇ ਹੋਏ ਹਨ।

ਉਪ੍ਰੋਕਤ ਸਾਰੇ ਕਬੀਲਿਆਂ ਬਾਰੇ ਵਿਸਥਾਰ ਵਿਚ ਜਾਨਣ ਲਈ ਸਭ ਤੋਂ ਪਹਿਲਾਂ ਅਲਗੌਂਕਵਿਨ ਕਬੀਲਿਆਂ ਬਾਰੇ ਟੋਹ ਲਾ ਲਈਏ। ? ਅਲਗੌਂਕਵਿਨ - ਅਲਗੌਂਕਵਿਨ ਸ਼੍ਰੇਣੀ ਦੇ ਕਬੀਲਿਆਂ ਨੂੰ ਅੱਗੋਂ ਤਿੰਨ ਵੱਡੇ ਵਰਗਾਂ ਵਿਚ ਵੰਡਿਆ ਹੋਇਆ ਹੈ - ਵੁੱਡਲੈਂਡਜ਼, ਮੈਦਾਨੀ ( Planes ) ਅਤੇ ਸਬ-ਆਰਕਟਿਕ। ਅੱਗੋਂ ਫੇਰ ਵੁੱਡਲੈਂਡਜ਼ ਕਬੀਲਿਆਂ ਨੂੰ ਪੂਰਬੀ ਅਲਗੌਂਕਵਿਨ ਬੋਲਣ ਵਾਲਿਆਂ ਅਤੇ ਕੇਂਦਰੀ ਅਲਗੌਂਕਵਿਨ ਬੋਲਣ ਵਾਲਿਆਂ ਵਿਚ ਵਖਰਾਇਆ ਗਿਆ ਹੈ। ਪੂਰਬੀ ਕਬੀਲੇ ਸੇਂਟ ਲਾਰੈਂਸ ਖਾੜੀ ਦੇ ਦੱਖਣ ਵਿਚ ਅਤੇ ਐਟਲਾਂਟਿਕ ਸੂਬਿਆਂ ਅੰਦਰ ਰਹਿੰਦੇ ਹਨ, ਜਦੋਂ ਕਿ ਇਨ੍ਹਾਂ ਦਾ ਇੱਕ ਡੈਲਾਵੇਅਰ ਨਾਂ ਦਾ ਟੋਲਾ ਦੱਖਣੀ ਓਂਟਾਰੀਓ ਵਿਚ ਹੈ। ਕੇਂਦਰੀ ਅਲਗੌਂਕਵਿਨ ਲੋਕ ਸੇਂਟ ਲਾਰੈਂਸ ਖਾੜੀ ਦੇ ਉੱਤਰ ਵੱਲ, ਲਗਭਗ ਸਾਰੇ ਓਂਟਾਰੀਓ ਵਿਚ, ਮੈਨੀਟੋਬਾ, ਸਸਕੈਚਵਨ ਅਤੇ ਅਲਬਰਟਾ ਦੇ ਪ੍ਰੇਰੀ ਮੈਦਾਨਾਂ ਵਿਚ ਰਹਿੰਦੇ ਹਨ।

**(ੳ) ਪੂਰਬੀ ਅਲਗੌਂਕਵਿਨ ਬੋਲਣ ਵਾਲੇ** - ਇਨ੍ਹਾਂ ਵਿਚ ਆਬੇਨਾਕੀ, ਡੈਲਾਵੇਅਰ, ਮੇਲਸਾਈਟ ਅਤੇ ਮਿਕਮਾਅ ( Mikmaq ) ਕਬੀਲੇ ਸ਼ਾਮਲ ਹਨ। ਆਬੇਨਾਕੀ ਦਾ ਮਤਲਬ ਹੈ ਸਰਘੀ ਦੀ ਧਰਤੀ ਦੇ ਲੋਕ। ਮੇਲਸਾਈਟ ਨੂੰ ਮਿਕਮਾਅ ਨੇ ਸੁਸਤ ਜਾਂ ਬੁਰਾ ਬੋਲਣ ਵਾਲੇ ਲੋਕ ਦਾ ਨਾਂ ਦਿੱਤਾ ਹੈ, ਜਦੋਂ ਕਿ ਮੇਲਸਾਈਟ ਦੀ ਭਾਸ਼ਾ ਵਿਚ ਉਨ੍ਹਾਂ ਦਾ ਨਾਂ ਵੋਲਾਸਤੋਕਵੀਅਕ ਹੈ ਜਿਸ ਦਾ ਅਰਥ ਹੈ ਖ਼ੂਬਸੂਰਤ ਦਰਿਆ ਦੇ ਲੋਕ । ਇਹ ਮੇਲਸਾਈਟ ਲੋਕ ਸ਼ਿਕਾਰ ਕਰਨ ਅਤੇ ਮੱਛੀਆਂ ਪਕੜਨ ਵਾਲੇ ਸਨ ਪਰ ਯੂਰਪ ਤੋਂ ਈਸਾਈ ਲੋਕਾਂ ਨੇ ਆ ਕੇ ਇਨ੍ਹਾਂ ਨੂੰ ਮੱਕੀ, ਫਲ਼ੀਆਂ ( Beans), ਪੇਠਾ ਕੱਦੂ ( Pump-kin), ਆਲੂ ਅਤੇ ਕਣਕ-ਜੌਂ ਵਗੈਰਾ ਦੀ ਖੇਤੀ ਕਰਨ ਲਾ ਦਿੱਤਾ। ਮਿਕਮਾਅ ਆਪਣੇ ਆਪ ਨੂੰ ਏਲਨੂ ( Elnu ) ਕਹਿੰਦੇ ਹਨ ਜਿਸ ਦਾ ਸ਼ਬਦੀ ਅਰਥ ਹੈ ਲੋਕ। ਉਨ੍ਹਾਂ ਦੀ ਵੱਸੋਂ ਸਾਰੇ ਨੋਵਾ ਸਕੋਸ਼ੀਆ, ਪੀ.ਈ.ਆਈ., ਨਿਊ ਬਰੁੰਜ਼ਵਿਕ ਸਣੇ ਐਟਲਾਂਟਿਕ ਤਟੀ ਇਲਾਕਿਆਂ ਵਿਚ ਫੈਲੀ ਹੋਈ ਹੈ।



1610 ਈ. ਵਿਚ ਇਨ੍ਹਾਂ ਦੇ ਚੀਫ਼ ਅਤੇ 21 ਜਣਿਆਂ ਨੇ ਈਸਾਈ ਧਰਮ ਧਾਰਨ ਕਰ ਲਿਆ ਸੀ ਅਤੇ ਫਰਾਂਸੀਸੀ ਔਰਤਾਂ-ਮਰਦਾਂ ਨਾਲ ਅੰਤਰ-ਕੌਮੀ ਸ਼ਾਦੀਆਂ ਹੋਣ ਲੱਗੀਆਂ। 1745-46 ਵਿਚ ਫੈਲੀ ਪਲੇਗ ਦੀ ਬੀਮਾਰੀ ਨੇ ਇਨ੍ਹਾਂ ਲੋਕਾਂ ਦੀ ਦੋ-ਤਿਹਾਈ ਵੱਸੋਂ ਨੂੰ ਨਿਗਲ ਲਿਆ।

**(ਅ) ਕੇਂਦਰੀ ਅਲਗੌਂਕਵਿਨ ਬੋਲਣ ਵਾਲੇ** - ਇਹ ਕਬੀਲੇ ਸਨ ਅਲਗੌਂਕਵਿਨ, ਓਜਿਬਵਾ, ਔਟਵਾ ਅਤੇ ਪੋਟਵਾਟਮੀ। ਪਰਾ-ਇਤਿਹਾਸਕ ਸਮਿਆਂ ਵਿਚ ਨਿਪਿਸਿੰਗ, ਓਜਿਬਵਾ, ਔਟਵਾ ਅਤੇ ਪੋਟਵਾਟਮੀ ਕਬੀਲਿਆਂ ਦਾ ਮਿਲਾ ਕੇ ਇੱਕ ਸਾਂਝਾ ਸਭਿਆਚਾਰਕ ਅਤੇ ਭਾਸ਼ਾਈ ਭਾਈਚਾਰਾ ਹੁੰਦਾ ਸੀ ਜਿਹੜਾ ਨਿਪਿਸਿੰਗ ਝੀਲ ਤੋਂ ਲੈ ਕੇ ਸਾਲਟ ਸੇਂਟ ਮੇਰੀ ਅਤੇ ਪੱਛਮ ਵੱਲ ਸੁਪੀਰੀਅਰ ਲੇਕ ਤੱਕ ਫੈਲਿਆ ਹੋਇਆ ਸੀ। ਅਲਗੌਂਕਵਿਨ ਸ਼ਬਦ ਮੇਲਸਾਈਟ ਭਾਸ਼ਾ ਦਾ ਹੈ ਜਿਸ ਦਾ ਅਰਥ ਹੈ 'ਓਹ ਸਾਡੇ ਭਾਈਵਾਲ ਹਨ', ਓਜਿਬਵਾ ਦਾ ਅਰਥ ਹੈ 'ਕੂੰਜ ਦੀ ਆਵਾਜ਼' ਅਤੇ 'ਪੱਕਿਆ ਹੋਇਆ'। ਉਹ ਆਪਣੇ ਆਪ ਨੂੰ ਅਨਿਸ਼ਨਾਬੇ ਅਖਵਾਉਂਦੇ ਹਨ ਜਿਸ ਦਾ ਅਰਥ 'ਮਾਨਵ ਪ੍ਰਾਣੀ' ਬਣਦਾ ਹੈ। ਅਠਾਰ੍ਹਵੀਂ ਸਦੀ ਵਿਚ ਵੁੱਡਲੈਂਡ ਓਜਿਬਵਾ, ਔਟਵਾ ਅਤੇ ਪੋਟਵਾਟਮੀ ਕਬੀਲਿਆਂ ਦੇ ਗੱਠਜੋੜ ਨੂੰ 'ਕੌਂਸਲ ਆਫ ਥਰੀ ਫਾਇਰਜ਼' ਵਜੋਂ ਜਾਣਿਆਂ ਜਾਂਦਾ ਸੀ। ਔਡਵਾ ਭਾਸ਼ਾ ਵਿਚ ਔਟਵਾ ਦਾ ਅਰਥ ਹੈ 'ਵਪਾਰੀ, ਪੋਟਾਵਾਟਮੀ ਦਾ ਅਰਥ ਹੈ ' ਅੱਗ ਦੇ ਲੋਕ। ਇਨ੍ਹਾਂ ਦੇ ਰਿਵਾਜ ਮੁਤਾਬਕ ਉਸੇ ਕੁਨਬੇ ਵਿਚ ਮਾਂ ਦੀ ਭਤੀਜੀ ਜਾਂ ਪਿਓ ਦੀ ਭਾਣਜੀ ਨਾਲ ਵਿਆਹ ਕਰਾਇਆ ਜਾ ਸਕਦਾ ਹੈ। ਸਾਰੇ ਆਪਣੇ ਤੋਂ ਵੱਡੀ ਉਮਰ ਵਾਲਿਆਂ ਨੂੰ ਮਾਤਾ-ਪਿਤਾ ਵਰਗਾ ਸਨਮਾਨ ਦਿੱਤਾ ਜਾਂਦਾ ਹੈ।

**ਮੈਦਾਨੀ ਅਲਗੌਂਕਵਿਨ** - ਇਸ ਭਾਸ਼ਾਈ ਸ਼੍ਰੇਣੀ ਵਿਚ ਬਲੈਕਫੁੱਟ, ਕਰੀਅ ਅਤੇ ਓਜਿਬਵਾ ਕਬੀਲੇ ਆਉਂਦੇ ਹਨ। ਬਲੈਕਫੁੱਟ ਕਨਫੈਡਰੇਸੀ ਵਿਚ ਬਲੱਡ, ਪੀਗਨ ਅਤੇ ਬਲੈਕਫੁੱਟ ਕਬੀਲੇ ਸ਼ਾਮਲ ਹਨ। ਇਨ੍ਹਾਂ ਦੀਆਂ ਜ਼ਮੀਨਾਂ ਦੱਖਣੀ ਅਲਬਰਟਾ ਅਤੇ ਦੱਖਣ-ਪੱਛਮੀ ਸਸਕੈਚਵਨ ਵਿਚ ਹਨ। ਇਨ੍ਹਾਂ ਲੋਕਾਂ ਦੀ ਆਬਾਦੀ ਨੂੰ 1781, 1819, 1837, 1845, 1864 ਅਤੇ 1869 ਵਿਚ ਫੈਲੀਆਂ ਨਾ-ਮੁਰਾਦ ਬੀਮਾਰੀਆਂ ਦੀ ਤਕੜੀ ਮਾਰ ਝੱਲਣੀ ਪਈ। ਮੈਦਾਨੀ ਕਰੀਅ ਲੋਕ ਆਪਣੇ ਆਪ ਨੂੰ ਆਪਣੀ ਭਾਸ਼ਾ ਵਿਚ 'ਅਸਲੀ ਲੋਕ' ਕਹਿੰਦੇ ਹਨ ਜਦੋਂ ਕਿ ਬਲੈਕਫੁੱਟ ਦਾ ਨਾਂ 'ਸਿਕਸਿਕਾ' ਹੈ। ਇਸੇ ਤਰ੍ਹਾਂ ਬਲੱਡ ਕਬੀਲੇ ਦਾ ਨਾਂ ਉਨ੍ਹਾਂ ਦੀ ਭਾਸ਼ਾ ਵਿਚ ਅਕਾਈਨਾਵ ਦਾ ਵਿਗੜਿਆ ਰੂਪ 'ਕਾਈਨਾਇ' ਹੈ, ਜਿਸ ਦਾ ਅਰਥ ਹੈ ਕਈ ਚੀਫ਼। ਪੀਗਨ ਦਾ ਨਾਂ ਪੀਕੂਨੀ ਵੀ ਅਪੀਕੁਨੀ ਦਾ ਵਿਗੜਿਆ ਜਾਂ ਸੌਖਾ ਰੂਪ ਹੈ ਜਿਸ ਦਾ ਅਰਥ ਹੈ ਬੁਰੀ ਤਰ੍ਹਾਂ ਪਾਣ ਚੜ੍ਹਿਆ ਵਸਤਰ।

ਆਬਾਦੀ ਦਾ ਭੂਗੋਲਿਕ ਪਿਛੋਕੜ – ਭੂ-ਵਿਗਿਆਨੀਆਂ ਦਾ ਮੰਨਣਾ ਹੈ ਕਿ ਹਜ਼ਾਰਾਂ ਸਾਲ ਪਹਿਲਾਂ ਉਪਰੋਥਲੀ ਕਈ ਬਰਫ਼-ਯੁਗ (Ice Ages ) ਵਾਪਰੇ ਜਿਸ ਨਾਲ ਉੱਤਰ ਵੱਲੋਂ ਅਤੇ ਪਹਾੜਾਂ ਤੋਂ ਬਰਫ਼ੀਲੇ ਤੋਦੇ ( Glacier ) ਖਿਸਕੇ ਜਿਨ੍ਹਾਂ ਨੇ ਕੈਨੇਡਾ ਦੇ ਬਹੁਤੇ ਧਰਾਤਲ ਨੂੰ ਢਕ ਲਿਆ। ਦਰਿਆਵਾਂ ਦੀ ਸਮਰੱਥਾ ਤੋਂ ਵਾਧੂ ਪਾਣੀ ਵਹਿ ਨਾ ਸਕਿਆ ਜਿਹੜਾ ਬਰਫ਼ ਦੇ ਬੰਨ੍ਹ ਲੱਗਣ ਕਰ ਕੇ ਧਰਤੀ ਉਪਰ ਨੀਵੇਂ ਥਾਵਾਂ ਤੇ ਇਕੱਠਾ ਹੋ ਗਿਆ ਅਤੇ ਝੀਲਾਂ ਬਣ ਗਈਆਂ। ਇਸ ਪਰਕ੍ਰਿਆ ਨਾਲ ਧਰਾਤਲ ਉੱਤੇ ਵੱਡੀ ਤਬਦੀਲੀ ਆਈ। ਜਦੋਂ ਕੋਈ 12,000 ਸਾਲ ਪਹਿਲਾਂ ਬਰਫ਼ ਦੇ ਢੇਰ ਪਿੰਘਰੇ ਅਤੇ ਬੇ-ਤਹਾਸ਼ਾ ਪਾਣੀ ਵਹਿ ਕੇ ਸਮੁੰਦਰਾਂ ਵਿਚ ਜਾ ਪਿਆ ਤਾਂ ਵਿੱਨੀਪੈੱਗ ਲੇਕ ਵਰਗੀਆਂ ਅਨੇਕਾਂ ਝੀਲਾਂ ਕਾਇਮ ਰਹਿ ਗਈਆਂ। 6,000 ਸਾਲ ਪਹਿਲਾਂ ਉੱਤਰੀ ਅਮਰੀਕਾ ਮਹਾਂਦੀਪ ਦੇ ਸਾਰੇ ਉੱਤਰੀ ਭਾਗ ਚੋਂ ਗਲੇਸ਼ੀਅਰਾਂ ਦੀ ਬਰਫ਼ ਖ਼ਤਮ ਹੋ ਗਈ। ਹਡਜ਼ਨ ਖਾੜੀ ਦੇ ਤਟਾਂ ਤੱਕ ਬਨਾਸਪਤੀ ਅਤੇ ਜਾਨਵਰ ਹੋਂਦ ਵਿਚ ਆ ਗਏ। ਇਸ ਦੇ ਨਾਲ ਹੀ ਪ੍ਰਿਥਮ ਲੋਕ ਵੀ ਆ ਗਏ।

**ਸੰਧੀਆਂ** - ਸੋਲ੍ਹਵੀਂ ਸਦੀ ਤੋਂ ਯੂਰਪ ਤੋਂ ਵਪਾਰੀ ਤੇ ਮਿਸ਼ਨਰੀ ਆਉਣੇ ਸ਼ੁਰੂ ਹੋਏ। ਉਨ੍ਹਾਂ ਨੇ ਇਸ ਧਰਤੀ ਉਪਰ ਅਧਿਕਾਰ ਜਮਾਉਣ ਲਈ ਇਨ੍ਹਾਂ ਕਬੀਲਿਆਂ ਨਾਲ ਸੰਧੀਆਂ ਕੀਤੀਆਂ। ਸੰਧੀ ਨੰਬਰ 1, 2, 4, 6 ਅਤੇ 7 ਸਦਕਾ ਡੁਮੀਨੀਅਨ ਕੈਨੇਡਾ ਰੌਕੀ ਪਹਾੜੀਆਂ ਤੱਕ ਦੇ ਉੱਤਰੀ ਮੈਦਾਨ ਦਾ ਮਾਲਕ ਬਣ ਬੈਠਾ। ਮੈਦਾਨੀ ਓਜਿਬਵਾ ਨੇ 1871 ਵਿਚ ਸੰਧੀ 1 ਅਤੇ ਸੰਧੀ 2 ਕੀਤੀਆਂ, 1874 ਵਿਚ ਕਰੀਅ ਅਤੇ ਸੋਲਟਿਓ ( Saulteaux ) ਕਬੀਲਿਆਂ ਦੇ ਮੁਖੀਆਂ ਨੇ ਸੰਧੀ 4 ਤੇ ਦਸਤਖਤ ਕੀਤੇ, ਦੋ ਸਾਲ ਮਗਰੋਂ ਕਰੀਅ ਨੇ ਸੰਧੀ 6 ਤੇ ਦਸਤਖਤ ਕੀਤੇ। ਉਸ ਤੋਂ ਅਗਲੇ ਸਾਲ 1877 ਵਿਚ ਬਲੈਕਫੁੱਟ ਕਨਫੈਡਰੇਸੀ ਨਾਲ ਸੰਧੀ 7 ਸਿਰੇ ਚੜ੍ਹਾਈ ਗਈ। ਇਨ੍ਹਾਂ ਸੰਧੀਆਂ ਨੇ ਦੱਖਣੀ ਮੈਨੀਟੋਬਾ ਅਤੇ ਦੱਖਣ-ਪੂਰਬੀ ਸਸਕੈਚਵਨ ਵਿਚ ਮੈਦਾਨੀ ਓਜਿਬਵਾ ਵਾਸਤੇ 23 ਰਿਜ਼ਰਵ ਹੋਂਦ ਵਿਚ ਲਿਆਂਦੇ। ਮੈਦਾਨੀ ਕਰੀਅ ਕਬੀਲਿਆਂ ਨੂੰ ਦੱਖਣੀ ਸਸਕੈਚਵਨ ਅਤੇ ਦੱਖਣੀ ਅਲਬਰਟਾ ਵਿਚ 24 ਰਿਜ਼ਰਵ ਮਿਲੇ। ਬਲੈਕਫੁੱਟ ਕਨਫੈਡਰੇਸੀ ਨੂੰ ਦੱਖਣੀ ਅਲਬਰਟਾ ਵਿਚ ਤਿੰਨ ਰਿਜ਼ਰਵਾਂ ਨਾਲ ਸਾਰਨਾ ਪਿਆ। ਇੰਡੀਅਨ ਐਕਟ ਮੁਤਾਬਕ ਹਰੇਕ ਬੈਂਡ (ਕੁਨਬਾ, ਕਬੀਲੇ ਦੀ ਛੋਟੀ ਇਕਾਈ) ਆਪਣਾ ਚੀਫ਼ ਅਤੇ ਆਪਣੀ ਕੌਂਸਲ ਚੁਣ ਸਕਦਾ ਹੈ। ਇਹ ਵੀ ਦੱਸਣਾ ਬਣਦਾ ਹੈ ਕਿ ਅਜੇ ਤੱਕ ਜਿਨ੍ਹਾਂ ਨੇ ਸੰਧੀਆਂ ਨਹੀਂ ਕੀਤੀਆਂ ਜਾਂ ਚੋਣ-ਪ੍ਰਣਾਲੀ ਨੂੰ ਨਹੀਂ ਮੰਨਦੇ, ਉਨ੍ਹਾਂ ਦੇ ਚੀਫ਼ ਚੁਣੇ ਨਹੀਂ ਜਾਂਦੇ ਸਗੋਂ ਪੁਰਾਤਨ ਪ੍ਰਥਾ ਮੁਤਾਬਕ ਪੁਸ਼ਤੈਨੀ ਜਾਂ ਪਿਤਾ-ਪੁਰਖੀ ਹੁੰਦੇ ਹਨ। ਇੱਕ ਚੀਫ਼ ਕੋਲ ਦੋ ਤੋਂ ਲੈ ਕੇ ਬਾਰਾਂ ਤੱਕ ਕੌਂਸਲਰ ਹੋ ਸਕਦੇ ਹਨ ਜਾਣੀ ਬੈਂਡ ਦੇ 100 ਮੈਂਬਰਾਂ ਪਿੱਛੇ ਇੱਕ ਕੌਂਸਲਰ ਦਾ ਪ੍ਰਾਵਧਾਨ ਹੈ। ਇਸ ਤੋਂ ਇਲਾਵਾ ਸੰਧੀ 7 ਦੀ ਇੱਕ ਕਬੀਲਾ ਕੌਂਸਲ ਵੀ ਹੈ। ਇਸੇ ਤਰ੍ਹਾਂ ਦ ਇੰਡੀਅਨ ਐਸੋਸੀਏਸ਼ਨ ਆਫ ਅਲਬਰਟਾ, ਦ ਫੈਡਰੇਸ਼ਨ ਆਫ ਸਸਕੈਚਵਨ ਇੰਡੀਅਨਜ਼ ਅਤੇ ਦ ਅਸੈਂਬਲੀ ਆਫ ਮੈਨੀਟੋਬਾ ਚੀਫ਼ਜ਼ ਵੀ ਬਣੀਆਂ ਹੋਈਆਂ ਹਨ। ਦੇਸ਼ ਦੀ ਪੱਧਰ ਤੇ ਮੈਦਾਨੀ ਅਲਗੌਂਕਵਿਨ ਬੈਂਡ ਅਸੈਂਬਲੀ ਆਫ ਫ਼ਸਟ ਨੇਸ਼ਨਜ਼ ਦੇ ਵੀ ਮੈਂਬਰ ਹਨ।

ਗਰਮੀਆਂ ਦੀ ਰੁੱਤ ਦੇ ਅੱਧ ਵਿਚ ਸੂਰਜ-ਨਾਚ ( Sun Dance ) ਦਾ ਉਤਸਵ ਮਨਾਇਆ ਜਾਂਦਾ ਰਿਹਾ ਹੈ ਜਦੋਂ ਰੂਹਾਨੀ ਪੂਰਤੀ ਲਈ ਅਰਦਾਸ ਕੀਤੀ ਜਾਂਦੀ ਹੈ। ਰੂਹਾਂ ਨੂੰ ਸ਼੍ਰੋਮਣੀ ਸਰਬ-ਸ਼ਕਤੀਮਾਨ ਰੂਹ ( Great Spirit ) ਦੇ ਫ਼ਰਿਸ਼ਤਿਆਂ ਵਜੋਂ ਅਤੇ ਮੁਰਦਿਆਂ ਦੀਆਂ ਰੂਹਾਂ ਜਾਣ ਕੇ ਮੰਨਿਆਂ ਜਾਂਦਾ ਹੈ। ਇਸੇ ਤਰ੍ਹਾਂ ਪਾਊ-ਵਾਊ ( Pow Wow ) ਨਾਂ ਦਾ ਸਾਲਾਨਾ ਤਿਓਹਾਰ ਪੀਗਨ ਕਬੀਲੇ ਨੇ ਮੌਂਟਾਨਾ ਦੇ ਬਲੈਕਫੁੱਟ ਕਬੀਲੇ ਤੋਂ ਅਪਣਾਇਆ, ਜਿਹੜਾ ਸਭ ਤੋਂ ਪਹਿਲਾਂ ਅਲਬਰਟਾ ਦੇ ਬ੍ਰੌਕਟ ( Brocket ) ਪਿੰਡ ਵਿਚ 'ਇੰਡੀਆ ਦਿਵਸ' ਵਜੋਂ ਮਨਾਇਆ ਗਿਆ। ਇਹ ਵੱਖੋ-ਵੱਖ ਧੜਿਆਂ ਨੂੰ ਇੱਕੋ ਸੂਤਰ ਵਿਚ ਪ੍ਰੋਣ ਦਾ ਕੰਮ ਕਰਦਾ ਹੈ, ਜਿਹੜੇ ਕੈਂਪ ਦੇ ਵਿਹੜੇ ਵਿਚ ਟੀਪੀਆਂ ਬਣਾ ਕੇ ਗਾਉਂਦੇ ਤੇ ਨਚਦੇ ਹਨ।

**ਸਬਆਰਕਟਿਕ ਦੇ ਅਲਗੌਂਕਵਿਨ** - ਇਹ ਕਬੀਲੇ ਲੈਬਰੇਡਾਰ ਦੇ ਤਟ ਤੋਂ ਲੈ ਕੇ ਅਲਬਰਟਾ ਦੇ ਪੀਸ ਰਿਵਰ ਤੱਕ ਤਕਰੀਬਨ ਤੀਹ ਲੱਖ ਵਰਗ ਕਿਲੋਮੀਟਰ ਦੇ ਇਲਾਕੇ ਵਿਚ ਰਹਿੰਦੇ ਹਨ। ਇਨ੍ਹਾਂ ਵਿਚ ਕਰੀਅ, ਓਜਿਬਵਾ, ਮੌਂਟਨੀਏ (Montagnais ) ਅਤੇ ਨੈਸਕਾਪੀ ਕਬੀਲੇ ਆਉਂਦੇ ਹਨ। ਮੌਂਟਨੀਏਂ ਅਤੇ ਨੈਸਕਾਪੀ ਬੋਲਣ ਵਾਲਿਆਂ ਨੂੰ ਇਨੂ (Innu ) ਵੀ ਕਹਿੰਦੇ ਹਨ। ਇਨ੍ਹਾਂ ਦੇ ਕਈ ਟੋਲੇ ਹਨ ਜਿਵੇਂ ਇਨੂ, ਜੇਮਜ਼ ਬੇਅ ਕਰੀਅ, ਮੂਜ਼ ਕਰੀਅ, ਪੱਛਮੀ ਵੁੱਡਲੈਂਡ ਕਰੀਅ, ਉੱਤਰੀ ਓਜਿਬਵਾ ਅਤੇ ਸਾਉਲਟਿਉ। ਪਹਿਲੇ ਚਾਰਾਂ ਦੇ ਉੱਤਰ ਵਿਚ ਇਨੂਇਟ, ਉੱਤਰ-ਪੱਛਮ ਵਿਚ ਨਾ ਡੀਨ, ਦੱਖਣ-ਪੱਛਮ ਵਿਚ ਬਲੈਕਫੁੱਟ (ਮੈਦਾਨੀ ਅਲਗੌਂਕਵਿਨ) ਅਤੇ ਸੂਵਿਨ, ਦੱਖਣ-ਪੂਰਬ ਵਿਚ ਪੂਰਬੀ ਅਲਗੌਂਕਵਿਨ ਅਤੇ ਦੱਖਣ ਵਿਚ ਓਜਿਬਵਾ ( ਕੇਂਦਰੀ ਅਲਗੌਂਕਵਿਨ ) ਦਾ ਵਸੇਬਾ ਹੈ। ਪੁਰਾਤੱਤਵ ਅਤੇ ਜੀਵ ਵਿਗਿਆਨੀਆਂ ਨੂੰ ਮਿਲੇ ਸਬੂਤਾਂ ਅਨੁਸਾਰ ਸਬਆਰਕਟਿਕ ਅਲਗੌਂਕਵਿਨ ਲਗਾਤਾਰ ਸਾਇਬੇਰੀਆ ਤੋਂ ਬੈਰਿੰਗ ਸਟ੍ਰੇਟ ਦੇ ਰਸਤੇ ਇੱਥੇ ਆਉਂਦੇ ਰਹੇ ਸਨ। ਸਾਉਲਟਿਉ ਕਬੀਲੇ ਦੇ ਲੋਕਾਂ ਦਾ ਕਿੱਤਾ ਜੰਗਲੀ ਧਾਨ ਦੀ ਖੇਤੀ ਕਰਨਾ, ਮੱਛੀਆਂ ਪਕੜਨਾ ਤੇ ਜਾਨਵਰਾਂ ਦਾ ਸ਼ਿਕਾਰ ਕਰਨਾ ਹੈ। ਇਨੂ ਲੋਕ ਦੋ ਕਰੀਅ ਉਪ-ਭਾਸ਼ਾਵਾਂ ਬੋਲਦੇ ਹਨ - ਨੈਸਕਾਪੀ ਅਤੇ ਮੌਂਟਨੀਏ, ਜਿਨ੍ਹਾਂ ਵਿੱਚੋਂ ਬਹੁਤੇ ਲੋਕ ਲੈਬਰੇਡਾਰ ਅਤੇ ਕੁਬੈੱਕ ਵਿਚ ਰਹਿੰਦੇ ਹਨ। ਇਨੂ ਸ਼ਬਦ ਇਨ੍ਹਾਂ ਲੋਕਾਂ ਨੂੰ ਇਨੁਇਟ ਅਤੇ ਗ਼ੈਰ-ਇਨੂ ਲੋਕਾਂ ਤੋਂ ਵਖਰਿਆਉਂਦਾ ਹੈ। ਇਹ ਆਪਣੀ ਭੂਮੀ ਨੂੰ ਨਿਤਸਨਨ ਭਾਵ 'ਸਾਡੀ ਧਰਤੀ' ਕਹਿੰਦੇ ਹਨ। ਕੈਰੀਬੂ ਇਨ੍ਹਾਂ ਦੇ ਤਿਓਹਾਰ 'ਮੋਕੋਸ਼ਨ' ਦਾ ਮਹੱਤਵਪੂਰਨ ਜਾਨਵਰ ਹੈ। ਕੈਰੀਬੂ ਦੀਆਂ ਲੰਮੀਆਂ ਹੱਡੀਆਂ ਇਨ੍ਹਾਂ ਦੁਆਰਾ ਸ਼ਿਕਾਰ ਕੀਤੇ ਹੋਏ ਪਸ਼ੂਆਂ ਦੀਆਂ ਰੂਹਾਂ ਨੂੰ ਸਨਮਾਨਤ ਕਰਨ ਲਈ ਅਤੇ ਬੀਮਾਰੀਆਂ ਤੋਂ ਰੋਕਥਾਮ ਲਈ ਵਰਤੀਆਂ ਜਾਂਦੀਆਂ ਹਨ। ਇਹ 1638 ਵਿਚ ਕੁਬੈੱਕ ਦੇ ਸਿੱਲਰੀ (Sillery ) ਵਿਖੇ ਸਥਾਪਤ ਹੋਈ ਬਸਤੀ ਵਿਚ ਸ਼ਾਮਲ ਹੋਏ ਸਨ, ਜਿਸਨੂੰ ਕੈਨੇਡਾ ਦਾ ਪਹਿਲਾ ਰਿਜ਼ਰਵ ਵੀ ਕਿਹਾ ਜਾਂਦਾ ਹੈ। ਜੇਮਜ਼ ਬੇਅ ਕਰੀਅ ਪੰਜ ਹਜ਼ਾਰ ਸਾਲਾਂ ਤੋਂ ਇੱਥੇ ਰਹਿੰਦੇ ਆਏ ਹਨ। ਇਨ੍ਹਾਂ ਦੀਆਂ ਔਰਤਾਂ ਨੇ ਯੂਰਪੀਨ ਜੱਤ-ਵਪਾਰੀਆਂ ਨਾਲ ਸ਼ਾਦੀਆਂ ਕਰਵਾਈਆਂ। 1852 ਵਿਚ ਫੋਰਟ ਜਾਰਜ ਵਿਖੇ ਆਏ ਪਾਦਰੀਆਂ ਨੇ ਈਸਾਈ ਰੱਬ ( God ) ਨੂੰ ਇਨ੍ਹਾਂ ਦੀ ਮਹਾਨ ਰੂਹ -ਮੈਨੀਟਾਊ ਨਾਲ ਜੋੜ ਕੇ ਦੱਸਿਆ।

15 ਨਵੰਬਰ,1974 ਵਿਚ ਸਰਕਾਰ ਨਾਲ ਹੋਏ ਸਮਝੌਤੇ ਨੂੰ ਕਰੀਅ ਦੀ ਗਰੈਂਡ ਕੌਂਸਲ ਨੇ 1976 ਵਿਚ ਪ੍ਰਵਾਨਗੀ ਦਿੱਤੀ, ਜਿਸ ਨੂੰ 'ਜੇਮਜ਼ ਬੇਅ ਅਤੇ ਉੱਤਰੀ ਕੁਬੈੱਕ ਸਮਝੌਤਾ' ਦਾ ਨਾਂ ਦਿੱਤਾ ਗਿਆ। ਸੰਧੀ ਦਾ ਦਰਜਾ ਰੱਖਣ ਵਾਲਾ ਇਹ ਸਮਝੌਤਾ ਜ਼ਮੀਨੀ ਦਾਅਵੇ ਦਾ ਪਹਿਲਾ ਆਧੁਨਿਕ ਸਮਝੌਤਾ ਸੀ, ਜਿਸ ਨੇ ਮੂਲਨਿਵਾਸੀਆਂ ਦੇ ਅਧਿਕਾਰਾਂ ਨੂੰ ਮਾਨਤਾ ਦਿੱਤੀ।

**ਮੂਜ਼ ਕਰੀਅ** - 1973 ਵਿਚ ਕਰੀਅ ( ਅਤੇ ਓਜਿਬਵਾ ), ਜਿਨ੍ਹਾਂ ਨੇ ਸੰਧੀ 9 ਤੇ ਦਸਤਖਤ ਕੀਤੇ ਸਨ, ਉਨ੍ਹਾਂ ਨੇ ਮਿਲ ਕੇ ਸਿਆਸੀ ਤੌਰ ਤੇ ਗਰੈਂਡ ਕੌਂਸਲ ਬਣਾਈ, ਜਿਸਦਾ ਨਾਂ ਹੁਣ ਨਿਸ਼ਨਾਬ-ਅਸਕੀ (Nishnawbe Aski) ਨੇਸ਼ਨ ਹੈ। ਇਸ ਕੋਲ ਓਂਟਾਰੀਓ ਪ੍ਰਾਂਤ ਵਿਚ ਸਭ ਤੋਂ ਵੱਡਾ ਖਿੱਤਾ ਹੈ ਜਿਹੜਾ 6,50,000 ਵਰਗ ਕਿਲੋਮੀਟਰ ਵਿਚ ਫੈਲਿਆ ਹੋਇਆ ਹੈ। ਇਸ ਵਿਚਲੇ ਨੇਟਿਵ ਭਾਈਚਾਰਿਆਂ ਦੀ ਆਬਾਦੀ ਤੀਹ ਹਜ਼ਾਰ ਤੋਂ ਵੱਧ ਹੈ।

**ਪੱਛਮੀ ਵੁੱਡਲੈਂਡ ਕਰੀਅ** - ਇਹ ਆਪਣੇ ਆਪ ਨੂੰ ਸੱਚੇ ਅਤੇ ਅਸਲੀ ਲੋਕ ਮੰਨਦੇ ਹਨ। ਇਨ੍ਹਾਂ ਦੀ ਆਬਾਦੀ ਚਾਲੀ ਹਜ਼ਾਰ ਤੋਂ ਵੱਧ ਹੈ। ਸਸਕੈਚਵਨ ਰਿਵਰ ਦੇ ਇਲਾਕਿਆਂ ਵਿਚਲੇ ਕਰੀਅ ਗੂਜ਼ ਡਾਨਸ ਜਾਂ ਗੂਜ਼ ਫ਼ੀਸਟ ਮਨਾਉਂਦੇ ਹਨ ਜਿਹੜਾ ਇਨ੍ਹਾਂ ਲੋਕਾਂ ਵੱਲੋਂ ਇਸ ਪਾਣੀ ਦੇ ਪੰਛੀ ਨੂੰ ਆਪਣੇ ਸਭਿਆਚਾਰ ਵਿਚ ਮਹਾਨਤਾ ਦੇਣ ਦਾ ਸੂਚਕ ਹੈ। ਇਸ ਸਮਾਰੋਹ ਦੌਰਾਨ ਪਵਿੱਤਰ ਪਾਈਪ (ਤੰਬਾਕੂ ਦੀ) ਸਮੇਤ ਤਕਰੀਰਾਂ ਹੁੰਦੀਆਂ ਹਨ, ਅਰਦਾਸਾਂ ਕੀਤੀਆਂ ਜਾਂਦੀਆਂ ਹਨ, ਨਾਚ ਹੁੰਦੇ ਹਨ ਤੇ ਢੋਲ ਵਜਦੇ ਹਨ। ਇਨ੍ਹਾਂ ਦੇ ਜ਼ਮੀਨੀ ਦਾਅਵੇ ਅਜੇ ਵੀ ਸਰਕਾਰ ਵੱਲੋਂ ਇਨ੍ਹਾਂ ਦੇ ਹੱਕ ਮੁਤਾਬਕ ਨਹੀਂ ਮੰਨੇ ਗਏ।

**ਉੱਤਰੀ ਓਜਿਬਵਾ** - ਇਹ ਆਪਣੇ ਆਪ ਨੂ ਓਜਬਵੇ ਜਾਂ ਅਨਿਸ਼ਨਾਬੇ ਕਹਾਉਂਦੇ ਹਨ ਜਿਸ ਦਾ ਅਰਥ ਹੈ -ਆਦਿ ਵਾਸੀ- ਜਾਂ ਮੂਲਨਿਵਾਸੀ। ਇਹ ਉੱਤਰ-ਪੱਛਮੀ ਓਂਟਾਰੀਓ ਅਤੇ ਮੈਨੀਟੋਬਾ ਦੀ ਆਈਲੈਂਡ ਲੇਕ ( ਸੇਂਟ ਥੈਰੇਸਾ ਪੁਆਇੰਟ ਫ਼ਸਟ ਨੇਸ਼ਨ ) ਦੇ ਖੇਤਰ ਵਿਚ ਵਿਚਰਦੇ ਹਨ। ਇਹ ਸੰਧੀ 3 ਵਾਲੇ ਕਬੀਲੇ ਹਨ। ਇਨ੍ਹਾਂ ਦੀਆਂ ਰਾਜਸੀ, ਭਾਈਚਾਰਕ ਅਤੇ ਹੋਰ ਕਈ ਸੰਸਥਾਵਾਂ ਹਨ

## ਸਿਆਸੀ ਝਰੋਖਿਆਂ ਵਿੱਚੋਂ ਦੀ

# ਹਰਚਰਨ ਬਰਾੜ ਨਾਲ ਆਖਰੀ ਮਿਲਣੀ (3)



ਨਿੰਦਰ ਘੁਗਿਆਣਵੀ
-9417421700

## ਹਰਚਰਨ ਸਿੰਘ ਬਰਾੜ ਦੀਆਂ ਬਾਤਾਂ-(3)

ਦੋ ਕੁ ਸੌ ਤੋਂ ਉਤੇ ਲੋਕ ਮਿਲਣ ਵਾਲੇ ਆਣ ਪੁੱਜੇ ਸਨ ਤੇ ਬਹੁਤੇ ਲੋਕ ਤਾਂ ਮੁੱਖ-ਮੰਤਰੀ ਜੀ ਦੇ ਇਲਾਕੇ ਦੇ ਹੀ ਲੱਗਦੇ ਸਨ। ਮੁੱਖ-ਮੰਤਰੀ ਜੀ ਦਾ ਆਪਣੀ ਰਿਹਾਇਸ਼ 'ਚੋਂ ਆਉਣ ਦਾ ਵਕਤ ਵੀ ਹੋ ਗਿਆ ਤੇ ਸਾਨੂੰ ਸਭ ਨੂੰ ਲੰਬੀ ਕਤਾਰ ਵਿੱਚ ਖੜ੍ਹਾਇਆ ਜਾਣ ਲੱਗਿਆ। ਸਾਥੋਂ ਮੂਹਰੇ ਅੱਠ-ਦਸ ਬੰਦੇ ਖੜੇ ਸਨ। ਮੈਨੂੰ ਮਹੰਤ ਜੀ ਨੇ ਆਪਣੇ ਅੱਗੇ ਖੜੇ ਰਹਿਣ ਲਈ ਆਖਿਆ। ਫੋਟੋਜ਼ ਅਤੇ ਅਰਜ਼ੀ-ਪੱਤਰ ਮੇਰੇ ਹੱਥ ਵਿੱਚ ਸਨ। ਸਾਰੀ ਕਤਾਰ ਪਿਛਾਹ ਨੂੰ ਦੇਖੀ ਜਾਵੇ।

ਹੁਣ ਮੈਂ ਸ੍ਰ ਹਰਚਰਨ ਸਿੰਘ ਬਰਾੜ ਨਾਲ ਹੋਈ ਆਪਣੀ ਆਖਰੀ ਮਿਲਣੀ ਦੀ ਕਥਾ ਸੁਣਾ ਦੇਵਾਂ ਤੇ ਗੱਲ ਖਤਮ ਕਰਾਂ। ਸ੍ਰ: ਬਰਾੜ ਪੰਜਾਬ ਦੇ ਮੁੱਖ-ਮੰਤਰੀ ਸਨ ਤੇ ਉਪ-ਮੁੱਖ ਮੰਤਰੀ ਬੀਬੀ ਰਜਿੰਦਰ ਕੌਰ ਭੱਠਲ ਨਾਲ ਉਹਨਾਂ ਦਾ ਤਣਾ-ਤਣੀ ਵਾਲਾ ਮਾਹੌਲ ਬਣਿਆ ਹੋਇਆ ਸੀ, ਬੀਬੀ ਭੱਠਲ ਉਪ ਮੁੱਖ ਮੰਤਰੀ ਮਸਾਂ ਬਣੀ ਸੀ ਖੌਰੂ ਪੱਪ ਬੜੀ ਪਾਈ। ਬਰਨਾਲੇ ਤੋਂ ਐਮ ਐਲ ਏ ਪੰਡਤ ਸੋਮ ਦੱਤ ਨੇ ਵੀ ਵਜ਼ੀਰੀ ਵਿੱਚ ਸ਼ਾਮਲ ਹੋਣ ਲਈ ਆਪਣਾ ਸੰਘਰਸ਼ ਵਿੱਢਿਆ ਹੋਇਆ ਸੀ। ਆਖਿਰ ਉਹਨਾਂ ਨੂੰ ਰਾਜ-ਮੰਤਰੀ ਬਣਾ ਦਿੱਤਾ ਗਿਆ। ਉਹਨੀ ਦਿਨੀ ਹੀ ਬਰਨਾਲੇ ਲਿਖਾਰੀ ਸਭਾ ਵੱਲੋਂ ਇੱਕ ਕਵੀ-ਦਰਬਾਰ ਹੋਇਆ। ਮੈਂ ਵੀ ਗਿਆ ਆਪਣੇ ਕਵੀ ਮਿੱਤਰ ਤਰਸੇਮ ਨਾਲ। ਮੈਨੂੰ ਭਾਸ਼ਾ ਵਿਭਾਗ ਦੇ ਡਾਇਰੈਕਟਰ ਸ੍ਰੀ ਹਸੀਜਾ ਨੇ ਮਾਲੀ-ਕਮ-ਸੇਵਾਦਾਰ ਦੀ ਨੌਕਰੀ ਤੋਂ ਹਟਾ ਦਿੱਤਾ ਹੋਇਆ ਸੀ ਤੇ ਮੈਂ ਬਰਨਾਲੇ ਵਾਲੇ ਕਵੀ ਦਰਬਾਰ ਵਿੱਚ ਇਸ ਤਾਕ 'ਚ ਗਿਆ ਸੀ ਕਿ ਉਥੇ ਪ੍ਰੋ: ਪ੍ਰੀਤਮ ਸਿੰਘ ਰਾਹੀ ਤੇ ਜੋਗਿੰਦਰ ਸਿੰਘ ਨਿਰਾਲਾ ਮੈਨੂੰ ਪੰਡਤ ਸੋਮ ਦੱਤ ਦੇ ਮੱਥੇ ਲਾ ਦੇਣਗੇ ਤੇ ਉਹ ਅੱਗੋਂ ਉਸ ਸਮੇਂ ਦੀ ਭਾਸ਼ਾ ਵਿਭਾਗ ਦੀ ਮੰਤਰੀ ਬੀਬੀ ਭੱਠਲ ਨੂੰ ਮੈਨੂੰ ਮੁੜ ਰੱਖਣ ਲਈ ਬੇਨਤੀ ਕਰ ਦੇਣਗੇ, ਸੋਮ ਦੱਤ ਜੀ ਭੱਠਲ ਦੇ ਖੇਮੇ 'ਚ ਸਨ। ਪ੍ਰੋਗਰਾਮ ਵਿੱਚ ਕਵੀ ਸੱਜਣ ਕਵਿਤਾਵਾਂ ਪੜ੍ਹ ਰਹੇ ਸਨ। ਮੈਂ ਸ੍ਰੋਤਿਆਂ ਵਿੱਚ ਉਦਾਸ ਬੈਠਾ ਸਾਂ ਕਿ ਖਵਰੈ ਮੈਨੂੰ ਕੋਈ ਪੰਡਤ ਜੀ ਨਾਲ ਮਿਲਵਾਏਗਾ ਵੀ ਜਾਂ ਨਹੀਂ।।ਮੇਰੇ ਕੰਮ ਦਾ ਕੀ ਬਣੂੰਗਾ? ਕੀ ਪੰਡਤ ਜੀ ਮੇਰੀ ਨੌਕਰੀ ਦੀ ਬਹਾਲੀ ਲਈ ਸਿਫਾਰਿਸ਼ ਕਰਨਗੇ ਵੀ ਜਾਂ ਨਹੀਂ ਬੀਬੀ ਜੀ ? ਮੇਰਾ ਧਿਆਨ ਕਵੀ-ਦਰਬਾਰ ਵਿੱਚੋਂ ਉਖੜਿਆ ਪਿਆ ਸੀ ਤੇ ਅੱਚਵੀਂ ਲੱਗੀ ਹੋਈ ਸੀ। ਕਵੀ ਦਰਬਾਰ ਦੇ ਜਲਦੀ ਮੁੱਕ ਜਾਣ ਦੀ ਉਡੀਕ ਕਰ ਰਿਹਾ ਸਾਂ ਕਿ ਜੰਗ ਸਿੰਘ ਫੱਟੜ ਨਾਂ ਦੇ ਇੱਕ ਕਵੀ ਦੀ ਵਾਰੀ ਆ ਗਈ। ਉਸ ਨੇ ਆਪਣੀ ਇੱਕ ਰੁਬਾਈ ਸੁਣਾਈ, ਜੁ ਪੂਰੀ ਤਰਾਂ ਤਾਂ ਮੈਨੂੰ ਯਾਦ ਨਹੀਂ ਹੈ ਪਰ ਟੁੱਟੇ ਫੁੱਟੇ ਬੋਲ ਹੀ ਮੈਂ ਪਾਠਕਾਂ ਨਾਲ ਲਾਜ਼ਮੀ ਸਾਂਝੇ ਕਰਨਾ ਚਾਹੁੰਦਾ ਹਾਂ:

ਬਰਾੜ ਦੀ ਮੁੱਛ ਖੜ੍ਹੀ ਹੈ
ਭੱਠਲ ਦੀ ਅੱਖ ਤੜੀ ਹੈ
ਸਾਡੇ ਕਮਾਨ 'ਚੋਂ ਸਾਡਾ ਹੈ ਤੀਰ ਤਣਿਆ
ਅਸੀਂ ਕੀ ਕਿਸੇ ਤੋਂ ਦਹੀਂ ਲੈਣੈ
ਪੰਡਤ ਸੋਮ ਦੱਤ ਸਾਡਾ ਵਜ਼ੀਰ ਬਣਿਆ

ਇਹ ਸੁਣ ਸਾਰੇ ਸ੍ਰੋਤੇ ਜ਼ੋਰ-ਜ਼ੋਰ ਦੀ ਹੱਸਣ ਲੱਗੇ। ਮੰਚ 'ਤੇ ਬੈਠੇ ਪੰਡਤ ਜੀ ਵੀ ਵਾਹਵਾ ਹੱਸੇ। ਮਾਹੌਲ ਵਿੱਚ ਰੰਗੀਨੀ ਜਿਹੀ ਭਰ ਗਈ। ਮੈਨੂੰ ਜਾਪਿਆ ਕਿ ਹੁਣ ਸ਼ਾਇਦ ਮੇਰੀ ਨੌਕਰੀ ਵਾਲਾ ਕੰਮ ਹੋ ਜਾਏਗਾ। ਪ੍ਰੋਗਰਾਮ ਮੁੱਕ ਗਿਆ। ਨਿਰਾਲਾ ਤੇ ਰਾਹੀ ਜੀ ਦੋਏਂ ਭਰਾ, ਮੈਨੂੰ ਪੰਡਤ ਜੀ ਪਾਸ ਲੈ ਗਏ ਤੇ ਨਾਲ ਡਾ ਤੇਜਵੰਤ ਮਾਨ, ਜੋ ਉਦੋਂ ਕੇਂਦਰੀ ਲੇਖਕ ਸਭਾ ਦੇ ਪ੍ਰਧਾਨ ਸਨ, ਉਹ ਮੱਦਦ ਵਾਸਤੇ ਨਾਲ ਖੜ ਗਏ। ਇੱਕ ਅਰਜ਼ੀ-ਪੱਤਰ ਵੀ ਮੈਂ ਨਾਲ ਲਿਖ ਕੇ ਲੈ ਗਿਆ ਹੋਇਆ ਸਾਂ। ਅਰਜ਼ੀ ਖੋਲ੍ਹ ਕੇ ਪੰਡਤ ਜੀ ਨੂੰ ਫੜਾਉਂਦਿਆਂ ਮੈਂ ਹੱਥੀ ਜੋੜੀ ਖੜਾ ਆਪਣਾ ਦੁੱਖੜਾ ਦੱਸਣ ਲੱਗਿਆ। ਪੰਡਤ ਜੀ ਨੇ ਬੜੇ ਧਿਆਨ ਨਾਲ ਅਰਜ਼ੀ-ਪੱਤਰ ਪੜ੍ਹਿਆ ਤੇ ਮੇਰੇ ਵੱਲ ਦੇਖਦੇ ਹੋਏ ਬੋਲੇ, "ਤੂੰ ਫ਼ਿਕਰ ਨਾ ਕਰ ਜੁਆਨਾ।।ਮੈਂ ਅੱਜ ਈ ਬੀਬੀ ਜੀ ਨਾਲ ਗੱਲ ਕਰੂੰਗਾ।।।" ਪੰਡਤ ਜੀ ਨੇ ਅਰਜ਼ੀ-ਪੱਤਰ ਆਪਣੇ ਕੁੜਤੇ ਦੀ ਮੂਹਰਲੀ ਜੇਬ ਵਿੱਚ ਪਾ ਲਿਆ। ਮੈਨੂੰ ਕੁੱਝ ਹੌਸਲਾ ਜਿਹਾ ਹੋ ਗਿਆ ਸੀ। ਖੈਰ!

***

ਬੜੇ ਦਿਨ ਬੀਤ ਗਏ। ਕੁੱਝ ਨਾ ਬਣਿਆ। ਸਾਡੇ ਪਿੰਡੋਂ ਸ੍ਰ ਜੋਗਿੰਦਰ ਸਿੰਘ ਬਰਾੜ ਨਿਰਮਲੇ ਮਹੰਤ ਸਨ ਤੇ ਮੇਰੇ ਨਾਲ ਉਨਾਂ ਦਾ ਚੰਗਾ ਲਿਹਾਜ ਸੀ, ਮੈਂ ਉਨਾਂ ਨੂੰ 'ਤਾਇਆ ਜੀ' ਆਖਦਾ ਸੀ। ਉਹਨਾਂ ਦਾ ਬਰਾੜ ਭਾਈਚਾਰਾ ਹੋਣ ਕਾਰਨ ਸ੍ਰ ਹਰਚਰਨ ਸਿੰਘ ਬਰਾੜ ਮੁੱਖ-ਮੰਤਰੀ ਨੂੰ




ਵੀ ਉਹ ਕਦੀ-ਕਦਾਈਂ ਮਿਲਦੇ-ਗਿਲਦੇ ਰਹੇ ਸਨ। ਮੈਂ ਪਿੰਡ ਆਇਆ ਤਾਂ ਮਹੰਤ ਜੀ ਵੀ ਦਿੱਲੀਂ? ਪਿੰਡ ਆਏ ਹੋਏ ਸੀ। ਮੈਂ ਮਹੰਤ ਜੀ ਕੋਲ ਆਪਣੀ ਸਮੱਸਿਆ ਸਾਂਝੀ ਕੀਤੀ ਤਾਂ ਉਹਨਾਂ ਆਖਿਆ, "ਵਾਹ ? ਮੁੰਡਿਆ,ਹੱਦ ਹੋਗੀ ਐ।।ਮੁੱਖ-ਮੰਤਰੀ ਆਪਣੇ ਘਰ ਦਾ ਹੋਵੇ ਤੇ ਏਹ ਨਿੱਕਾ ਜਿਆ ਕੰਮ ਵੀ ਨਾ ਹੋਵੇ ਆਪਣਾ।।।? ਚੱਲ, ਆਪਾਂ ਕੱਲ੍ਹ ਨੂੰ ਚੰਡੀਗੜ ਚੱਲੀਏ।।।ਤਿਆਰੀ ਵੱਟ।।।।"
ਸੋ, ਮੈਂ ਮਹੰਤ ਜੀ ਨਾਲ ਚੰਡੀਗੜ ਜਾਣ ਦੀ ਤਿਆਰੀ ਵੱਟਣ ਲੱਗਿਆ।

***

ਮੈਨੂੰ ਯਾਦ ਆਇਆ ਕਿ ਇੱਕ ਵਾਰ ਜਦੋਂ ਬਰਾੜ ਸਾਹਬ ਦੀ ਬੇਟੀ ਬਬਲੀ ਬਰਾੜ ਨੇ ਲੋਕ ਸਭਾ ਦੀ ਚੋਣ ਲੜੀ ਸੀ, ਤਾਂ ਉਹ ਬਰਾੜ ਸਾਹਬ ਨਾਲ ਸਾਡੇ ਪਿੰਡ ਆਈ ਸੀ। ਉਸ ਸਮੇਂ ਦੇ ਸਮਾਗਮ ਦੀ ਸਟੇਜ ਸਕੱਤਰੀ ਮੈਂ ਹੀ ਕੀਤੀ ਸੀ ਤੇ ਮੇਰੇ ਕੋਲ ਉਸ ਸਮੇਂ ਦੀਆਂ ਦੋ ਤਸਵੀਰਾਂ ਵੀ ਸਾਂਭੀਆਂ ਪਈਆਂ ਸਨ। ਮੈਂ ਇਹ ਸੋਚ ਕੇ ਤਸਵੀਰਾਂ ਅਰਜ਼ੀ-ਪੱਤਰ ਵਾਲੇ ਲਿਫਾਫੇ ਨਾਲ ਬੈਗ ਵਿੱਚ ਪਾ ਲਈਆਂ ਕਿ ਮੁੱਖ-ਮੰਤਰੀ ਜੀ ਨੂੰ ਇਹ ਤਸਵੀਰਾਂ ਦਿਖਾਉਣ ਨਾਲ ਉਹਨਾਂ 'ਤੇ ਮੇਰਾ ਚੰਗਾ ਪ੍ਰਭਾਵ ਪੈ ਸਕਦਾ ਹੈ ਕਿ ਇਸ ਮੁੰਡੇ ਦੀਆਂ ਫੋਟੋਆਂ ਹਨ ਨਾਲ ਮੇਰੇ। ਤੇ ਮਹੰਤ ਜੀ ਤੇ ਮੈਂ ਚੰਡੀਗੜ ਨੂੰ ਚੱਲ ਪਏ। ਰਾਤ ਅਸੀਂ ਇੱਕ ਗੁਰੂ ਘਰ ਵਿੱਚ ਕੱਟੀ ਤੇ ਸਵੇਰੇ ਨਹਾ-ਧੋਕੇ ਆਟੋ ਰਿਕਸ਼ਾ ਵਿੱਚ ਬੈਠ ਮੁੱਖ-ਮੰਤਰੀ ਜੀ ਦੀ ਕੋਠੀ ਵੱਲ ਚਾਲੇ ਪਾਏ। ਮਹੰਤ ਜੀ ਆਖਣ ਲੱਗੇ ਕਿ ਆਪਾਂ ਭੋਜਨ ਪਾਣੀ ਵੀ ਮੁੱਖ ਮੰਤਰੀ ਸਾਹਬ ਕੋਲ ਛਕਾਂਗੇ। ਇਹ ਸੁਣ ਮੈਂ ਬੜਾ ਬਾਗੋਬਾਗ ਹੋ ਰਿਹਾ ਸਾਂ ਕਿ ਚਲੋ, ਮਹੰਤ ਜੀ ਦੇ ਬਹਾਨੇ ਹੀ ਮੇਰੇ ਵਰਗੇ ਨਿਮਾਣੇ ਨਿਤਾਣੇ ਮੁੱਖ ਮੰਤਰੀ ਹਾਊਸ ਚੋਂ ਪ੍ਰਸ਼ਾਦੇ ਛਕਣ ਨੂੰ ਮਿਲ ਜਾਣਗੇ। ਸਾਡੇ ਜਾਂਦਿਆਂ ਨੂੰ ਉਥੇ ਕੋਈ ਖ਼ਾਸ ਭੀੜ ਨਹੀਂ ਸੀ। ਅਸੀਂ ਦੋ ਪਾਸ ਬਣਵਾ ਲਏ। ਕਰਮਚਾਰੀਆਂ ਦਾ ਵਤੀਰਾ ਬੜਾ ਮਿਲਵਰਤਨ ਵਾਲਾ ਸੀ। ਮਹੰਤ ਜੀ ਦਾ ਭਗਵਾਂ ਪਹਿਰਾਵਾ, ਪਰਕਾਸ਼ ਦਾਹੜਾ ਬੜਾ ਪ੍ਰਭਾਵ ਪਾ ਰਿਹਾ ਸੀ ਤੇ ਸਾਰੇ ਮਹੰਤ ਜੀ ਨੂੰ ਕੋਈ ਨਮਸਕਾਰ ਤੇ ਕੋਈ ਸਤਿ ਸ਼ਰੀ ਅਕਾਲ ਆਖ ਰਿਹਾ ਸੀ। ਇੱਕ ਦੋ ਜਣੇ ਤਾਂ ਪੈਰੀਂ ਹੱਥ ਲਾਕੇ ਆਸ਼ੀਰਵਾਦ ਵੀ ਲੈ ਗੇ ਸਨ। ਮਹੰਤ ਜੀ ਖਾਸੇ ਖੁਸ਼ ਸਨ। ਮੈਂ ਵੀ ਖੁਸ਼ ਸਾਂ ਕਿ ਅੱਜ ਬਾਜੀ ਜਿੱਤ ਕੇ ਜਾਵਾਂਗੇ ਤਾਇਆ ਭਤੀਜਾ। ਅਸੀਂ ਉਡੀਕ ਕਮਰੇ ਵਿੱਚ ਬੈਠ ਗਏ। ਕੋਈ ਪਾਣੀ ਪਿਲਾਉਣ ਵੀ ਨਾ ਬਹੁੜਿਆ। ਹੌਲੀ ਹੌਲੀ ਲੋਕਾਂ ਦੀ ਭੀੜ ਵਧਣ ਲੱਗੀ। ਇਹ ਉਹ ਦਿਨ ਸੀ, ਜਿਸ ਦਿਨ ਮੁੱਖ-ਮੰਤਰੀ ਜੀ ਲੋਕਾਂ ਨੂੰ ਆਪਣੀ ਰਿਹਾਇਸ਼ 'ਤੇ ਮਿਲਦੇ ਸਨ ਸੰਗਤ ਦਰਸ਼ਨ ਕਹਿ ਲ?। ਮਹੰਤ ਜੀ ਮੁੱਖ-ਮੰਤਰੀ ਨੂੰ ਮਿਲਣ ਲਈ ਬੜੇ ਉਤਾਵਲੇ ਸਨ ਤੇ ਬੇਚੈਨ ਵੀ ਹੋ ਰਹੇ ਸਨ। ਮੈਨੂੰ ਵਾਰ-ਵਾਰ ਆਖ ਰਹੇ ਸਨ, "ਆਪਣੀ ਕਹੀ ਨਹੀਂ ਮੋੜਦਾ ਬਰਾੜ।।।ਬਸ,ਆ ਜਾਣ ਦੇ।ਆਪਣਾ ਕੰਮ ਬਣਜੂ।।।।"

ਘੰਟਾ ਕੁ ਲੰਘਿਆ ਤਾਂ ਭੀੜ ਹੋਰ ਵੀ ਵਧਣ ਲੱਗੀ। ਦੋ ਕੁ ਸੌ ਤੋਂ ਉਤੇ ਲੋਕ ਮਿਲਣ ਵਾਲੇ ਆਣ ਪੁੱਜੇ ਸਨ ਤੇ ਬਹੁਤੇ ਲੋਕ ਤਾਂ ਮੁੱਖ-ਮੰਤਰੀ ਜੀ ਦੇ ਇਲਾਕੇ ਦੇ ਹੀ ਲੱਗਦੇ ਸਨ। ਮੁੱਖ-ਮੰਤਰੀ ਜੀ ਦਾ ਆਪਣੀ ਰਿਹਾਇਸ਼ 'ਚੋਂ ਆਉਣ ਦਾ ਵਕਤ ਵੀ ਹੋ ਗਿਆ ਤੇ ਸਾਨੂੰ ਸਭ ਨੂੰ ਲੰਬੀ ਕਤਾਰ ਵਿੱਚ ਖੜ੍ਹਾਇਆ ਜਾਣ ਲੱਗਿਆ। ਸਾਥੋਂ ਮੂਹਰੇ ਅੱਠ-ਦਸ ਬੰਦੇ ਖੜੇ ਸਨ। ਮੈਨੂੰ ਮਹੰਤ ਜੀ ਨੇ ਆਪਣੇ ਅੱਗੇ ਖੜੇ ਰਹਿਣ ਲਈ ਆਖਿਆ। ਫੋਟੋਜ਼ ਅਤੇ ਅਰਜ਼ੀ-ਪੱਤਰ ਮੇਰੇ ਹੱਥ ਵਿੱਚ ਸਨ। ਸਾਰੀ ਕਤਾਰ ਪਿਛਾਹ ਨੂੰ ਦੇਖੀ ਜਾਵੇ। ਮਹੰਤ ਜੀ ਵੀ ਕਾਫੀ ਉਪਰਾਮਤਾ ਮਹਿਸੂਸ ਕਰ ਰਹੇ ਸਨ ਤੇ ਮੈਂ ਵਾਰ ਵਾਰ ਧੌਣ ਮੋੜ ਮੋੜ ਉਨਾਂ ਵੱਲ ਝਾਕਦਾ ਸੀ, ਤਾਂ ਮਹੰਤ ਜੀ ਮੈਨੂੰ ਘੂਰਦੇ, " ਪਿਛਾਂਹ ਕੀ ਵੇਹਣਾ ਐਂ? ਖੜਾ ਨੀ ਜਦਾ ਤੈਥੋਂ ਚੱਜ ਨਾਲ? ਖੈਰ ਜੀ! ਮੁੱਖ-ਮੰਤਰੀ ਜੀ ਪਿਛਲੇ ਪਾਸਿ? ਦੀ ਦੋ ਉਚ-ਅਫ਼ਸਰਾਂ ਨਾਲ ਬੜੀ ਸਹਿਜ ਚਾਲ ਤੁਰਦੇ ਆ ਰਹੇ ਸਨ। ਸਭਨਾਂ ਨੇ ਦੋਵੇਂ ਹੱਥ ਜੋੜ ਕੇ ਮੁੱਖ-ਮੰਤਰੀ ਜੀ ਨੂੰ ਫਤਹਿ ਬੁਲਾਈ। ਜਵਾਬੀ ਰੂਪ ਵਿੱਚ ਉਹਨਾਂ ਵੀ ਅੱਗੋਂ ਹੱਥ ਜੋੜ ਕੇ ਫਤਹਿ ਕਬੂਲੀ। ਉਹ ਇੱਕ ਕੈਬਿਨ ਵਿੱਚ ਡੱਠੀ ਕੁਰਸੀ 'ਤੇ ਬੈਠ ਗਏ। ਨਾਲ ਆਏ ਦੋਵੇਂ ਅਫ਼ਸਰ ਵੀ ਲਾਗੇ-ਲਾਗੇ ਬਹਿ ਗਏ। ਮੁੱਖ-ਮੰਤਰੀ ਜੀ ਨੇ ਹੱਥ ਦੇ ਇਸ਼ਾਰੇ ਨਾਲ ਕੋਲ ਖਲੋਤੇ ਸਹਾਇਕ ਨੂੰ ਕਿਹਾ ਕਿ ਲੋਕਾਂ ਨੂੰ ਮਿਲਵਾਉਣ ਦਾ ਕੰਮ ਸ਼ੁਰੂ ਕਰੋ।।।। ਲਗਭਗ ਸਾਰਿਆਂ ਕੋਲ ਹੀ ਜ਼ਰੂਰੀ ਕਾਗਜ਼ ਅਤੇ ਬਿਨੈ-ਪੱਤਰ ਫੜੇ ਹੋਏ ਸਨ। ਮੁੱਖ-ਮੰਤਰੀ ਜੀ ਕਾਗਜ਼ ਫੜ੍ਹਦੇ ਜ਼ਰੂਰ ਸਨ ਪਰ ਪੜ੍ਹਦੇ ਨਹੀਂ ਸਨ।।ਨਿਗਾਹ ਵੀ ਨਹੀਂ ਸੀ ਮਾਰਦੇ ਤੇ ਨਾਲ ਬੈਠੇ ਅਫ਼ਸਰਾਂ ਨੂੰ ਕਾਗਜ ਫੜਾਈ ਜਾਣ ਲੱਗੇ। ਮੁੱਖ-ਮੰਤਰੀ ਜੀ ਨਾ ਹੀ ਕੁੱਝ ਬੋਲਦੇ ਤੇ ਨਾ ਹੀ ਮੁਸਕ੍ਰਾਉਂਦੇ ਸਨ। ਮੇਰੀ ਵਾਰੀ ਤਾਂ ਮੇਰਾ ਦਿਲ ਜ਼ੋਰ-ਜਲੌਰ ਨਾਲ ਧੜਕਣ ਲੱਗਿਆ।

(ਬਾਕੀ ਅਗਲੇ ਹਫਤੇ)

# ਕੀ-ਕੀ ਹੁੰਦੇ ਨੇ ਵਿਧਾਇਕ ਦੇ ਕੰਮ ਅਤੇ ਸਹੂਲਤਾਂ ?

ਭਾਰਤੀ ਲੋਕਤੰਤਰ 'ਚ ਕੇਂਦਰ 'ਚ ਲੋਕ ਸਭਾ ਅਤੇ ਰਾਜਾਂ 'ਚ ਵਿਧਾਨ ਸਭਾਵਾਂ ਦੇ ਮੈਂਬਰ ਜਨਤਾ ਦੀਆਂ ਵੋਟਾਂ ਨਾਲ ਚੁਣੇ ਜਾਂਦੇ ਹਨ। ਵਿਧਾਨ ਸਭਾ ਦੇ ਚੁਣੇ ਹੋਏ ਮੈਂਬਰ ਨੂੰ ਵਿਧਾਇਕ (ਐਮ.ਐਲ.ਏ.) ਕਿਹਾ ਜਾਂਦਾ ਹੈ। ਆਮ ਤੌਰ ਤੇ ਇਹ ਦੇਖਿਆ ਗਿਆ ਹੈ ਕਿ ਲੋਕ ਰਾਜਨੀਤੀ ਨੂੰ ਸੇਵਾ ਦਾ ਨਾਮ ਦਿੰਦੇ ਹਨ ਕਿ ਮੈਨੂੰ ਵਿਧਾਇਕ ਜਾਂ ਸਾਂਸਦ ਬਣਾ ਦਿਓ ਮੈਂ ਸੇਵਾ ਕਰਨਾ ਚਾਹੁੰਦਾ ਹਾਂ। ਆਪਣੇ ਇਲਾਕੇ ਦੀ ਜਨਤਾ ਨੂੰ ਆਪਣੇ ਲੱਛੇਦਾਰ ਭਾਸ਼ਣਾਂ ਨਾਲ ਹਿਪਨੋਟਾਈਜ਼ ਕਰਕੇ ਜੋ ਲੋਕ ਵਿਧਾਇਕ ਚੁਣੇ ਜਾਂਦੇ ਹਨ ਉਹ ਕਿਸ ਹੱਦ ਤੱਕ ਆਪਣੇ ਇਲਾਕੇ ਦੀ ਸੇਵਾ ਕਰਦੇ ਹਨ ਇਸ ਸਬੰਧੀ ਇਸ ਲੇਖ ਰਾਹੀਂ ਪਾਠਕਾਂ ਨਾਲ ਜਾਣਕਾਰੀ ਸਾਂਝੀ ਕੀਤੀ ਜਾ ਰਹੀ ਹੈ ਕਿ ਇੱਕ ਵਿਧਾਇਕ ਦੇ ਕੀ-ਕੀ ਕੰਮ, ਜ਼ਿੰਮੇਵਾਰੀਆਂ ਹੁੰਦੀਆਂ ਹਨ ਅਤੇ ਉਸ ਨੂੰ ਕੀ-ਕੀ ਸਹੂਲਤਾਂ ਮਿਲਦੀਆਂ ਹਨ ਜੋ ਹਰ ਕੋਈ ਵਿਧਾਇਕ ਬਨਣ ਨੂੰ ਫਿਰਦੈ।

**ਵਿਧਾਇਕ ਦੇ ਸੰਵਿਧਾਨਕ ਕੰਮ**

ਵਿਧਾਇਕਾਂ ਨਾਲ ਮਿਲ ਕੇ ਵਿਧਾਨ ਸਭਾ ਬਣਦੀ ਹੈ, ਵਿਧਾਨ ਸਭਾ ਦਾ ਸਭ ਤੋਂ ਮਹੱਤਵਪੂਰਨ ਕੰਮ ਕਾਨੂੰਨ ਬਣਾਉਣਾ ਹੈ। ਰਾਜ ਵਿਧਾਨ ਸਭਾ ਕੋਲ ਉਨ੍ਹਾਂ ਸਾਰੀਆਂ ਚੀਜ਼ਾਂ 'ਤੇ ਕਾਨੂੰਨ ਬਣਾਉਣ ਦੀ ਸ਼ਕਤੀ ਹੈ ਜਿਨ੍ਹਾਂ 'ਤੇ ਸੰਸਦ ਕਾਨੂੰਨ ਨਹੀਂ ਬਣਾ ਸਕਦੀ। ਇਹਨਾਂ ਵਿੱਚੋਂ ਕੁੱਝ ਪੁਲਿਸ, ਜੇਲ੍ਹਾਂ, ਸਿੰਚਾਈ, ਖੇਤੀਬਾੜੀ, ਸਥਾਨਕ ਸਰਕਾਰਾਂ, ਜਨ ਸਿਹਤ, ਤੀਰਥ ਸਥਾਨ ਅਤੇ ਦਫਨਾਉਣ ਵਾਲੇ ਸਥਾਨ ਹਨ। ਕੁੱਝ ਵਿਸ਼ੇ ਜਿਨ੍ਹਾਂ 'ਤੇ ਸੰਸਦ ਅਤੇ ਰਾਜ ਦੋਵੇਂ ਕਾਨੂੰਨ ਬਣਾ ਸਕਦੇ ਹਨ, ਉਹ ਹਨ ਸਿੱਖਿਆ, ਵਿਆਹ ਅਤੇ ਤਲਾਕ, ਜੰਗਲ ਅਤੇ ਜੰਗਲੀ ਜਾਨਵਰਾਂ ਅਤੇ ਪੰਛੀਆਂ ਦੀ ਸੁਰੱਖਿਆ।

ਰਾਜ ਵਿਧਾਨ ਸਭਾ ਕੋਲ ਕਾਨੂੰਨ ਬਣਾਉਣ ਤੋਂ ਇਲਾਵਾ ਭਾਰਤ ਦੇ ਰਾਸ਼ਟਰਪਤੀ ਦੀ ਚੋਣ ਕਰਨ ਲਈ ਇੱਕ ਚੋਣ ਸ਼ਕਤੀ ਹੈ। ਇਸ ਪ੍ਰਕਿਰਿਆ ਵਿੱਚ ਸੰਸਦ ਦੇ ਚੁਣੇ ਹੋਏ ਮੈਂਬਰਾਂ ਦੇ ਨਾਲ ਵਿਧਾਨ ਸਭਾ ਦੇ ਚੁਣੇ ਹੋਏ ਮੈਂਬਰ ਸ਼ਾਮਲ ਹੁੰਦੇ ਹਨ।

**ਵਿਧਾਇਕ ਦੀ ਜ਼ਿੰਮੇਵਾਰੀਆਂ**

ਵਿਧਾਇਕ ਨੂੰ ਆਪਣਾ ਸਮਾਂ ਆਪਣੇ ਹਲਕੇ ਅਤੇ ਵਿਧਾਨ ਸਭਾ ਦੇ ਕੰਮ ਲਈ ਵੰਡਣਾ ਹੁੰਦਾ ਹਨ। ਵਿਧਾਇਕਾਂ ਦੀਆਂ ਡਿਊਟੀਆਂ ਇਸ ਗੱਲ ਤੇ ਨਿਰਭਰ ਕਰਦੀਆਂ ਹਨ ਕਿ ਉਹ ਕੈਬਿਨਟ ਦੇ ਮੈਂਬਰ ਹਨ, ਵਿਰੋਧੀ ਧਿਰ ਦੇ ਮੈਂਬਰ ਹਨ। ਸੱਤਾਧਾਰੀ ਅਤੇ ਵਿਰੋਧੀ ਧਿਰ ਦੇ ਮੈਂਬਰ ਦੋਵੇਂ ਪਟੀਸ਼ਨਾਂ, ਮਤੇ, ਅਤੇ ਪ੍ਰਾਈਵੇਟ ਮੈਂਬਰਾਂ ਦੇ ਬਿਲ ਸਦਨ ਵਿੱਚ ਪੇਸ਼ ਕਰਦੇ ਹਨ।

ਵਿਧਾਇਕ ਆਪਣੇ ਹਲਕੇ ਦੇ ਲੋਕਾਂ ਦਾ ਨਿੱਜੀ ਸੰਪਰਕ ਰਾਹੀਂ, ਫੋਨ ਰਾਹੀਂ, ਲਿਖਤੀ ਤੌਰ ਤੇ, ਮੀਟਿੰਗਾਂ ਆਦਿ ਰਾਹੀਂ ਸੰਪਰਕ ਵਿੱਚ ਰਹਿੰਦੇ ਹਨ।

**ਵਿਧਾਇਕ ਨੂੰ ਮਿਲਣ ਵਾਲੇ ਭੱਤੇ**

ਪੰਜਾਬ ਅੰਦਰ ਇੱਕ ਵਿਧਾਇਕ ਨੂੰ ਜਨਤਾ ਦੀ ਖੂਨ ਪਸੀਨੇ ਦੀ ਕਮਾਈ ਦੇ ਭਰੇ ਹੋਏ ਟੈਕਸ ਵਿੱਚੋਂ ਪੰਜ ਸਾਲ ਵਿੱਚ ਕਰੋੜਾਂ ਦੀ ਰਾਸ਼ੀ ਨਿਮਨ ਭੱਤਿਆਂ ਦੇ ਰੂਪ ਵਿੱਚ ਮਿਲਦੀ ਹੈ। ਜਿਸ ਵਿੱਚ ਤਨਖਾਹ 50 ਹਜ਼ਾਰ ਰੁਪਏ, ਮੁਆਵਜ਼ਾ ਭੱਤਾ 5 ਹਜ਼ਾਰ ਰੁਪਏ ਪ੍ਰਤੀ ਮਹੀਨਾ, ਚੋਣ ਖੇਤਰ, ਸਕੱਤਰੇਤ 25 ਹਜ਼ਾਰ ਰੁਪਏ ਪ੍ਰਤੀ ਮਹੀਨਾ ਅਤੇ ਡਾਕ ਸਹੂਲਤਾਂ ਭੱਤਾ, ਦਫਤਰੀ ਭੱਤਾ 10 ਹਜ਼ਾਰ ਰੁਪਏ ਪ੍ਰਤੀ ਮਹੀਨਾ, ਸਹਾਇਕ ਭੱਤਾ 3 ਹਜ਼ਾਰ ਰੁਪਏ ਪ੍ਰਤੀ ਮਹੀਨਾ, ਪਾਣੀ ਅਤੇ ਬਿਜਲੀ ਭੱਤਾ ਇੱਕ ਹਜ਼ਾਰ ਰੁਪਏ ਪ੍ਰਤੀ ਮਹੀਨਾ, ਟੈਲੀਫੋਨ ਭੱਤਾ 15 ਹਜ਼ਾਰ ਰੁਪਏ ਪ੍ਰਤੀ ਮਹੀਨਾ, ਸਕੱਤਰੇਤ ਭੱਤਾ 10 ਹਜ਼ਾਰ ਰੁਪਏ ਪ੍ਰਤੀ ਮਹੀਨਾ, ਇਨਕਮ ਟੈਕਸ ਤਨਖਾਹਾਂ ਅਤੇ ਹੋਰ 'ਤੇ ਆਮਦਨ ਟੈਕਸ ਮੈਂਬਰਾਂ ਨੂੰ ਦਿੱਤੇ ਜਾਂਦੇ ਭੱਤੇ ਹਨ, (ਰਾਜ ਸਰਕਾਰ ਦੁਆਰਾ ਭੁਗਤਾਨ ਕੀਤਾ ਗਿਆ ਹੈ), ਰੋਡ ਮਾਈਲੇਜ 15/- ਰੁਪਏ ਪ੍ਰਤੀ ਕਿਲੋਮੀਟਰ (ਡਬਲਿਊ.ਈ.ਐਫ. 23.09.2011), ਰੋਜ਼ਾਨਾ ਭੱਤਾ 1500 ਰੁਪਏ ਪ੍ਰਤੀ ਦਿਨ, ਮੁਫਤ ਯਾਤਰਾ ਦੀ ਸਹੂਲਤ 3 ਲੱਖ ਰੁਪਏ ਪ੍ਰਤੀ ਸਾਲ (ਡੀਜ਼ਲ/ਪੈਟਰੋਲ/ਹਵਾ ਦੁਆਰਾ), ਰਿਹਾਇਸ਼ੀ ਸਹੂਲਤਾਂ ਵਿਧਾਇਕਾਂ ਦੇ ਫਲੈਟ ਅਤੇ ਵਿਧਾਇਕਾਂ ਦੇ ਹੋਸਟਲ ਵਿੱਚ ਕਮਰਾ ਮਹਿਜ਼ 200 ਰੁਪਏ ਪ੍ਰਤੀ ਮਹੀਨਾ, ਮੋਟਰ ਗੈਰਜ ਲਈ 50 ਰੁਪਏ ਪ੍ਰਤੀ ਮਹੀਨਾ, ਨੌਕਰ ਲਈ 50 ਰੁਪਏ ਪ੍ਰਤੀ ਮਹੀਨਾ, ਆਦਿ, ਰਾਜ ਤੋਂ ਬਾਹਰ ਕਮਰੇ ਦਾ ਕਿਰਾਇਆ ਪੰਜਾਬ ਸਰਕਾਰ ਦੇ ਪਹਿਲੇ ਦਰਜੇ ਦੇ ਅਧਿਕਾਰੀਆਂ ਬਰਾਬਰ, ਵਿਧਾਇਕ ਅਤੇ ਉਸ ਦੇ ਪਰਿਵਾਰ ਲਈ ਵੀ ਆਈ ਪੀ ਮੈਡੀਕਲ ਸਹੂਲਤਾਂ, ਮਕਾਨ ਬਣਾਉਣ ਜਾਂ ਖਰੀਦਣ ਲਈ 50 ਲੱਖ ਰੁਪਏ ਦੇ ਆਸਾਨ ਲੋਨ ਦੀ ਸਹੂਲਤ, 15 ਲੱਖ ਰੁਪਏ ਤੱਕ ਮੋਟਰ ਕਾਰ ਖਰੀਦ ਲਈ ਆਸਾਨ ਲੋਨ, ਜੇਕਰ ਵਿਧਾਇਕ ਦੀ ਮੌਤ ਹੋ ਜਾਵੇ ਤਾਂ ਪਰਿਵਾਰ ਨੂੰ ਐਕਸ ਗ੍ਰੇਸ਼ੀਆ ਰਾਸ਼ੀ, ਪੰਜ ਸਾਲ ਮੁਫਤ ਸੇਵਾ ਕਰਨ ਤੋਂ ਬਾਦ ਸਾਰੀ ਉਮਰ 25 ਹਜ਼ਾਰ ਰੁਪਏ ਮਹੀਨਾ ਪੈਨਸ਼ਨ ਅਤੇ ਭੱਤੇ, ਵਿਧਾਇਕ ਦੀ ਮੌਤ ਤੋਂ ਬਾਦ ਜੀਵਨ ਸਾਥੀ ਨੂੰ ਪੈਨਸ਼ਨ ਵਗੈਰਾ-ਵਗੈਰਾ ਸਹੂਲਤਾਂ ਮਿਲਦੀਆਂ ਹਨ। ਇਸ ਤੋਂ ਇਲਾਵਾ ਆਪਣੇ 'ਜ਼ਮੀਰ' ਨੂੰ ਵੇਚਣਾ ਵਿਧਾਇਕ ਦੀ ਆਪਣੀ ਮਰਜ਼ੀ ਤੇ ਨਿਰਭਰ ਕਰਦਾ ਹੈ।

**ਅੱਜ ਦੇ ਵਿਧਾਇਕ ਦੀ ਸਥਿੱਤੀ**

ਭਾਰਤ ਜਦੋਂ ਤੋਂ ਆਜ਼ਾਦ ਹੋਇਆ ਸੰਵਿਧਾਨ ਅਨੁਸਾਰ ਚੋਣ ਪ੍ਰਣਾਲੀ ਸ਼ੁਰੂ ਹੋ ਗਈ। ਇੱਕ ਸਧਾਰਨ ਵਿਅਕਤੀ ਚੋਣ ਲੜਣ ਲਈ ਆਪਣੇ ਦੋਸਤਾਂ, ਰਿਸ਼ਤੇਦਾਰਾਂ ਅਤੇ ਪਾਰਟੀ ਵਰਕਰਾਂ ਦੀ ਮੱਦਦ ਨਾਲ ਘਰ-ਘਰ ਜਾਂਦਾ ਹੈ ਹਰ ਵਿਅਕਤੀ ਨੂੰ ਮਿਲਦਾ ਹੈ ਪਰੰਤੂ ਚੋਣ ਜਿੱਤਣ ਤੋਂ ਫੌਰਨ ਬਾਅਦ ਉਹ ਵਿਅਕਤੀ ਆਮ ਤੋਂ ਖਾਸ ਬਣ ਜਾਂਦਾ ਹੈ। ਤਾੜ-ਤਾੜ ਆ ਰਹੀਆਂ ਵਧਾਈਆਂ, ਵਿਧਾਇਕ ਦੀ ਕੁਰਸੀ, ਸੁਰੱਖਿਆ ਲਈ ਪੁਲਿਸ ਮੁਲਾਜ਼ਮ, ਸਿਵਲ ਮੁਲਾਜ਼ਮਾਂ ਦੇ ਸੈਲਿਊਟ ਦੇਖ ਉਹ ਆਪਣਾ ਆਪਾ ਖੋ ਲੈਂਦਾ ਹੈ, ਉਸ ਨੂੰ ਆਪਣੇ ਰਿਸ਼ਤੇਦਾਰ, ਦੋਸਤ ਅਤੇ ਪਾਰਟੀ ਵਰਕਰ ਜ਼ਹਿਰ ਦਿਖਾਈ ਦੇਣ ਲੱਗਦੇ ਨੇ, ਸਿਰਫ ਚਾਪਲੂਸ ਹੀ ਉਸ ਨੂੰ ਚੰਗੇ ਲੱਗਦੇ ਨੇ। ਕਈ ਮਹੀਨੇ ਤਾਂ ਉਸ ਨੂੰ ਇਹ ਵੀ ਯਾਦ ਨਹੀਂ ਰਹਿੰਦਾ ਕਿ ਮੇਰੀਆਂ ਸਮਾਜ ਅਤੇ ਇਲਾਕੇ ਪ੍ਰਤੀ ਜ਼ਿੰਮੇਵਾਰੀਆਂ ਵੀ ਹਨ ਜੋ ਵਿਧਾਇਕ ਬਣਨ ਨਾਲ ਬਹੁਤ ਵਧ ਗਈਆਂ ਹਨ। ਮਹੀਨੇ ਦੇ ਕੁੱਝ ਦਿਨ ਚੰਡੀਗੜ੍ਹ ਅਤੇ ਹੋਰ ਪਾਰਟੀ ਪ੍ਰੋਗਰਾਮਾਂ 'ਚ ਗੁਜ਼ਰ ਜਾਂਦੇ ਹਨ ਅਤੇ ਬਾਕੀ ਸਵੇਰ ਤੋਂ ਦੇਰ ਰਾਤ ਤੱਕ ਦਾਅਵਤਾਂ, ਵਿਆਹ-ਸ਼ਾਦੀਆਂ, 4-4 ਫੁੱਟ ਦੇ ਗਲੀ-ਮੁਹੱਲਿਆਂ ਦੇ ਫਰਸ਼ਾਂ, ਚਬੂਤਰਿਆਂ, ਚੌਂਕਾਂ ਦੇ ਉਦਘਾਟਨ, ਸਮਾਗਮ, ਸਕੂਲਾਂ 'ਚ ਮਾਮੂਲੀ ਗਰਾਂਟ ਦੇਣ ਲਈ 6-6 ਗੱਡੀਆਂ ਦੇ ਕਾਫਲੇ, ਸਨਮਾਨ ਸਮਾਰੋਹ ਉਸਦੇ ਮਨ ਨੂੰ ਭਾਉਂਦੇ ਹਨ ਅਤੇ ਵਿਧਾਇਕ ਨਵਾਬਾਂ ਵਾਲੀ ਫੀਲਿੰਗ ਲੈਣ ਲੱਗ ਪੈਂਦੇ ਹਨ। ਦੇਖਦੇ ਹੀ ਦੇਖਦੇ ਪੰਜ ਸਾਲ ਬੀਤ ਜਾਂਦੇ ਹਨ ਅਤੇ ਅਗਲੀ ਵਾਰ ਜਨਤਾ ਉਸ ਨੂੰ 'ਬਾਬਾ ਜੀ ਠੁੱਲੂ' ਦਿਖਾ ਦਿੰਦੀ ਹੈ ਅਤੇ ਅਗਲਾ ਵਿਧਾਇਕ ਦੂਜੇ ਰੰਗ ਦੇ ਕੱਪੜੇ ਪਾ ਕੇ ਆ ਜਾਂਦੈ।

**ਆਦਰਸ਼ ਵਿਧਾਇਕ ਕਿਹੋ ਜਿਹਾ ਹੋਵੇ ?**

ਮੇਰੇ ਨਜ਼ਰੀਏ ਮੁਤਾਬਿਕ ਇੱਕ ਆਦਰਸ਼ ਵਿਧਾਇਕ ਬਨਣ ਲਈ ਵਿਧਾਇਕ ਵੱਲੋਂ ਚੋਣ ਜਿੱਤਣ ਤੋਂ ਫੌਰਨ ਬਾਦ ਇੱਕ ਪੱਕਾ ਦਫਤਰ ਖੋਲਿਆ ਜਾਵੇ ਜਿੱਥੇ 24 ਘੰਟੇ ਕੰਪਿਊਟਰ, ਇੰਟਰਨੈਟ, ਫੋਨ, ਸਹਾਇਕ ਦੀ ਸੁਵਿਧਾ ਮੌਜੂਦ ਹੋਵੇ, ਹਲਕੇ ਦੇ ਲੋਕਾਂ ਦੀਆਂ ਸਮੱਸਿਆਵਾਂ ਫੋਨ ਰਾਹੀਂ, ਲਿਖਤੀ ਅਤੇ ਨਿੱਜੀ ਤੌਰ ਤੇ ਦਰਜ ਕੀਤੀਆਂ ਜਾਣ। ਪਾਰਟੀ ਵਰਕਰਾਂ ਅਤੇ ਇਲਾਕੇ ਦੇ ਸੂਝਵਾਨ ਲੋਕਾਂ ਦੀਆਂ ਵੱਖ-ਵੱਖ ਖੇਤਰਾਂ 'ਚ ਕੰਮ ਕਰਨ ਲਈ ਕਮੇਟੀਆਂ ਗਠਿਤ ਕਰ ਦਿੱਤੀਆਂ ਜਾਣ ਕਿਉਂਕਿ ਵਿਧਾਇਕ ਇਕੱਲਾ ਹਲਕੇ ਦੀਆਂ ਜ਼ਿੰਮੇਵਾਰੀਆਂ ਨਹੀਂ ਨਿਭਾ ਸਕਦਾ ਬਲਕਿ ਇਹ ਟੀਮਵਰਕ ਨਾਲ ਹੀ ਸੰਭਵ ਹੈ। ਵਿਧਾਇਕ ਵਿਧਾਨ ਸਭਾ 'ਚ ਮੁਕੰਮਲ ਹਾਜ਼ਰੀ ਭਰੇ, ਇਲਾਕੇ ਦੇ ਮੁੱਦੇ ਸ਼ੈਸਨ ਦੌਰਾਨ ਵਿਧਾਨ ਸਭਾ 'ਚ ਚੁੱਕੇ ਅਤੇ ਬਾਕੀ ਸਮੇਂ ਵੀ ਲਿਖਤੀ ਰੂਪ ਵਿੱਚ ਮੁੱਖ ਮੰਤਰੀ ਅਤੇ ਸਬੰਧਤ ਵਿਭਾਗਾਂ ਤੱਕ ਪਹੁੰਚਾਵੇ। ਜੇਕਰ ਸਰਕਾਰ ਲੋਕ ਹਿੱਤਾਂ ਦੇ ਵਿਰੁੱਧ ਕੋਈ ਫੈਸਲਾ ਲੈਂਦੀ ਹੈ ਤਾਂ ਉਸ ਦੀ ਆਲੋਚਨਾ ਵੀ ਕਰੇ। ਹਰ ਹਫਤੇ ਪਾਰਟੀ ਵਰਕਰਾਂ ਦੀ ਮੀਟਿੰਗ ਲੈ ਕੇ ਉਨਾਂ ਤੋਂ ਹਲਕੇ ਦੀ ਜਮੀਨੀ ਜਾਣਕਾਰੀ ਹਾਸਲ ਕਰੇ।

ਸਿੱਖਿਆ ਵਿਭਾਗ ਦੇ ਮਾਹਿਰਾਂ ਦੀ ਕਮੇਟੀ ਬਣਾਈ ਜਾਵੇ ਕਿ ਸਾਰੇ ਸਕੂਲਾਂ, ਕਾਲਜਾਂ ਸਮੇਤ ਵਿੱਦਿਅਕ ਅਦਾਰਿਆਂ ਨੂੰ ਪੇਸ਼ ਆਉਣ ਵਾਲੀਆਂ ਸਮੱਸਿਆਵਾਂ ਨੂੰ ਲਿਖਤੀ ਰੂਪ 'ਚ ਇਕੱਤਰ ਕੀਤਾ ਜਾਵੇ ਜਿਵੇਂ, ਅਧਿਆਪਕਾਂ ਦੀ ਘਾਟ, ਫਰਨੀਚਰ, ਬਿਲਡਿੰਗ ਦੀ ਘਾਟ ਆਦਿ। ਹਰ ਹਫਤੇ ਵਿਧਾਇਕ ਕਮੇਟੀ ਨਾਲ ਮੀਟਿੰਗ ਕਰਕੇ ਇਕੱਤਰ ਸਮੱਸਿਆਵਾਂ ਦੇ ਹੱਲ ਕਰਵਾਏ ਤਾਂ ਜੋ ਇਲਾਕੇ ਅੰਦਰ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਿਆ ਜਾ ਸਕੇ।

ਇਲਾਕੇ ਦੀਆਂ ਸਿਹਤ ਸਹੂਲਤਾਂ ਵਿੱਚ ਸੁਧਾਰ ਲਿਆਉਣ ਲਈ ਮੈਡੀਕਲ ਫੀਲਡ ਦੇ ਮਾਹਿਰਾਂ ਦੀ ਕਮੇਟੀ ਬਣਾਈ ਜਾਵੇ ਜੋ ਹਲਕੇ ਅੰਦਰ ਪੈਂਦੇ ਸਰਕਾਰੀ ਹਸਪਤਾਲਾਂ, ਡਿਸਪੈਂਸਰੀਆਂ ਬਾਰੇ ਜਾਣਕਾਰੀ ਹਾਸਲ ਕਰਨ ਕਿ ਲੋਕਾਂ ਦੀ ਸਿਹਤ ਨਾਲ ਖਿਲਵਾੜ ਤਾਂ ਨਹੀਂ ਹੋ ਰਿਹਾ। ਸਰਕਾਰੀ ਸਿਹਤ ਕੇਂਦਰਾਂ ਵਿੱਚ ਆ ਰਹੀਆਂ ਸਮੱਸਿਆਵਾਂ ਜਿਵੇਂ ਡਾਕਟਰਾਂ ਦੀ ਘਾਟ, ਦਵਾਈਆਂ ਦੀ ਘਾਟ, ਬਿਲਡਿੰਗ ਦੀ ਘਾਟ, ਐਂਬੂਲੈਂਸ ਜਾਂ ਲੈਬਾਰਟਰੀ ਉਪਕਰਨਾਂ ਦੀ ਘਾਟ ਵਗੈਰਾ। ਇਸ ਤੋਂ ਇਲਾਵਾ ਪ੍ਰਾਈਵੇਟ ਹਸਪਤਾਲਾਂ ਲੈਬਾਰਟਰੀਆਂ, ਸਕੈਨ ਸੈਂਟਰਾਂ ਦਾ ਵੀ ਨਿਰੀਖਣ ਕੀਤਾ ਜਾਵੇ ਕਿ ਇਲਾਕੇ ਦੀ ਜਨਤਾ ਦੀ ਲੁੱਟ-ਖਸੁੱਟ ਤਾਂ ਨਹੀਂ ਹੋ ਰਹੀ। ਹਰ ਹਫਤੇ ਵਿਧਾਇਕ ਕਮੇਟੀ ਨਾਲ ਮੀਟਿੰਗ ਕਰਕੇ ਇਕੱਤਰ ਕੀਤੀਆਂ ਸਮੱਸਿਆਵਾਂ ਦੇ ਹੱਲ ਲਈ ਯਤਨ ਕਰੇ।

ਹਲਕੇ ਦੇ ਪਿੰਡਾਂ ਅਤੇ ਸ਼ਹਿਰਾਂ ਅੰਦਰ ਚੱਲ ਰਹੇ ਵਿਕਾਸ ਕਾਰਜਾਂ ਦਾ ਧਿਆਨ ਰੱਖਣ ਲਈ ਵੀ ਮਾਹਿਰਾਂ ਦੀ ਕਮੇਟੀ ਬਣਾਈ ਜਾਵੇ ਜੋ ਠੇਕੇਦਾਰਾਂ ਦੇ ਚੱਲ ਰਹੇ ਕੰਮਾਂ ਦੇ ਮਟੀਰੀਅਲ ਦੀ ਗੁਣਵੱਤਾ ਦੀ ਜਾਂਚ ਕਰਦੀ ਰਹੇ ਅਤੇ ਬਾਕੀ ਕੰਮਾਂ ਸਬੰਧੀ ਵੀ ਸਮੇਂ ਸਮੇਂ ਤੇ ਵਿਧਾਇਕ ਨੂੰ ਜਾਣਕਾਰੀ ਦਿੰਦੀ ਰਹੇ।

ਰੋਜਗਾਰ ਕਿਸੇ ਵੀ ਸਮਾਜ ਦੀ ਰੀੜ੍ਹ ਹੁੰਦਾ ਹੈ। ਵਿਧਾਇਕ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਆਪਣੇ ਇਲਾਕੇ ਅੰਦਰ ਚੱਲ ਰਹੇ ਵੱਖ-ਵੱਖ ਕਿਸਮ ਦੇ ਉਦਯੋਗ, ਫੈਕਟਰੀਆਂ, ਕਾਰਖਾਨੇ, ਦੁਕਾਨਾਂ, ਖੇਤੀਬਾੜੀ, ਸਬਜ਼ੀ ਮੰਡੀ, ਕਿਸਾਨ, ਮਜ਼ਦੂਰ, ਰੀਅਲ ਅਸਟੇਟ ਵਗੈਰਾ ਦੇ ਕਾਰੋਬਾਰ 'ਚ ਜੁੜੇ ਲੋਕਾਂ ਨੂੰ ਆ ਰਹੀਆਂ ਸਮੱਸਿਆਵਾਂ ਨੂੰ ਜਾਨਣ ਲਈ ਵੀ ਵਿਸ਼ੇਸ਼ ਕਮੇਟੀ ਗਠਿਤ ਕੀਤੀ ਜਾਵੇ ਜੋ ਸਮਾਜ ਦੇ ਹਰ ਵਰਗ ਨੂੰ ਜਮੀਨੀ ਪੱਧਰ ਤੇ ਮਿਲ ਕੇ ਆ ਰਹੀਆਂ ਸਮੱਸਿਆਵਾਂ ਇਕੱਤਰ ਕਰੇ ਅਤੇ ਵਿਧਾਇਕ ਤੱਕ ਪਹੁੰਚਾਵੇ।

ਸਰਕਾਰੀ ਮੁਲਾਜ਼ਮਾਂ, ਬੋਰਡਾਂ ਅਤੇ ਕਾਰਪੋਰੇਸ਼ਨਾਂ 'ਚ ਕੰਮ ਕਰਦੇ ਮੁਲਾਜ਼ਮਾਂ ਅਤੇ ਦਫਤਰਾਂ 'ਚ ਭ੍ਰਿਸ਼ਟਾਚਾਰ ਖਤਮ ਕਰਨ ਅਤੇ ਮੁਲਾਜ਼ਮਾਂ ਨੂੰ ਆ ਰਹੀਆਂ ਸਮੱਸਿਆਵਾਂ ਨੂੰ ਜਾਨਣ ਲਈ ਅਲੱਗ ਕਮੇਟੀ ਦਾ ਗਠਨ ਕੀਤਾ ਜਾਵੇ ਜੋ ਹਲਕੇ ਦੇ ਹਰ ਦਫਤਰ 'ਚ ਲੋਕਾਂ ਨੂੰ ਆ ਰਹੀਆਂ ਸਮੱਸਿਆਵਾਂ ਸਬੰਧੀ ਜਾਣਕਾਰੀ ਇਕੱਤਰ ਕਰਕੇ ਵਿਧਾਇਕ ਨਾਲ ਸਾਂਝੀ ਕਰੇ।

ਜ਼ਿਕਰਯੋਗ ਹੈ ਕਿ ਵਿਧਾਇਕ ਜਦੋਂ ਜਨਤਾ ਦੇ ਸਰਕਾਰ ਨੂੰ ਦਿੱਤੇ ਟੈਕਸ ਦੇ ਪੈਸੇ ਵਿੱਚੋਂ ਕਰੋੜਾਂ ਰੁਪਏ ਤਨਖਾਹ ਅਤੇ ਭੱਤਿਆਂ ਦੇ ਰੂਪ ਵਿੱਚ ਲੈਂਦਾ ਹੈ ਤਾਂ ਉਸ ਨੂੰ ਆਪਣੀ ਜ਼ਿੰਮੇਵਾਰੀ ਵੀ ਇਮਾਨਦਾਰੀ ਨਾਲ ਨਿਭਾਉਣੀ ਚਾਹੀਦੀ ਹੈ, ਜੇਕਰ ਉਹ ਅਜਿਹਾ ਨਹੀਂ ਕਰਦਾ ਤਾਂ ਉਸਦੀ ਹਾਸਲ ਕੀਤੀ ਹੋਈ ਸਾਰੀ ਕਮਾਈ ਹਰਾਮ ਹੋ ਜਾਵੇਗੀ ਕਿਉਂਕਿ ਜਿਸ ਕੰਮ ਦੀ ਅਸੀਂ ਉਜਰਤ ਲਈ ਹੈ ਅਤੇ ਕੰਮ ਨਹੀਂ ਕੀਤਾ ਤਾਂ ਕਮਾਈ ਜਾਇਜ਼ ਨਹੀਂ ਹੋਵੇਗੀ। ਇਹ ਮੇਰੀ ਨਿੱਜੀ ਰਾਇ ਹੈ, ਹੋ ਸਕਦਾ ਹੈ ਕਿ ਕੁੱਝ ਲੋਕ ਇਸ ਨਾਲ ਸਹਿਮਤ ਨਾ ਵੀ ਹੋਣ।

**ਮੁਹੰਮਦ ਜਮੀਲ ਐਡਵੋਕੇਟ**
**ਗਰੀਨ ਟਾਊਨ, ਕਿਲ੍ਹਾ ਰਹਿਮਤਗੜ੍ਹ**
**ਮਲੇਰਕੋਟਲਾ-148023**
**ਸੰਪਰਕ: 9417969547**

# ਬਦਲੀ ਨਿਯਮ ਕੁਦਰਤ ਦਾ

**ਡਾ. ਰਾਜਵੰਤ ਕੌਰ ਪ੍ਰੀਤ ਮਾਨ**



ਮੌਸਮ ਬਦਲਦੇ, ਰੁੱਤਾਂ ਮੌਲਦੀਆਂ, ਬਨਸਪਤੀ ਖਿੜਦੀ, ਫੁੱਲ-ਕਲੀਆਂ ਮੁਸਕਰਾਉਂਦੇ ਤੇ ਮਹਿਕਾਂ ਖਲੇਰਦੇ ਨੇ। ਕਦੇ ਅੰਤਾਂ ਦੀ ਠੰਢ, ਕਦੇ ਅੰਤਾਂ ਦੀ ਗਰਮੀ। ਇਸ ਵਿਸ਼ਾਲ ਬ੍ਰਹਿਮੰਡ ਵਿਚ ਮੌਸਮਾਂ ਦੀ ਸਥਿਤੀ ਵੱਖ-ਵੱਖ ਹੋਣ ਕਰ ਕੇ ਰਹਿਣ-ਸਹਿਣ ਦੇ ਢੰਗ ਵੀ ਬਦਲਦੇ ਹਨ। ਸੁੰਗੜਨਾ, ਮੁਰਝਾਉਣਾ, ਰੁੱਖਾਂ ਦਾ ਰੁੰਡ-ਮਰੁੰਡ ਹੋ ਜਾਣਾ, ਸੀਤ ਹਵਾਵਾਂ, ਬਰਫਾਂ ਦੀਆਂ ਫੁਹਾਰਾਂ ਸਭ ਕੁੱਝ ਕੁਦਰਤੀ ਵਰਤਾਰੇ ਹਨ। ਪਰ ਜੀਵਨ ਨੂੰ ਸੁੰਗੜਨ ਜਾਂ ਮੁਰਝਾਉਣ ਨਾ ਦੇਈਏ, ਜੀਵਨ ਤਾਂ ਫੈਲਣ ਤੇ ਮਹਿਕਣ ਲਈ ਹੈ। ਜਦ ਕਾਇਨਾਤ ਮਹਿਕਦੀ ਹੈ, ਖ਼ੁਸ਼ਬੋਈ ਫੈਲਦੀ ਹੈ ਤਾਂ ਮੁਰਝਾਏ ਚਿਹਰੇ ਵੀ ਖਿੜ ਪੈਂਦੇ ਹਨ। ਜੀਵਨ ਤੇ ਕੁਦਰਤ ਦਾ ਰਿਸ਼ਤਾ ਅਟੁੱਟ ਹੈ।

ਹਰ ਜੀਵਨ ਕੀਮਤੀ ਹੈ। ਪਹਿਲਾਂ ਆਪਣੇ ਜੀਵਨ ਨੂੰ ਪਿਆਰ ਕਰੀਏ। ਆਪਣੇ ਆਪ ਨੂੰ ਪਿਆਰ ਕਰਨਾ ਖ਼ੁਦਗ਼ਰਜ਼ੀ ਨਹੀਂ ਹੈ। ਜੇ ਆਪਣੀ ਜਿਸਮਾਨੀ ਤੇ ਮਾਨਸਿਕ ਸਿਹਤ ਕਾਇਮ ਰੱਖਾਂਗੇ, ਜੇ ਆਪ ਹਮੇਸ਼ਾ ਚੜ੍ਹਦੀ ਕਲਾ ਵਿਚ ਰਹਾਂਗੇ, ਤਾਂ ਹੀ ਹੋਰਾਂ ਨਾਲ ਪਿਆਰ, ਹਮਦਰਦੀ ਤੇ ਭਾਈਚਾਰਕ ਸਾਂਝ ਕਾਇਮ ਰੱਖ ਸਕਾਂਗੇ। ਆਪਣੇ ਆਪ ਨੂੰ ਪਿਆਰ ਕਰਨ ਦਾ ਮਤਲਬ ਹੈ ਆਪਣੇ ਆਪ ਨਾਲ ਜੁੜਨਾ, ਆਪਣੀਆਂ ਕਮੀਆਂ ਤੇ ਗੁਣਾਂ ਦੇ ਰੂ-ਬ-ਰੂ ਹੋਣਾ। ਬਾਹਰੀ ਬਦਲਾਓ ਕੇਵਲ ਮਖੌਟਾ ਹੁੰਦਾ ਹੈ। ਪਹਿਲਾਂ ਅੰਦਰੋਂ ਬਾਹਰੋਂ ਇੱਕ ਹੋ ਕੇ ਸੱਚ ਦੇ ਧਾਰਨੀ ਹੋ ਕੇ ਵਿਚਰੀਏ ਤਾਂ ਹੀ ਕਿਸੇ ਲੋੜਵੰਦ ਦੀ ਸਹਾਇਤਾ ਕਰ ਸਕਾਂਗੇ। ਸਮੇਂ ਦੀਆਂ ਬਦਲ ਰਹੀਆਂ ਪ੍ਰਸਥਿਤੀਆਂ ਦਾ ਸਾਹਮਣਾ ਕਰ ਕੇ ਜੀਵਨ ਨੂੰ ਸਾਰਥਕ ਬਣਾ ਸਕਾਂਗੇ।

ਵਰਤਮਾਨ ਸਮੇਂ ਵਿਚ ਮਨੁੱਖ ਪੂੰਜੀ-ਪਸਾਰ ਦੀਆਂ ਬਦਲ ਰਹੀਆਂ ਕਦਰਾਂ-ਕੀਮਤਾਂ, ਸਭਿਆਚਾਰਕ ਤੇ ਸਮਾਜਿਕ ਪ੍ਰਸਥਿਤੀਆਂ ਸਾਹਮਣੇ ਘਬਰਾਇਆ ਹੋਇਆ ਹੈ। ਸਮੇ ਦੀ ਤੇਜ਼ ਰਫ਼ਤਾਰ ਨਾਲ ਤੇ ਜੀਵਨ ਦੀਆਂ ਵਧ ਰਹੀਆਂ ਲੋੜਾਂ ਦੀ ਪੂਰਤੀ ਲਈ ਸਿਰ ਤੋੜ ਯਤਨ ਕਰਦਾ ਮਾਨਸਿਕ ਪ੍ਰੇਸ਼ਾਨੀਆਂ ਦਾ ਸ਼ਿਕਾਰ ਹੋ ਰਿਹਾ ਹੈ। ਸਮੇ ਦੇ ਬਦਲਣ ਨਾਲ ਨਵੀਆਂ ਸੋਚਾਂ, ਨਵੇਂ ਦਿਸ-ਹੱਦੇ ਨਿੱਤ ਨਿੱਤ ਬਦਲਦੇ ਹਨ। ਪਰ ਆਪਣੇ ਨਿੱਗਰ, ਨਿੱਜੀ ਤੇ ਉਸਾਰੂ ਵਿਚਾਰਾਂ ਦੀ ਸੇਧ ਵਿਚ ਆਪਣੀ ਪਛਾਣ ਆਪ ਬਣ ਕੇ, ਆਪਣੇ ਮਨ ਦੀ ਖ਼ੂਬਸੂਰਤੀ ਤੇ ਵਿਸ਼ਾਲਤਾ ਨੂੰ ਕਾਇਮ ਰੱਖ ਕੇ, ਆਪਣੇ ਵਰਤਮਾਨ ਤੇ ਭਵਿੱਖ ਨੂੰ ਸਥਿਰ ਤੇ ਮਜ਼ਬੂਤ ਬਣਾ ਕੇ ਸਮੇ ਦੀਆਂ ਦੁਸ਼ਵਾਰੀਆਂ ਤੇ ਨਵੀਆਂ ਚੁਣੌਤੀਆਂ ਦਾ ਸਾਹਮਣਾ ਕਰ ਕੇ ਹੀ ਜੀਵਨ ਸਾਰਥਕ ਬਣਾਇਆ ਜਾ ਸਕਦਾ ਹੈ। ਤਾਂ ਹੀ ਮਾਨਵਤਾ ਦੇ ਭਲੇ ਦੇ ਕੰਮ ਕਰਨ ਲਈ ਹੌਸਲਾ, ਪੱਕਾ ਇਰਾਦਾ ਕਾਇਮ ਹੋ ਸਕਦਾ ਹੈ।

ਜੀਵਨ ਵਿਚ ਪ੍ਰਸਪਰ ਪਿਆਰ ਤੇ ਸਤਿਕਾਰ ਦੇ ਰਿਸ਼ਤੇ ਕਾਇਮ ਕਰਨ ਨਾਲ ਹੁਲਾਰਾ ਮਿਲਦਾ ਹੈ। ਰਿਸ਼ਤੇ ਜਿੰਨੇ ਨਿੱਗਰ, ਸਾਰਥਕ ਤੇ ਖ਼ੂਬਸੂਰਤ ਹੋਣਗੇ, ਸਮਾਜ ਓਨਾ ਹੀ ਭਾਈਚਾਰਕ ਸਾਂਝਾਂ ਦਾ ਰਖਵਾਲਾ ਬਣੇਗਾ। ਚੰਗਾ ਸਮਾਜ ਉਸਾਰਨਾ ਸਾਡੀ ਜ਼ਿੰਮੇਵਾਰੀ ਹੀ। ਪਿਆਰ ਦਾ ਰਿਸ਼ਤਾ ਇਕ ਆਦਰਸ਼ਕ ਰਿਸ਼ਤਾ ਹੈ। ਪਿਆਰ ਹਰ ਰਿਸ਼ਤੇ ਦੀ ਸਾਰਥਿਕਤਾ ਦੀ ਮੂਲ ਚੂਲ਼ ਹੈ। ਗੁਰਬਾਣੀ ਵੀ ਸਾਨੂੰ ਸਭ ਨਾਲ ਪਿਆਰ ਕਰਨਾ, ਸਰਬੱਤ ਦੇ ਭਲੇ ਦੀ ਕਾਮਨਾ ਕਰਨਾ ਤੇ ਕੁਦਰਤ ਦੇ ਅੰਗ ਸਮਝ ਕੇ ਕੁਦਰਤ ਨੂੰ ਪਿਆਰ ਕਰਨਾ ਸਿਖਾਉਂਦੀ ਹੈ- ਪਵਨੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ। ਦਿਵਸੁ ਰਾਤਿ ਦੋਇ ਦਾਈ ਦਾਇਆ ਖੇਲੈ ਸਗਲ ਜਗਤਿ।

ਇਹ ਬ੍ਰਹਿਮੰਡ ਉਸ ਅਦਿੱਖ ਸ਼ਕਤੀ ਦੀ ਕਰਾਮਾਤ ਹੈ ਜਿਸ ਅੰਦਰ ਕਿੰਨਾ ਸੁਮੇਲ ਹੈ। ਜਦੋਂ ਇਸ ਅਦਿੱਖ ਸ਼ਕਤੀ ਦੀ ਸਮਝ ਆ ਜਾਵੇ ਤਾਂ ਆਪਣੇ ਕਰਮ ਨੂੰ ਪੂਜਾ ਤੁਲ ਸਮਝਣ ਤੇ ਉਸ ਵਿਚ ਲੀਨ ਹੋ ਜਾਣ ਨਾਲ ਆਨੰਦ ਪ੍ਰਾਪਤ ਹੁੰਦਾ ਹੈ। ਮਨ ਨੂੰ ਆਪਣੇ ਗਿਆਨ ਤੇ ਦਿਮਾਗ਼ੀ ਸ਼ਕਤੀ ਦੇ ਜ਼ੋਰ ਨਾਲ ਕਾਬੂ ਰੱਖਿਆ ਜਾ ਸਕਦਾ ਹੈ। ਮਨ ਦੀਆਂ ਤੜਾਵਾਂ ਉਸਾਰੂ ਸੋਚ ਦੇ ਚਾਨਣ ਵੱਲ ਖਿੱਚ ਕੇ ਰੱਖਣ ਨਾਲ, ਹਰ ਕਦਮ ਚਾਨਣ ਵੱਲ ਪੁੱਟਣ ਦੇ ਕਾਬਲ ਹੋ ਸਕਦੇ ਹਾਂ। ਮਨ ਹੀ ਹੈ, ਜੇ ਕਾਬੂ ਵਿਚ ਨਾ ਰੱਖਿਆ ਜਾਵੇ ਤਾਂ ਸਾਨੂੰ ਘੁੰਮਣਘੇਰੀਆਂ ਵਿਚ ਫਸਾ ਸਕਦਾ ਹੈ, ਅਸੀਂ ਜੀਵਨ ਦੇ ਚਾਨਣ ਵੱਲ ਕਦਮ ਪੁੱਟਣ ਤੋਂ ਝਿਜਕਾਂਗੇ। ਆਪਣੇ ਆਪੇ ਨਾਲ ਪੂਰੀ ਤਰ੍ਹਾਂ ਜੁੜਨ ਲਈ ਮਨ ਵਿਚ ਲਗਨ ਪੈਦਾ ਹੋਣੀ ਜ਼ਰੂਰੀ ਹੈ।

ਮਨ ਬਾਰੇ ਵਧੇਰੇ ਖੋਜ ਪਹਿਲਾਂ ਭਾਰਤ ਵਿਚ ਕੀਤੀ ਗਈ। ਉਪਨਿਸ਼ਦਾਂ ਵਿਚ ਮਨ ਦੀ ਵਿਆਖਿਆ ਕੀਤੀ ਗਈ ਹੈ ਕਿ ਮਨ ਹੀ ਸਾਰੀਆਂ ਕ੍ਰਿਆਵਾਂ ਦਾ ਮੂਲ ਹੈ। ਗੁਰਮਤਿ ਵਿਚ ਮਨ ਬਾਰੇ ਬਹੁਤ ਪਰਬੀਨਤਾ ਨਾਲ ਦੱਸਿਆ ਗਿਆ ਹੈ, ਉਦਾਹਰਣ ਵਜੋਂ - ਮਨੁ ਦਾਤਾ ਮਨੁ ਮੰਗਤਾ ਮਨ ਸਿਰਿ ਗੁਰੁ ਕਰਤਾਰ। ਯਾਨੀ ਮਨੁੱਖ ਦਾ ਆਪਣਾ ਮਨ ਹੀ ਗੁਰੂ ਤੇ ਕਰਤਾਰੀ ਸ਼ਕਤੀ ਹੈ। ਕਿਸੇ ਵੀ ਬੰਦੇ ਦਾ ਵਿਹਾਰ ਉਸ ਦੇ ਆਪਣੇ ਹੀ ਮਨ ਦਾ ਪ੍ਰਗਟਾਵਾ ਹੁੰਦਾ ਹੈ। ਮਨ ਜਦੋਂ ਗਿਆਨ ਤੇ ਦਿਮਾਗ਼ੀ ਸ਼ਕਤੀ ਨਾਲ ਪੂਰਨ ਕਾਬੂ ਵਿਚ ਹੋ ਜਾਵੇ ਤਾਂ ਮਨ ਦੇ ਅਨੁਭਵ ਵਿਚ ਸਾਰਾ ਬ੍ਰਹਿਮੰਡੀ ਗਿਆਨ ਆ ਜਾਂਦਾ ਹੈ। ਜੇ ਮਨ ਪੰਜੇ ਗਿਆਨ ਇੰਦਰੀਆਂ ਅਤੇ ਪੰਜ ਕਰਮ ਇੰਦਰੀਆਂ ਨੂੰ ਕਾਬੂ ਵਿਚ ਰੱਖ ਕੇ ਸੁਚੱਜੀ ਵਰਤੋਂ ਕਰਦਾ ਹੈ ਤਾਂ ਉਸ ਮਨੁੱਖ ਦਾ ਆਤਮਿਕ ਤੇ ਅਨੁਭਵੀ ਗਿਆਨ ਕਾਇਮ ਹੋ ਜਾਂਦਾ ਹੈ। ਡਾ. ਅੰਬੇਦਕਰ ਨੇ ਵੀ ਕਿਹਾ ਹੈ ਕਿ ਮਨੁੱਖੀ ਹੋਂਦ ਦਾ ਅੰਤਿਮ ਨਿਸ਼ਾਨਾ ਮਨ ਦੀ ਸਾਧਨਾ ਹੈ। ਗੁਰਬਾਣੀ ਅਨੁਸਾਰ - **ਮਨ ਸਾਧੇ ਸਿਧਿ ਹੋਇ।** (ਅੰਗ 342)। ਇਸ ਗਿਆਨ ਨਾਲ ਮਨੁੱਖ ਆਪਣੀ ਬੁੱਧੀ, ਸਿਹਤ, ਸ਼ਕਤੀ ਤੇ ਖ਼ੁਸ਼ੀ ਪ੍ਰਾਪਤ ਕਰ ਸਕਦਾ ਹੈ।

**'ਮਨ ਤੂੰ ਜੋਤਿ ਸਰੂਪ ਹੈ ਆਪਣਾ ਮੂਲ ਪਛਾਣ'** (ਗੁਰਬਾਣੀ)। ਗਿਆਨ ਦੇ ਵਿਕਾਸ ਨਾਲ ਮਨ ਦੀ ਸ਼ਕਤੀ ਵਧਦੀ ਹੈ। ਸਾਡੇ ਲਈ ਆਪਣੀ ਸੋਚ-ਵਿਚਾਰ, ਗਿਆਨ ਤੇ ਮਨ ਉੱਤੇ ਭਰੋਸਾ ਕਾਇਮ ਕਰਨਾ ਜ਼ਰੂਰੀ ਹੈ। ਕੋਈ ਵੀ ਕੰਮ, ਕੋਈ ਵੀ ਮੰਜ਼ਿਲ ਅਪਹੁੰਚ ਨਹੀਂ। ਤਾਂ ਹੀ ਤਾਂ ਕਹਾਵਤ ਹੈ ਕਿ ਸਿਦਕ ਵਾਲਿਆਂ ਦੇ ਬੇੜੇ ਪਾਰ ਹੁੰਦੇ ਹਨ। ਜਦ ਹਿਰਦਾ, ਮਨ ਤੇ ਦਿਮਾਗ਼ ਇੱਕ ਹੋ ਕੇ ਸੋਚਦੇ ਹਨ ਤਾਂ ਵਿਸ਼ਵਾਸ ਤੇ ਧਿਆਨ ਨਾਲ ਕਰਮ ਕਰ ਕੇ ਪ੍ਰਾਪਤੀ ਨਿਸ਼ਚਿਤ ਹੈ।

ਅਸੀਂ ਕੁਦਰਤ ਦਾ ਹਿੱਸਾ ਹਾਂ। ਸਮੇ ਅਨੁਸਾਰ ਮੌਸਮ ਦੀ ਤਬਦੀਲੀ ਸਰੀਰ ਅਤੇ ਮਨ ਉਪਰ ਪ ?ਭਾਵ ਪਾਉਂਦੀ ਹੈ। ਦੁੱਖ-ਸੁੱਖ, ਰੋਗ-ਸੋਗ ਜੀਵਨ ਦਾ ਹਿੱਸਾ ਬਣਦੇ ਹਨ। ਪਰ ਤਨ ਅਤੇ ਮਨ ਨੂੰ ਸਮਝਣ ਦਾ ਗਿਆਨ ਜ਼ਰੂਰੀ ਹੈ। ਜਿਵੇਂ ਬ੍ਰਹਿਮੰਡ ਵਿਚ ਇਕਸਾਰਤਾ ਤੇ ਮਿਲਾਪ ਹੈ, ਜੀਵਨ ਵਿਚ ਵੀ ਪ੍ਰੇਮ ਤੇ ਇਕਸਾਰਤਾ ਜ਼ਰੂਰੀ ਹੈ। ਆਪਣੇ ਗੁਣਾਂ ਨੂੰ ਪਛਾਨਣਾ ਤੇ ਅਮਲ ਕਰਨਾ ਹੀ ਆਪਣੇ ਆਪ ਦੀ ਪਛਾਣ ਹੈ। ਜਦ ਬੰਦੇ ਵਿਚ ਗਿਆਨ, ਧੀਰਜ, ਸਮਾਜ ਤੇ ਸਭਿਅਤਾ ਦੀ ਜਾਣਕਾਰੀ, ਦੂਰਦ੍ਰਿਸ਼ਟੀ, ਨਿਮਰਤਾ ਆਦਿ ਗੁਣ ਪਰਵੇਸ਼ ਕਰ ਜਾਣ, ਉਹ ਆਤਮਿਕ ਆਨੰਦ ਮਹਿਸੂਸ ਕਰਦਾ ਹੈ। ਇਹੀ ਸਫਲ ਜਾਵਨ ਹੈ।

# ਸੌਂਫ ਦੇ ਫਾਇਦੇ

ਸੌਂਫ ਹਰ ਵਿਅਕਤੀ ਦੇ ਘਰ ਵਿੱਚ ਜ਼ਰੂਰ ਪਾਈ ਜਾਂਦੀ ਹੈ। ਆਮ ਤੌਰ 'ਤੇ ਲੋਕ ਮੂੰਹ 'ਚ ਸੌਂਫ ਚਬਾਉਣਾ ਜਾਂ ਖਾਣਾ ਪਸੰਦ ਕਰਦੇ ਹਨ। ਤੁਹਾਨੂੰ ਦੱਸ ਦੇਈਏ ਕਿ ਸੌਂਫ ਦੇ ਬਹੁਤ ਸਾਰੇ ਫਾਇਦੇ ਹਨ। ਇਸ ਦਾ ਸੇਵਨ ਸਖਤ ਬਲੱਡ ਪ੍ਰੈਸ਼ਰ ਨੂੰ ਘੱਟ ਕਰਨ ਵਿੱਚ ਮਦਦ ਕਰਦਾ ਹੈ। ਇਹ ਅੱਖਾਂ ਤੇ ਪਾਚਨ ਤੰਤਰ ਨੂੰ ਵੀ ਠੀਕ ਰੱਖਦਾ ਹੈ। ਇਸ ਤੋਂ ਇਲਾਵਾ ਇਹ ਧੁੱਪ ਤੇ ਪ੍ਰਦੂਸ਼ਣ ਕਾਰਨ ਹੋਣ ਵਾਲੀਆਂ ਚਮੜੀ ਦੀਆਂ ਕਈ ਸਮੱਸਿਆਵਾਂ ਨੂੰ ਵੀ ਦੂਰ ਕਰਦਾ ਹੈ।

ਇਸ ਨਾਲ ਹੀ ਸੌਂਫ ਵਿੱਚ ਵਿਟਾਮਿਨ ਕੇ, ਸੀ, ਏ, ਪੀ, ਪੋਟਾਸ਼ੀਅਮ, ਫਾਸਫੋਰਸ ਵਰਗੇ ਕਈ ਪੌਸ਼ਟਿਕ ਤੱਤ ਪਾਏ ਜਾਂਦੇ ਹਨ। ਇਸ ਦੇ ਨਾਲ ਹੀ ਸੌਂਫ ਦਾ ਪਾਣੀ ਪੀਣ ਦੇ ਵੀ ਕਈ ਫਾਇਦੇ ਹੁੰਦੇ ਹਨ। ਅਸੀਂ ਤੁਹਾਨੂੰ ਦੱਸਣ ਜਾ ਰਹੇ ਹਾਂ ਕਿ ਕਿਸ ਤਰ੍ਹਾਂ ਨਾਲ ਤੁਸੀਂ ਇਸ ਦਾ ਸੇਵਨ ਕਰ ਸਕਦੇ ਹੋ ਤੇ ਸਿਹਤਮੰਦ ਰਹਿ ਸਕਦੇ ਹੋ।

ਸੌਂਫ ਖਾਣ ਦੇ ਕੁਝ ਹੋਰ ਤਰੀਕੇ ਜਾਣਦੇ ਹਾਂ।

**1. ਸੌਂਫ ਦੀ ਚਾਹ**



ਪੇਟ ਦੀ ਗੈਸ ਦੂਰ ਕਰਨਾ ਦਾ ਇਕ ਤਰੀਕਾ ਸੌਂਫ ਦੀ ਚਾਹ ਪੀਣਾ ਹੈ। ਇਸ ਲਈ ਦੋ ਚਮਚ ਪੀਸੀ ਹੋਈ ਸੌਂਫ ਨੂੰ ਇਕ ਕੱਪ ਪਾਣੀ 'ਚ ਪਾ ਕੇ ਉਬਾਲੋ। ਹੁਣ ਇਸ 'ਚ ਚਾਹ ਦਾ ਪਾਊਡਰ, ਥੋੜ੍ਹਾ ਗੁੜ ਅਤੇ ਇਕ ਚੌਥਾਈ ਦੁੱਧ ਮਿਲਾਓ। ਇਸ ਨੂੰ ਚੰਗੀ ਤਰ੍ਹਾਂ ਗਰਮ ਕਰੋ ਅਤੇ ਛਾਣ ਕੇ ਪੀਓ। ਤੁਹਾਨੂੰ ਤੁਰੰਤ ਗੈਸ ਅਤੇ ਅਪਚ ਤੋਂ ਰਾਹਤ ਮਿਲੇਗੀ।

**2. ਇਲਾਇਚੀ ਅਤੇ ਅਦਰਕ ਨਾਲ ਸੌਂਫ**

ਇਸ ਲਈ ਇਕ ਚਮਚ ਸੌਂਫ ਅਤੇ ਅਦਰਕ ਦਾ ਇਕ ਛੋਟਾ ਟੁੱਕੜਾ ਲਓ। ਇਸ ਨੂੰ ਇਕ ਕੱਪ ਪਾਣੀ 'ਚ ਮਿਲਾ ਕੇ ਉਬਾਲੋ। ਇਸ ਮਿਸ਼ਰਣ ਨੂੰ ਦਿਨ 'ਚ ਖਾਣਾ ਖਾਣ ਦੇ ਬਾਅਦ ਦੋ-ਤਿੰਨ ਵਾਰੀ ਲਓ। ਅਦਰਕ ਦੀ ਮਦਦ ਨਾਲ ਸਰੀਰ 'ਚ ਬਣੀ ਗੈਸ ਬਾਹਰ ਨਿਕਲ ਜਾਂਦੀ ਹੈ।

3. ਸੌਂਫ ਨੂੰ ਚਬਾ ਕੇ ਖਾਓ

ਪੇਟ ਦੀ ਗੈਸ ਠੀਕ ਕਰਨ ਲਈ ਤੁਸੀਂ ਖਾਣਾ ਖਾਣ ਮਗਰੋਂ ਸੌਂਫ ਖਾ ਸਕਦੇ ਹੋ। ਤੁਸੀਂ ਇਸ ਨੂੰ ਦਿਨ 'ਚ ਤਿੰਨ ਤੋਂ ਚਾਰ ਵਾਰੀ ਖਾਓ। ਇਸ ਨਾਲ ਅੰਤੜਿਆਂ 'ਚ ਫਸੀ ਗੈਸ ਤੁਰੰਤ ਬਾਹਰ ਆ ਜਾਵੇਗੀ।

**4. ਪੁਦੀਨੇ ਨਾਲ ਸੌਂਫ**

ਇਕ ਚਮਚ ਸੌਂਫ, ਇਕ-ਦੋ ਪੁਦੀਨੇ ਦੇ ਪੱਤਿਆਂ ਨੂੰ, ਇਕ ਚੌਥਾਈ ਇਲਾਇਚੀ ਪਾਊਡਰ ਨਾਲ ਇਕ ਕੱਪ ਪਾਣੀ 'ਚ ਮਿਲਾ ਲਓ। ਇਸ ਨੂੰ ਪੰਜ ਮਿੰਟ ਲਈ ਉਬਾਲੋ ਅਤੇ ਛਾਣ ਲਓ। ਪੁਦੀਨੇ 'ਚ ਐਂਟੀ ਸੈਪਟਿਕ ਗੁਣ ਹੁੰਦੇ ਹਨ ਜਿਸ ਨਾਲ ਪਾਚਨ ਤੰਤਰ ਦੀਆਂ ਮਾਸਪੇਸ਼ੀਆਂ ਨੂੰ ਆਰਾਮ ਮਿਲਦਾ ਹੈ। ਜਦੋਂ ਵੀ ਤੁਹਾਨੂੰ ਗੈਸ ਦੀ ਪਰੇਸ਼ਾਨੀ ਹੋਵੇ ਇਸ ਨੂੰ ਹੀ ਪੀਓ।

**5.ਸੌਂਫ, ਧਨੀਆ ਅਤੇ ਜ਼ੀਰਾ**

ਇਸ ਲਈ ਸੌਂਫ ਦਾ ਇਕ ਚਮਚ, ਇਕ ਚਮਚ ਧਨੀਆ ਅਤੇ ਇਕ ਚਮਚ ਜੀਰਾ ਲਓ। ਇਨ੍ਹਾਂ ਨੂੰ ਪੀਸ ਕੇ ਪਾਊਡਰ ਬਣਾ ਲਓ। ਇਸ ਪਾਊਡਰ ਨੂੰ ਭੋਜਨ ਕਰਨ ਤੋਂ ਪਹਿਲਾਂ ਖਾਓ। ਤੁਹਾਡੇ ਪੇਟ 'ਚ ਗੈਸ ਬਨਣੀ ਬੰਦ ਹੋ ਜਾਵੇਗੀ।

**6. ਸੌਂਫ ਅਤੇ ਸੰਤਰੇ ਦੇ ਛਿਲਕੇ**

ਇਕ ਚਮਚ ਸੌਂਫ ਅਤੇ ਸੰਤਰੇ ਦੇ ਛਿਲਕੇ ਪਾਣੀ 'ਚ ਉਬਾਲ ਲਓ। ਇਸ ਨੂੰ ਛਾਣ ਕੇ ਇਸ 'ਚ ਇਕ ਚਮਚ ਸ਼ਹਿਦ ਮਿਲਾਓ। ਇਸ ਨੂੰ ਖਾਣਾ ਖਾਣ ਤੋਂ ਪਹਿਲਾਂ ਖਾਓ। ਇਸ ਨਾਲ ਵੀ ਗੈਸ ਬਨਣੀ ਬੰਦ ਹੋ ਜਾਵੇਗੀ।

**ਪੇਟ ਦਰਦ**

ਜੇਕਰ ਤੁਹਾਡਾ ਪੇਟ ਦਰਦ ਹੁੰਦਾ ਹੈ ਤਾਂ ਭੁੰਨੀ ਹੋਈ ਸੌਂਫ ਚਬਾਓ, ਕਈਆਂ ਦੇ ਪੇਟ 'ਚ ਗਰਮੀ ਦੀ ਵਜ੍ਹਾ ਨਾਲ ਉਸ 'ਚ ਦਰਦ ਰਹਿੰਦੀ ਹੈ। ਅਜਿਹੇ 'ਚ ਸੌਂਫ ਦੀ ਠੰਡਾਈ ਬਣਾ ਕੇ ਪੀਓ। ਇਸ ਨਾਲ ਪੇਟ ਦੀ ਗਰਮੀ ਸ਼ਾਂਤ ਹੋਵੇਗੀ ਅਤੇ ਤੁਹਾਨੂੰ ਦਰਦ ਤੋਂ ਰਾਹਤ ਮਿਲੇਗੀ।

**ਲੀਵਰ ਲਈ ਫਾਇਦੇਮੰਦ**

ਸੌਂਫ ਲੀਵਰ ਲਈ ਵੀ ਬਹੁਤ ਫਾਇਦੇਮੰਦ ਰਹਿੰਦੀ ਹੈ। ਸੌਂਫ ਦੇ ਅਰਕ 'ਚ ਦਸ ਗ੍ਰਾਮ ਸ਼ਹਿਦ ਮਿਲਾ ਕੇ ਪੀਣ ਨਾਲ ਤੁਹਾਡਾ ਲੀਵਰ ਮਜ਼ਬੂਤ ਬਣਦਾ ਹੈ।

**ਖਾਂਸੀ 'ਚ ਫਾਇਦੇਮੰਦ**

ਖਾਂਸੀ ਤੋਂ ਪ੍ਰੇਸ਼ਾਨ ਲੋਕ ਸਵੇਰੇ ਸ਼ਾਮ ਸੌਂਫ ਵਾਲਾ ਪਾਣੀ ਪੀਓ। ਦੁੱਧ ਵਾਲੀ ਚਾਹ 'ਚ ਸੌਂਫ ਪੀਣ ਨਾਲ ਚਾਹ ਗੈਸ ਨਹੀਂ ਕਰਦੀ ਹੈ। ਗਲੇ ਦੇ ਖਰਾਸ਼ ਅਤੇ ਜਲਨ 'ਚ ਵੀ ਸੌਂਫ ਵਾਲੀ ਚਾਹ ਬਹੁਤ ਫਾਇਦਾ ਦਿੰਦੀ ਹੈ।

**ਮੂੰਹ ਦੀ ਬਦਬੂ**

ਜੇਕਰ ਤੁਹਾਡੇ ਮੂੰਹ 'ਚੋਂ ਬਦਬੂ ਆਉਂਦੀ ਹੈ ਤਾਂ ਨਿਯਮਿਤ ਰੂਪ ਨਾਲ ਦਿਨ 'ਚ ਤਿੰਨ ਤੋਂ ਚਾਰ ਵਾਰ ਅੱਧਾ ਚਮਚ ਸੌਂਫ ਚਬਾਓ। ਅਜਿਹਾ ਕਰਨ ਨਾਲ ਮੂੰਹ 'ਚੋਂ ਬਦਬੂ ਆਉਣੀ ਬੰਦ ਹੋ ਜਾਵੇਗੀ।

**ਅਮਨ 9914611496**

Sun Life

Advice from someone you trust.

It's important to protect yourself and your family from the financial impact of lost income due to accident, illness or disability. Do you have a plan in place?

Critical illness insurance • Life insurance • Personal health insurance



Harvinder Singh
587-574-0029
harvinder.h.singh@sunlife.com

Sun Life Assurance Company of Canada is a member of the Sun Life group of companies.
© Sun Life Assurance Company of Canada, 2021.

VB IMMIGRATION & EDUCATION CONSULTANT BARNALA



Study in Canada
WITH A SUCCESFULL STUDY VISA
- Jan/May 2023 Intake
- Undergraduate | Postgraduate Courses Available
- Scholarships Available
- Fee after Visa

APPLY NOW

VB IMMIGRATION & EDUCATION CONSULTANT
SCO, 3-4 OPP. BARNALA CLUB BARNALA
97793-41100, 97793-51100
Varinder Bhandari
Vikas Bhandari




# "ਡਿਸਕੋ ਦੀਵਾਨੀਏ" ਨੰਗੇਜ਼ ਕੱਜ ਨੀਂ

"ਡਿਸਕੋ ਦੀਵਾਨੀਏ" ਨੰਗੇਜ਼ ਕੱਜ ਨੀਂ
ਲੋਕੀ ਤੇਰਾ ਦੇਖਦੇ ਤਮਾਸ਼ਾ ਅੱਜ ਨੀਂ
ਤੂੰ ਰੰਗਰਲੀਆਂ ਮਾਣੇਂ,
ਕੀ ਬਣੂ ਦੁਨੀਆਂ ਦਾ,
ਸੱਚੇ ਪਾਤਸ਼ਾਹ ਵਾਹਗੁਰੂ ਜਾਣੇਂ

ਗੁਰਦਾਸ ਮਾਨ ਦੇ ਮੁੱਢਲੇ ਸੁੱਪਰਹਿੱਟ ਗੀਤਾਂ 'ਚੋ ਇਸ ਗੀਤ ਤੋਂ ਹਰ ਵਿਅਕਤੀ ਵਾਕਫ ਹੈ। ਇਸ ਗੀਤ ਵਿੱਚ ਗੁਰਦਾਸ ਮਾਨ ਨੇ "ਡਿਸਕੋ ਦੀਵਾਨੇ" ਗੀਤ ਗਾਉਣ ਵਾਲੀ ਕੁੜੀ ਤੇ ਪ੍ਰਤੀਕਰਮ ਕੀਤਾ ਸੀ, ਅਸਲ ਵਿੱਚ ਗੁਰਦਾਸ ਮਾਨ ਤੋਂ ਪਹਿਲਾਂ ਪਾਕਿਸਤਾਨ ਕਰਾਚੀ ਦੀ ਪੰਦਰਾਂ ਕੁ ਵਰ੍ਹਿਆਂ ਦੀ ਮੁਟਿਆਰ ਨੇ ਪੂਰੀ ਦੁਨੀਆ ਨੂੰ ਹਿਲਾ ਕੇ ਰੱਖ ਦਿੱਤਾ ਸੀ। ਉਸਦਾ ਐਲ ਪੀ ਰਿਕਾਰਡ ਜਿਸਦਾ ਟਾਈਟਲ 'ਡਿਸਕੋ ਦੀਵਾਨੇ' ਸੀ, ਨਵੀਂ ਉਮਰ ਦੇ ਸਰੋਤਿਆਂ ਵਿੱਚ ਆਪਣੀ ਖਾਸ ਥਾਂ ਬਣਾ ਚੁੱਕਾ ਸੀ।

ਇੱਕ ਤਾਂ ਇਹ ਕੁੜੀ ਪਾਕਿਸਤਾਨ ਦੀ ਵਿਉਪਾਰਕ ਰਾਜਧਾਨੀ ਕਰਾਚੀ ਦੀ ਜੰਮਪਲ ਸੀ। ਦੂਸਰਾ ਸਰਦੇ ਪੁੱਜਦੇ ਘਰ ਦੀ ਧੀ ਸੀ ਤੇ ਤੀਸਰਾ ਲੰਡਨ ਵਿੱਚ ਪੜ੍ਹਦੀ ਸੀ। ਚੌਥਾ ਆਵਾਜ਼ ਤੇ ਅਦਾਇਗੀ ਦੀ ਧਨੀ ਸੀ, ਪਰ ਪੱਛਮੀ ਰੰਗ ਵਿੱਚ ਰੰਗੀ ਸੀ।




ਉਸ ਦੇ ਪਹਿਲੇ ਰਿਕਾਰਡ ਦਾ ਟਾਈਟਲ ਹੀ "ਡਿਸਕੋ ਦੀਵਾਨੇ" ਸੀ ਜਿਸ 'ਤੇ ਪੂਰੀ ਦੁਨੀਆ ਨੱਚ ਉੱਠੀ ਸੀ ਇਸ ਕੁੜੀ ਦਾ ਨਾਮ "ਨਾਜੀਆ ਹਸਨ " ਸੀ।

ਨਾਜੀਆ ਹਸਨ ਦਾ ਪ੍ਰਸਿੱਧੀ ਇੱਥੋਂ ਤੱਕ ਵਧ ਗਈ ਸੀ ਕਿ 1980 ਵਿੱਚ ਬਣੀ ਫਿਲਮ ਕੁਰਬਾਨੀ ਵਿੱਚ ਉਸਦਾ ਗੀਤ "ਆਪ ਜੈਸਾ ਕੋਈ ਮੇਰੀ ਜ਼ਿੰਦਗੀ ਮੇਂ ਆਏ ਤੋ ਬਾਤ ਬਣ ਜਾਏ" ਪਾਇਆ ਗਿਆ, ਜਿਸਦੇ ਆਸਰੇ ਫਿਲਮ ਨੇ ਬੁਲੰਦੀਆਂ ਛੋਹੀਆਂ ।

ਨਾਜੀਆ ਹਸਨ ਦਾ ਜਨਮ ਸਮਾਜ ਸੇਵਿਕਾ ਮੁਨੀਜਾ ਬੁਸ਼ੀਰ ਦੀ ਕੁੱਖੋਂ ਵਿਉਪਾਰੀ ਪਿਤਾ ਬਸ਼ੀਰ ਹਸਨ ਦੇ ਘਰ ਕਰਾਚੀ ਵਿੱਚ 3 ਅਪ੍ਰੈਲ 1965 ਨੂੰ ਹੋਇਆ। ਨਾਜੀਆ ਨੇ ਬਿਜ਼ਨਸ ਐਡਮਿਸਟ੍ਰੇਸ਼ਨ ਅਤੇ ਅਰਥ ਸ਼ਾਸਤਰ ਦੀ ਬੈਚੁਲਰ ਡਿਗਰੀ ਲੰਡਨ ਦੀ ਰਿਚਮੰਡ ਅਮੇਰਿਕਨ ਯੂਨੀਵਰਸਿਟੀ ਤੋਂ ਕੀਤੀ। ਨਾਜੀਆ ਨੇ ਆਪਣੇ ਭਰਾ ਜੋਹੇਬ ਹਸਨ ਨਾਲ ਰਲ ਕੇ ਪਹਿਲਾ ਰਿਕਾਰਡ ਬਣਾਇਆ ਤਾਂ ਚਾਰੇ ਪਾਸੇ ਡਿਸਕੋ ਦੀਵਾਨੇ, ਡਿਸਕੋ ਦੀਵਾਨੇ ਹੀ ਹੋ ਗਈ ਅਤੇ ਸਮੁੱਚੇ ਏਸ਼ੀਆ ਦੇ ਕਲਾਕਾਰਾਂ 'ਚ ਵੀ ਇੱਕ ਹੱਲਚਲ ਜਿਹੀ ਹੋ ਗਈ।30 ਮਾਰਚ 1995 ਨੂੰ ਮਿਰਜ਼ਾ ਇਸ਼ਿਤਿਆਗ ਬੇਗ ਨਾਲ ਕਰਾਚੀ ਵਿਖੇ ਇਸਲਾਮੀ ਰਹੁ ਰੀਤਾਂ ਨਾਲ ਨਿਕਾਹ ਕਰਵਾਇਆ।7 ਅਪ੍ਰੈਲ 1997 ਨੂੰ ਨਾਜੀਆ ਨੇ ਲੰਡਨ ਵਿੱਚ ਪੁੱਤਰ ਆਰੇਜ਼ ਹਸਨ ਨੂੰ ਜਨਮ ਦਿੱਤਾ, ਕੁਝ ਸਮੇਂ ਬਾਅਦ ਹੀ ਨਾਜੀਆ ਨੂੰ ਕੈਂਸਰ ਦੀ ਨਾਮੁਰਾਦ ਬੀਮਾਰੀ ਨੇ ਆਪਣੇ ਕਲਾਵੇ ਵਿੱਚ ਜਕੜ ਲਿਆ।

ਅਫਸੋਸ ਕਿ 3 ਅਗਸਤ 2000 ਨੂੰ ਉਸਦਾ ਨਿਕਾਹ ਤਲਾਕ 'ਚ ਤਬਦੀਲ ਹੋ ਗਿਆ ਤੇ ਤਲਾਕ ਤੋਂ ਸਿਰਫ 10 ਦਿਨਾਂ ਬਾਅਦ ਨਾਜੀਆ ਅੱਲਾ ਦੇ ਦਰ ਤੇ ਪਹੁੰਚ ਗਈ ।ਪਰ ਇਸ ਭੋਲੀ ਭਾਲੀ ਕੁੜੀ ਦਾ ਚਿਹਰਾ ਉਸਦੇ ਗੀਤ ਉਸਦੀ ਆਵਾਜ਼ ਹਮੇਸ਼ਾ ਹੀ ਸੰਗੀਤ ਪ੍ਰੇਮੀਆਂ ਦੇ ਦਿਲਾਂ 'ਚ ਵਸਦੀ ਰਹੇਗੀ।

**********




ਸੁਰਿੰਦਰ ਕੌਰ ਦੇ ਦੋ-ਗਾਣਿਆਂ ਵਾਲੇ S/7 ਰਿਕਾਰਡ ਦਾ ਕਵਰ, ਜਿਸ ਵਿੱਚ ਸੁਰਿੰਦਰ ਕੌਰ ਜੀ ਨਾਲ ਸਾਥੀ ਗਾਇਕ, ਰਮੇਸ਼ ਰੰਗੀਲਾ, ਮੁਹੰਮਦ ਸਦੀਕ, ਕਰਨੈਲ ਗਿੱਲ, ਅਜੀਤ ਸਿੰਘ ਰੰਗੀਲਾ ਜੱਟ ਅਤੇ ਗੁਰਮੇਲ ਸਿੰਘ ਪੰਛੀ ਹਨ।

ਇਹ ਰਿਕਾਰਡ ਅਣਵੰਡੇ ਪੰਜਾਬ ਅਤੇ ਪੰਜਾਬੀਅਤ ਦੀ ਤਸਵੀਰ ਹੈ। ਇਸਦੀ ਪ੍ਰਮੁੱਖ ਗਾਇਕਾ ਸੁਰਿੰਦਰ ਕੌਰ ਲਹੌਰ ਦੀ ਜੰਮੀ ਜਾਈ ਸੀ । ਰਮੇਸ਼ ਰੰਗੀਲਾ ਵੀ ਗੁਜਰਾਂਵਾਲਾ (ਹੁਣ ਪਾਕਿਸਤਾਨ) ਦੀ ਪੈਦਾਇਸ਼ ਸੀ।ਮੁਹੰਮਦ ਸਦੀਕ ਰਾਮਪੁਰ ਕਟਾਣੀ (ਲੁਧਿਆਣਾ),ਕਰਨੈਲ ਗਿੱਲ ਗੁਰੂਸਰ (ਲਾਇਲਪੁਰ) ਹੁਣ ਪਾਕਿਸਤਾਨ, ਅਜੀਤ ਸਿੰਘ ਰੰਗੀਲਾ (ਨਕੋਦਰ) ਅਤੇ ਗੁਰਮੇਲ ਸਿੰਘ ਪੰਛੀ ਲੁਧਿਆਣੇ ਦਾ ਸੀ।ਜਦੋਂ ਕਿ ਮੁਹੰਮਦ ਸਦੀਕ (ਇਸਲਾਮ) , ਰਮੇਸ਼ ਰੰਗੀਲਾ (ਹਿੰਦੂ) ਸੁਰਿੰਦਰ ਕੌਰ ਕਰਨੈਲ ਗਿੱਲ, ਅਜੀਤ ਸਿੰਘ ਰੰਗੀਲਾ, ਗੁਰਮੇਲ ਪੰਛੀ (ਸਿੱਖ ਧਰਮ) ਨਾਲ ਸਬੰਧਿਤ ਹਨ।

ਇਸ ਰਿਕਾਰਡ ਦੇ ਸੰਗੀਤਕਾਰ ਪੰਨਾ ਲਾਲ ਕੱਥਕ (ਹਿੰਦੂ) ਧਰਮ ਨਾਲ ਸਬੰਧਿਤ ਸਨ। ਪੰਨਾ ਲਾਲ ਜੀ ਅੱਜ ਦੇ ਚਰਚਿਤ ਸੰਗੀਤਕਾਰ ਜੈਦੇਵ ਕੁਮਾਰ ਦੀ ਪਿਤਾ ਸਨ। ਜਦੋਂ ਕਿ ਨਿਰਮਾਤਾ ਜ਼ਹੀਰ ਅਹਿਮਦ (ਇਸਲਾਮ) ਨਾਲ ਸਬੰਧਤ ਹਨ।

ਇਸ ਵਿਚਲੇ ਗੀਤਾਂ ਦੇ ਗੀਤਕਾਰ ਬਾਬੂ ਸਿੰਘ ਮਾਨ ਮਰਾੜ੍ਹਾਂ ਵਾਲੇ, ਦੇਵ ਥਰੀਕਿਆਂ ਵਾਲੇ, ਚਤਰ ਸਿੰਘ ਪ੍ਰਵਾਨਾ, ਲਾਭ ਚਿਤਾਮਲੀ ਵਾਲਾ, ਗਾਮੀ ਸੰਗਤਪੁਰੀਆ, ਪੰਜਾਬੀਅਤ ਦਾ ਸਿਰਨਾਵਾਂ ਹਨ।

ਹੈ ਨਾਂ ਪੂਰਨ ਪੰਜਾਬ ਤੇ ਪੰਜਾਬੀਅਤ ਦੀ ਤਸਵੀਰ

ਇਹ ਰਿਕਾਰਡ ਦੁਨੀਆਂ ਦੀ ਪ੍ਰਸਿੱਧ ਕੰਪਨੀ ਹਿਜ਼ ਮਾਸਟਰਜ਼ ਵਾਇਸ ਨੇ 1974 ਵਿੱਚ ਬਣਾਇਆ ਸੀ। ਜਿਸਦਾ ਲੜੀ ਨੰਬਰ ਐ S/7 LAE 24006 ਹੈ ਇਸ ਵਿੱਚ ਕੁੱਲ ਛੇ ਗੀਤ ਹਨ ਜੋ ਤਰਤੀਬ ਵਾਰ ਇਸ ਤਰ੍ਹਾਂ ਹਨ:-

ਏ ਸਾਈਡ

1- ਜਿਉਂਦੇ ਰਹਿਣ ਹੋਟਲਾਂ ਵਾਲੇ (ਚਤਰ ਸਿੰਘ ਪ੍ਰਵਾਨਾ)
ਰਮੇਸ਼ ਰੰਗੀਲਾ ਤੇ ਸੁਰਿੰਦਰ ਕੌਰ

2- ਦੋ ਧੜਿਆਂ ਚ ਪਿੰਡ ਵੰਡਤਾ (ਬਾਬੂ ਸਿੰਘ ਮਾਨ)
ਮੁਹੰਮਦ ਸਦੀਕ ਤੇ ਸੁਰਿੰਦਰ ਕੌਰ

3- ਚੰਨਣਾ ਜੋਰੂ ਜਗਾ ਲੈ ਵੇ (ਦੇਵ ਥਰੀਕੇ ਵਾਲਾ)
ਗੁਰਮੇਲ ਸਿੰਘ ਪੰਛੀ ਤੇ ਸੁਰਿੰਦਰ ਕੌਰ

ਬੀ ਸਾਈਡ

4 ਆਈ ਸ਼ਗਨਾਂ ਦੀ ਰਾਤ (ਲਾਭ ਚਿਤਾਮਲੀ ਵਾਲਾ)
ਮੁਹੰਮਦ ਸਦੀਕ ਤੇ ਸੁਰਿੰਦਰ ਕੌਰ


5- ਛਈ ਛਈ ਛਈ (ਦੇਵ ਥਰੀਕੇ ਵਾਲੇ)
ਰੰਗੀਲਾ ਜੱਟ ਤੇ ਸੁਰਿੰਦਰ ਕੌਰ

6- ਜੱਟੀ ਸੈਰ ਨੂੰ ਚੱਲੀ (ਗਾਮੀ ਸੰਗਤਪੁਰੀਆ)
ਕਰਨੈਲ ਗਿੱਲ ਤੇ ਸੁਰਿੰਦਰ ਕੌਰ

# ਐਸ ਵਾਈ ਐਲ ਦੀ ਉਸਾਰੀ ਰੋਕਣ ਲਈ ਜਗਮੀਤ ਬਰਾੜ ਵੱਲੋਂ ਕੀਤੀ ਗਈ ਜਨਤਕ ਲਾਮਬੰਦੀ ਦੀ ਭੂਮਿਕਾ




ਪੰਜਾਬ ਵਿੱਚ ਖਾੜਕੂ ਲਹਿਰ ਦੇ ਪੈਰ ਉਖੜਨ ਉਪਰੰਤ ਕੇਂਦਰ ਦੀ ਨਰਸ੍ਰਿਮਾ ਰਾਓ ਸਰਕਾਰ ਨੇ ਹਰਿਆਣਾ ਸਰਕਾਰ ਦੇ ਦਬਾਅ 'ਤੇ ਚਲਦਿਆਂ ਐਸ ਵਾਈ ਐਲ ਨਹਿਰ ਦੀ ਰੋਕੀ ਹੋਈ ਉਸਾਰੀ ਨੂੰ ਸ਼ੁਰੂ ਕਰਨ ਦੇ ਜਾਇਜੇ ਲੈਣੇ ਸ਼ੁਰੂ ਕਰ ਦਿੱਤੇ ਸਨ। ਜਿਕਰਯੋਗ ਹੈ ਕਿ ਜੁਲਾਈ 1990 ਵਿੱਚ ਐਸ ਵਾਈ ਐਲ ਪ੍ਰਾਜੈਕਟ ਦੇ ਚੀਫ ਇੰਜੀਨੀਅਰ ਐਮ ਐਲ ਸੀਕਰੀ ਦੀ ਖਾੜਕੂਆਂ ਵੱਲੋਂ ਹੱਤਿਆ ਕੀਤੇ ਜਾਣ ਉਪਰੰਤ ਪੰਜਾਬ ਦੇ ਗੜਬੜ ਵਾਲੇ ਹਾਲਾਤ ਨੂੰ ਵੇਖਦਿਆਂ ਐਸ ਵਾਈ ਐਲ ਦੀ ਉਸਾਰੀ ਇੱਕ ਵਾਰ ਰੋਕ ਦਿੱਤੀ ਗਈ ਸੀ ਅਤੇ ਸੰਨ 1994 ਵਿੱਚ ਹਾਲਾਤ ਆਮ ਵਰਗੇ ਹੋਣ ਤੋਂ ਬਾਅਦ ਇਸ ਨੂੰ ਦੁਬਾਰਾ ਸ਼ੁਰੂ ਕਰਨ ਦਾ ਅਮਲ ਸ਼ੁਰੂ ਹੋਣਾ ਤੈਅ ਸੀ, ਕਿਓਕਿ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਅਤੇ ਵਿੱਤ ਮੰਤਰੀ ਬਲਵੰਤ ਸਿੰਘ ਹੋਰੀਂ ਰਾਜੀਵ-ਲੌਂਗੋਵਾਲ ਸਮਝੌਤਾ-1985 ਤਹਿਤ ਐਸ ਵਾਈ ਐਲ ਦੀ ਉਸਾਰੀ ਲਈ ਸਹਿਮਤੀ ਦੇ ਚੁੱਕੇ ਸਨ।



ਪੰਜਾਬ ਦੇ ਤਤਕਾਲੀਨ ਮੁੱਖ ਮੰਤਰੀ ਬੇਅੰਤ ਸਿੰਘ ਅਤੇ ਉਨ੍ਹਾਂ ਦੀ ਵਜਾਰਤ ਕੇਂਦਰ ਦੀ ਨਰਸਿਮਹਾ ਰਾ? ਸਰਕਾਰ ਦੇ ਹਰ ਹੁਕਮ 'ਤੇ ਫੁੱਲ ਚੜ੍ਹਾਉਣ ਲਈ ਤਿਆਰ ਸੀ ਪਰ ਦੇਸ਼ ਦੀ ਸੰਸਦ ਵਿੱਚ ਮੈਂਬਰ ਪਾਰਲੀਮੈਂਟ ਜਗਮੀਤ ਸਿੰਘ ਬਰਾੜ ਦੀ 'ਆਵਾਜ ਏ ਪੰਜਾਬ' ਵਾਲੀ ਕਾਰਗੁਜਾਰੀ ਅਤੇ ਉਨ੍ਹਾਂ ਵੱਲੋਂ ਪੰਜਾਬ ਵਿੱਚ ਐਸ ਵਾਈ ਐਲ ਵਿਰੁੱਧ ਕੀਤੀ ਜਾ ਰਹੀ ਜਨਤਕ ਲਾਮਬੰਦੀ ਇਸ ਦੀ ਦੁਬਾਰਾ ਉਸਾਰੀ ਸ਼ੁਰੂ ਹੋਣ ਵਿੱਚ ਵੱਡੀ ਅੜਚਣ ਸੀ। ਰਾਜਸੀ ਮਾਹਿਰਾਂ ਅਨੁਸਾਰ ਉਸ ਸਮੇ ਕੇਂਦਰ ਕੋਲ ਇਸ ਅੜਚਨ ਨੂੰ ਦੂਰ ਕਰਨ ਲਈ ਦੋ ਹੀ ਰਾਹ ਸਨ, ਪਹਿਲਾ ਜਗਮੀਤ ਸਿੰਘ ਬਰਾੜ ਨੂੰ ਕੇਂਦਰ ਦੀ ਵਜੀਰੀ ਸੌਂਪ ਕੇ ਚੁੱਪ ਕਰਵਾਉਣਾ ਅਤੇ ਦੂਸਰਾ ਉਸ ਵੱਲੋਂ ਜਨਤਕ ਮੰਚ 'ਤੇ ਐਸ ਵਾਈ ਐਲ ਦੀ ਉਸਾਰੀ ਵਿਰੁੱਧ ਕੀਤੀ ਜਾ ਰਹੀ ਜਨਤਕ ਲਾਮਬੰਦੀ ਨੂੰ ਬੇਅੰਤ ਸਿੰਘ ਵਜਾਰਤ ਦੇ ਸਰਕਾਰੀ ਤੰਤਰ ਰਾਹੀਂ ਬੇਅਸਰ ਕਰਨਾ ਸੀ ਪਰ ਜਗਮੀਤ ਸਿੰਘ ਬਰਾੜ ਦੀ ਪਾਰਲੀਮੈਂਟਰੀਅਨ ਯੋਗਤਾ ਅਤੇ ਪੰਜਾਬ ਪ੍ਰਤੀ ਦਰਦ ਭਰੀ ਅਪਣੱਤ ਅੱਗੇ ਕੇਂਦਰ ਸਰਕਾਰ ਦੀ ਪੇਸ਼ ਨਾ ਚੱਲ ਸਕੀ।

ਕੇਂਦਰੀ ਵਜਾਰਤ ਆਪਣੀ ਹੀ ਪਾਰਟੀ ਦੇ ਐਮ ਪੀ ਮੂੰਹੋਂ ਗੂੰਜਦੀ ਆਵਾਜ ਏ ਪੰਜਾਬ ਨੂੰ ਨਜਰਅੰਦਾਜ ਕਰਕੇ ਇੱਕ ਦਹਾਕਾ ਪਹਿਲਾਂ ਵਾਲਾ ਖੂਨੀ ਜਖਮ ਉਠਾਉਣ ਤੋਂ ਗੁਰੇਜ ਕਰਦੀ ਰਹੀ। ਸਿੱਟੇ ਵੱਜੋਂ ਐਸ ਵਾਈ ਐਲ ਦੀ ਉਸਾਰੀ ਦਾ ਮਾਮਲਾ ਲਟਕ ਗਿਆ।



ਪੰਜਾਬ ਦੇ ਦਰਿਆਈ ਮੁੱਦਿਆਂ ਅੱਗੇ ਘੂੰਮਦੀ ਜਗਮੀਤ ਸਿੰਘ ਬਰਾੜ ਦੀ ਕਾਰਗੁਜਾਰੀ ਬਾਰੇ ਭਾਵੇਂ ਨਵੀਂ ਪੀੜੀ ਦੇ ਲੋਕ ਭਾਵੇਂ ਘੱਟ ਵਾਕਫ ਹਨ ਪਰ ਢਾਈ ਦਹਾਕੇ ਪਹਿਲਾਂ ਵਾਲੇ ਘਟਨਾਕ੍ਰਮਾਂ ਨੂੰ ਵੇਖ ਚੁੱਕੇ ਪੰਜਾਬੀ ਜਗਮੀਤ ਸਿੰਘ ਬਰਾੜ ਵੱਲੋਂ ਐਸ ਵਾਈ ਐਲ ਮੁੱਦੇ 'ਤੇ ਨਿਭਾਈ ਗਈ ਪੰਜਾਬ ਪੱਖੀ ਭੂਮਿਕਾ ਦੇ ਅੱਜ ਵੀ ਕਾਇਲ ਹਨ

( ਸਿਮਰਜੀਤ ਸਿੰਘ ਸੰਧੂ ਦੀ ਫੇਸਬੁੱਕ ਉਪਰੋਂ ਪੰਜਾਬੀ ਅਖ਼ਬਾਰ ਦੇ ਪਾਠਕਾਂ ਲਈ)






# ਜਦ ਚੁੰਨੀ ਦੇ ਲੜ ਬੰਨ੍ਹੇ ਜਾਣ ਪਤਾਸੇ ਕੁੜੀਆਂ ਦੇ

ਜਦ ਚੁੰਨੀ ਦੇ ਲੜ ਬੰਨ੍ਹੇ ਜਾਣ ਪਤਾਸੇ ਕੁੜੀਆਂ ਦੇ,

ਜਾਂ ਕੁਆਰੀ ਤਾਂ ਚਾਉ ਵੀਵਾਹੀ ਤਾਂ ਮਾਮਲੇ
ਫਰੀਦਾ ਏਹੋ ਪਛੋਤਾਓ ਵਤਿ ਕੁਆਰੀ ਨ ਥੀਐ।

ਸਦੀਆਂ ਤੋਂ ਭਾਰਤੀਆਂ ਦੀ ਵੱਡੀ ਜ਼ਿਮੇਵਾਰੀ ਔਲਾਦ ਦਾ ਵਿਆਹ ਕਰਨਾ ਰਹੀ ਹੈ। ਸਾਡਾ ਲੋਕ-ਸਾਹਿਤ ਇਸ ਦੀ ਗਵਾਹੀ ਭਰਦਾ ਹੈ ਜਿੱਥੇ ਧੀ ਆਪਣੀ ਮੰਗ ਰਖਦੀ ਹੈ -

ਪੱਕਾ ਘਰ ਟੋਲ੍ਹੀਂ ਬਾਬਲਾ ਕਿਤੇ ਲਿੱਪਣੇ ਨਾ ਪੈਣ ਬਨੇਰੇ।

ਪਿਛਲੇ ਕੁੱਝ ਅਰਸੇ ਤੋਂ ਵਿਚੋਲੇ ਦਾ ਕਾਰੋਬਾਰ ਨੈੱਟ ਨੇ ਸਾਂਭ ਕੇ ਜਾਤ-ਪਾਤ ਮਿਟਾ ਰੱਖੀ ਹੈ। ਕਿਹਾ ਜਾਂਦਾ ਹੈ ਪਿਛਲੇ ਦਸ ਸਾਲਾਂ ਵਿਚ ਦੋ ਕਰੋੜ ਲੋਕਾਂ ਨੇ ਆਪਣੇ ਆਪ ਨੂੰ ਇਸ ਪਿੜ ਵਿਚ ਪੇਸ਼ ਕੀਤਾ ਹੈ। ਜੀਵਨਸਾਥੀ ਡੌਟ ਕੌਮ ਦਾ ਦਾਅਵਾ ਹੈ ਕਿ ਹਰ ਰੋਜ਼ ਡੇਢ ਕਰੋੜ ਤੋਂ ਵੱਧ ਲੋਕ ਇਸ ਤੇ ਹਾਜ਼ਰੀ ਭਰਦੇ ਹਨ। ਵਿਆਹ ਇੱਕ ਅਜਿਹੀ ਖ਼ੂਬਸੂਰਤ ਰਸਮ ਹੈ ਜਿਸ ਨਾਲ ਔਰਤ ਮਰਦ ਸੰਬੰਧਾਂ ਨੂੰ ਸਮਾਜਕ ਪ੍ਰਵਾਨਗੀ ਦਾ ਠੱਪਾ ਜ਼ਿੰਦਗੀ ਦਾ ਨਵਾਂ ਅਧਿਆਏ ਸ਼ੁਰੂ ਕਰਦਾ ਹੈ। ਇਹ ਅਜਿਹਾ ਪੰਨਾ ਹੈ ਜਦੋਂ ਮਨ ਦੀਆਂ ਬਰੂਹਾਂ ਤੋਂ ਸੁਪਨੇ ਝਾਕਣ ਲਗਦੇ ਹਨ, ਜਿਸ ਨਾਲ ਭਵਿੱਖੀ ਸੱਧਰਾਂ ਕਰਵਟ ਲੈਂਦੀਆਂ ਹਨ। ਬਾਂਹ ਵਧਾ ਕੇ ਤਾਰੇ ਤੋੜ ਮਹਿਬੂਬ ਦੇ ਸਿਰ ਗੁੰਦਣ ਵਰਗੀ ਰੀਝ ਮਚਲਦੀ ਹੈ। ਪਰ ਜਿਉਂ ਹੀ ਜ਼ਿਮੇਵਾਰੀਆਂ ਦਰ ਖੜਕਾਉਂਦੀਆਂ ਹਨ, ਦੋਵੇਂ ਅਵਾਕ ਹੋ ਕੇ ਇਕ ਦੂਜੇ ਵੱਲ ਝਾਕਦੇ ਹਨ। ਕਈ ਵਾਰੀ ਤਾਂ ਸੁਨਣ ਵਿਚ ਆਉਂਦਾ ਹੈ ਕਿ ਪ੍ਰਾਣਾਂ ਤੋਂ ਪਿਆਰੇ ਵੀ ਪ੍ਰਾਣਾਂ ਦੇ ਪਿਆਸੇ ਹੋ ਨਿਬੜਦੇ ਹਨ। ਸਿਆਣੇ ਆਖਦੇ ਹਨ ਵਿਆਹ ਤਾਂ ਟਸ-ਟਸ ਕਰਦੀ ਉਮਰੇ ਹੋ ਜਾਣਾ ਚਾਹੀਦਾ ਹੈ। ਪਰ ਹੁਣ ਹਾਲਾਤ ਬਦਲ ਰਹੇ ਹਨ।

ਮੇਰੇ ਇੱਕ ਅਧਿਆਪਕ ਨੇ ਕਿਹਾ ਸੀ ਕਿ ਕੁੜੀ ਨੂੰ ਵਿਆਹ ਓਥੇ ਕਰਾਉਣਾ ਚਾਹੀਦੈ ਜਿੱਥੇ ਉਹ ਪਿਆਰੀ ਜਾਂਦੀ ਹੋਵੇ ਤੇ ਲੜਕੇ ਨੂੰ ਓਥੇ ਜਿੱਥੇ ਉਹ ਸਤਿਕਾਰਿਆ ਜਾਂਦਾ ਹੋਵੇ। ਸਾਡੇ ਸਮਿਆਂ ਵਿਚ ਵਿਆਹ ਸੌਖੇ ਪਰ ਤਲਾਕ ਔਖੇ ਸਨ, ਪਰ ਹੁਣ ਵਿਆਹ ਔਖੇ ਤੇ ਛੱਡ-ਛਡਾ ਸੌਖਾ ਹੋ ਰਿਹਾ ਹੈ। ਆਮ ਤੌਰ ਤੇ ਵਿਆਹ ਸਭ ਦਾ ਹੀ ਹੋ ਜਾਂਦਾ ਹੈ ਪਰ ਅਸਲ ਵਿਚ ਵਿਆਹ ਵਿਰਲਿਆਂ ਦੇ ਹੀ ਮੁਹੱਬਤਾਂ ਨਾਲ ਨਿਭਦੇ ਵੇਖੇ ਹਨ, ਜਿੱਥੇ ਮਨ ਮਿੱਟੀ ਵਿਚ ਉੱਗਣ ਤੇ ਵਿਗਸਣ ਨਾਲ ਇੱਛਾ ਵਰਗੀ ਇਬਾਰਤ ਉਲੀਕੀ ਜਾ ਸਕੇ। ਕਈਆਂ ਦਾ ਤਾਂ ਹਨੀਮੂਨ ਤੋਂ ਹੀ ਵੱਖ-ਵੱਖ ਸਵਾਰੀਆਂ ਤੇ ਆਉਣਾ ਸੁਣਿਆ ਹੈ। ਜਿੰਨੀ ਸ਼ਿੱਦਤ, ਬੇਸਬਰੀ ਅਤੇ ਕਾਹਲ ਨਾਲ ਉਹ ਇੱਕ ਦੂਜੇ ਦੀ ਦੇਹੀ ਵੱਲ ਉਲਰਦੇ ਹਨ, ਉਸ ਤੋਂ ਵੀ ਵੱਧ ਕਾਹਲ ਨਾਲ ਪਰੇ ਹਟਣ ਦੀ ਤੇਜ਼ੀ ਵੀ ਕਰਦੇ ਦੇਖੇ ਹਨ।

ਅੰਗ੍ਰੇਜ਼ੀ ਦੇ ਇੱਕ ਵਿਦਵਾਨ ਨੇ ਸਫਲ ਵਿਆਹ ਲਈ ਚਾਰ ਥੰਮ੍ਹ ਦੱਸੇ ਹਨ -
Caring ਖਿਆਲ ਰੱਖਣਾ,
Hearing ਗੱਲ ਸੁਣਨਾ,
Sharing ਨਿੱਕੇ ਨਿੱਕੇ ਵੇਰਵੇ ਵੀ ਸਾਂਝੇ ਕਰਨਾ,
ਅਤੇ Bearing ਬਰਦਾਸ਼ਤ ਕਰਨਾ।

ਪਰ ਜ਼ਿੰਦਗੀ ਫਾਰਮੂਲਿਆਂ ਨਾਲ ਨਹੀਂ ਬਝਦੀ। ਲੋਕ ਮਜ਼ਾਕ ਕਰਦੇ ਆਖਦੇ ਨੇ ਸ਼ਾਦੀ-ਸ਼ੁਦਾ ਜ਼ਿੰਦਗੀ ਜੰਮੂੰ ਕਸ਼ਮੀਰ ਵਰਗੀ ਹੈ, ਦੇਖਣ ਨੂੰ ਸੋਹਣੀ ਪਰ ਲੜਾਈ ਦਾ ਖ਼ਤਰਾ ਚੌਵੀ ਘੰਟੇ ਬਣਿਆ ਹੋਇਆ ਹੈ। ਕਿਹਾ ਜਾਂਦਾ ਹੈ ਪਤੀ-ਪਤਨੀ ਦਾ ਸੰਬੰਧ ਸਿੱਕੇ ਦੇ ਦੋ ਪਾਸੇ ਹਨ, ਤਾਂ ਹੀ ਬਿਨਾ ਇੱਕ ਦੂਜੇ ਦੇ ਮੂੰਹ ਲੱਗੇ ਇਕੱਠੇ ਨਿਭਦੇ ਹਨ। ਦੇਸ ਬੈਠੇ ਸੋਚਦੇ ਸਾਂ ਬਾਹਰਲੇ ਦੇਸ ਦੇ ਲੋਕ ਤਾਂ ਨਰੜ ਘੱਟ ਹੀ ਹੋਣਗੇ ਪਰ ਜਦੋਂ ਦਾਜ, ਖ਼ੂਬਸੂਰਤੀ, ਪੈਸਾ ਜਾਂ ਆਈਲੈਟਸ ਦੇ ਬੈਂਡਾਂ ਨੂੰ ਦੇਖ ਸੌਦਾ ਕੀਤਾ ਵੇਖਦੇ ਹਾਂ, ਬਹੁਗਿਣਤੀ ਸੀਨੇ ਪਲਦੀਆਂ ਭਾਵਨਾਵਾਂ ਨੂੰ ਖਾਰਜ ਕਰਕੇ ਹੀ ਪਲਦੀ ਹੈ। ਹੁਣ ਤੱਕ ਪੰਜਾਬ ਤੋਂ ਖ਼ੂਬਸੂਰਤ ਕੁੜੀਆਂ ਚੁਣ-ਚੁਣ ਕੇ ਲਿਆਂਦੀਆਂ ਗਈਆਂ ਸਨ। ਵਤਨੋਂ ਆ ਕੇ ਉਨ੍ਹਾਂ ਦੀਆਂ ਮੋਟੀਆਂ ਅੱਖਾਂ ਬਸ ਮੋਟੇ ਹੰਝੂਆਂ ਨਾਲ ਹੀ ਭਰਦੀਆਂ ਰਹੀਆਂ।

ਅਜ਼ੀਮ ਸ਼ੇਖ਼ਰ ਦੀਆਂ ਸਤਰਾਂ ਵੇਖੋ-

ਜਦ ਚੁੰਨੀ ਦੇ ਲੜ ਬੰਨ੍ਹੇ ਜਾਣ ਪਤਾਸੇ ਕੁੜੀਆਂ ਦੇ,
ਕੌਣ ਚੁਰਾ ਕੇ ਲੈ ਜਾਂਦੈ ਫਿਰ ਹਾਸੇ ਕੁੜੀਆਂ ਦੇ।

ਇਸੇ ਤਰ੍ਹਾਂ ਵਿਦੇਸ਼ੋਂ ਆਈ ਲੜਕੀ ਭਾਵੇਂ ਹਾਣ ਪਰਵਾਣ ਨਾ ਹੋਵੇ ਜਾਂ ਸੁਹਣੀ ਨਾ ਹੋਵੇ, ਡਿਗਰੀਆਂ ਨਾਲ ਜੇਬਾਂ ਭਰੀ ਫਿਰਦੇ ਪੰਜਾਬੀ ਨੌਜਵਾਨ ਨਾਲ ਵਿਆਹ ਕਰਾਉਣ ਦੀ ਹੱਕਦਾਰ ਹੋ ਖੜ੍ਹਦੀ ਹੈ। ਲੜਕੇ ਜੋ ਨੱਕ ਤੇ ਮੱਖੀ ਨਹੀਂ ਬਹਿਣ ਦਿੰਦੇ, ਅੰਨ੍ਹੀਂ-ਕਾਣੀ ਕਬੂਲ ਕਰ ਕੇ ਸਰਦਲ ਤੇ ਖੜ੍ਹੀ ਪਵਿੱਤਰ ਮੁਹੱਬਤ ਦਾ ਦਰ ਬੰਦ ਕਰ ਕੇ ਜਹਾਜ਼ ਜਾ ਚੜ੍ਹਦੇ ਹਨ। ਮਾਪਿਆਂ ਦੀਆਂ ਸੌ ਮਿੰਨਤਾਂ ਮੂਹਰੇ ਜੋ ਦੁੱਧ ਕੁਰਲੀਆਂ ਕਰਦੇ ਸੀ, ਉਹ ਸਹੁਰਿਆਂ ਦੀ ਰੋਟੀ ਹੱਥ ਅੱਡ ਕੇ ਮੰਗਣੀ ਕਬੂਲਦੇ ਰਹੇ ਹਨ। ਸੀਨੇ ਪਾਲ਼ੀ ਅਣਖ ਉਨ੍ਹਾਂ ਅੰਦਰ ਪੋਹਲ਼ੀ ਵਾਂਗ ਚੁਭਦੀ ਹੈ। ਮੇਰੇ ਕੋਲ ਖੋਜ ਕਰਦੇ ਇੱਕ ਵਿਦਿਆਰਥੀ ਨੇ ਔਰਤ-ਮਰਦ ਸੰਬੰਧਾਂ ਤੇ ਨੁਕਤਾ ਕੱਢਿਆ ਸੀ ਕਿ ਪੰਜਾਬ ਵਿਚ ਇਹ ਸੰਬੰਧ ਬਹੁਤੀ ਵਿਹਲ ਕਰ ਕੇ ਵਿਗੜਦੇ ਹਨ ਤੇ ਓਧਰ (ਕੈਨੇਡਾ ਵਗੈਰਾ) ਘੱਟ ਵਿਹਲ ਮਿਲਣ ਕਰ ਕੇ ਉਲਝਦੇ ਰਹੇ ਹਨ। ਕੁੱਝ ਲੋਕਾਂ ਅਨੁਸਾਰ ਔਰਤ ਇੱਕ ਸਿਫਰ ਵਾਂਗ ਹੈ ਤੇ ਮਰਦ ਇੱਕ ਦਾ ਹਿੰਦਸਾ ਹੈ। ਜੇ ਔਰਤ ਸੱਜੇ ਪਾਸੇ ਜਾ ਖੜ੍ਹੇ ਤਾਂ ਦਸ ਹੋ ਜਾਂਦਾ ਹੈ, ਜੇ ਖੱਬੇ ਪਾਸੇ ਜਾ ਨਿਭੇ ਤਾਂ ਇੱਕ ਇਕੱਲਾ ਹੀ ਰਹਿ ਜਾਂਦਾ ਹੈ।

ਮੋਹਨ ਭੰਡਾਰੀ ਲਿਖਦਾ ਹੈ - ਅੱਜ ਦਾ ਹਰ ਵਿਆਹ ਇੱਕ ਚਾਅ, ਉਲਝਣ ਤੇ ਦੁਖਾਂਤ ਹੈ। ਅੰਤਾਂ ਦੀ ਉਡੀਕ ਤੋਂ ਅੱਕਿਆ ਰਾਹੀ ਫੜ ਲਵੇ ਬਸ ਜਿਉਂ ਕਿਸੇ ਗ਼ਲਤ ਨੰਬਰ ਦੀ। ਟਿਕਟ ਵੀ ਪੱਲੇ, ਰਫ਼ਤਾਰ ਵੀ, ਪਰ ਮੰਜ਼ਿਲ ਨਹੀਂ ਆਉਂਦੀ। ਵਿਆਹ ਸੰਬੰਧੀ ਕਈ ਲਤੀਫ਼ੇ ਹਨ ਪਰ ਇਹ ਸੱਚ ਹੈ ਕਿ ਇਹ ਅਜਿਹਾ ਮੋੜ ਹੈ ਜੋ ਰਿਸ਼ਤਿਆਂ ਦੀ ਤਰਜ਼, ਤਾਸੀਰ ਅਤੇ ਸਿਰਲੇਖ ਬਦਲ ਕੇ ਕੁੱਲ ਵਿਵਹਾਰ ਹੀ ਲਦ-ਪਲੱਦ ਕਰ ਧਰਦਾ ਹੈ। ਸਾਡੇ ਘਰਾਂ ਵਿਚ ਵਿਆਹ ਦੋ ਵਿਅੱਕਤੀਆਂ ਦੀ ਥਾਂ ਦੋ ਪਰਿਵਾਰਾਂ ਵਿਚ ਹੀ ਨਿਭਦਾ ਹੈ। ਤਰਕ ਦੀ ਬੀਹੀ ਰੁੱਝੀ ਹੁਣ ਦੀ ਪਨੀਰੀ ਵਿਆਹ ਜਿਹੀ ਰਸਮ ਤੋਂ ਲੱਤ ਚੁਕਦੀ ਲਗਦੀ ਹੈ। ਜ਼ਿੰਮੇਵਾਰੀਆਂ ਦੇ ਇਸ ਖੂਹ ਤੋਂ ਭਜਦੇ ਉਹ ਜੰਗਲੀ ਰਿਸ਼ਤੇ ਵਾਂਗ ਹੀ ਨਿਭਣਾ ਚਾਹ ਰਹੇ ਹਨ। ਕਿਸੇ ਇੱਕ ਦੇ ਲੇਖੇ ਜੂਨ ਲਾ ਕੇ ਤੁਰ ਜਾਣ ਵਾਲਾ ਜ਼ਮਾਨਾ ਲੱਦ ਗਿਆ ਹੈ। ਹੁਣ ਤੱਕ ਭੋਲ਼ੇ ਮਨਾਂ ਦੀ ਮਾਸੂਮੀਅਤ ਇਸ ਨੂੰ ਹੰਢਣਸਾਰ ਰਖਦੀ ਰਹੀ ਹੈ। ਹੁਣ ਸਾਡੀ ਪੀੜ੍ਹੀ ਦੀ ਸੋਚ ਅਤੇ ਭਵਿੱਖੀ ਸੋਚ ਵਿਚਲੀ ਵਿੱਥ ਡੂੰਘੀ ਖਾਈ ਬਣ ਰਹੀ ਹੈ। ਅਸੀਂ ਤਾਂ ਕੈਲੰਡਰ ਤੇ ਵਿਆਹ ਦੀ ਤਰੀਕ ਵੱਲ ਵੇਖ ਕੇ ਹੀ ਰੋਈ ਜਾਂਦੀਆਂ ਸੀ, ਪਰ ਹੁਣ ਕੁੜੀਆਂ ਮੇਕ ਅਪ ਅਤੇ ਮੂਵੀ ਖ਼ਰਾਬ ਹੋਣ ਦੇ ਡਰੋਂ ਹੀ ਵਿਆਹ ਸਮੇਂ ਅੱਖ ਨੰਮ ਨਹੀਂ ਕਰਦੀਆਂ। ਕੁੱਝ ਵੀ ਕਹੋ, ਇਹ ਪੰਨਾ ਸਾਡੀਆਂ ਗੱਲ੍ਹਾਂ ਸੁਰਖ ਕਰਦਾ ਰਿਹਾ ਹੈ। ਵਿਆਹ ਦੀਆਂ ਕਿਸਮਾਂ ਅਤੇ ਨਿਭਾਅ ਵੱਖਰਾ ਤੇ ਵੱਡਾ ਵਿਸ਼ਾ ਹੈ, ਕਦੇ ਫੇਰ ਸਹੀ।

> ਜੀਵਨਸਾਥੀ ਡੌਟ ਕੌਮ ਦਾ ਦਾਅਵਾ ਹੈ ਕਿ ਹਰ ਰੋਜ਼ ਡੇਢ ਕਰੋੜ ਤੋਂ ਵੱਧ ਲੋਕ ਇਸ ਤੇ ਹਾਜ਼ਰੀ ਭਰਦੇ ਹਨ। ਵਿਆਹ ਇੱਕ ਅਜਿਹੀ ਖ਼ੂਬਸੂਰਤ ਰਸਮ ਹੈ ਜਿਸ ਨਾਲ ਔਰਤ ਮਰਦ ਸੰਬੰਧਾਂ ਨੂੰ ਸਮਾਜਕ ਪ੍ਰਵਾਨਗੀ ਦਾ ਠੱਪਾ ਜ਼ਿੰਦਗੀ ਦਾ ਨਵਾਂ ਅਧਿਆਏ ਸ਼ੁਰੂ ਕਰਦਾ ਹੈ। ਇਹ ਅਜਿਹਾ ਪੰਨਾ ਹੈ ਜਦੋਂ ਮਨ ਦੀਆਂ ਬਰੂਹਾਂ ਤੋਂ ਸੁਪਨੇ ਝਾਕਣ ਲਗਦੇ ਹਨ, ਜਿਸ ਨਾਲ ਭਵਿੱਖੀ ਸੱਧਰਾਂ ਕਰਵਟ ਲੈਂਦੀਆਂ ਹਨ। ਬਾਂਹ ਵਧਾ ਕੇ ਤਾਰੇ ਤੋੜ ਮਹਿਬੂਬ ਦੇ ਸਿਰ ਗੁੰਦਣ ਵਰਗੀ ਰੀਝ ਮਚਲਦੀ ਹੈ। ਪਰ ਜਿਉਂ ਹੀ ਜ਼ਿਮੇਵਾਰੀਆਂ ਦਰ ਖੜਕਾਉਂਦੀਆਂ ਹਨ, ਦੋਵੇਂ ਅਵਾਕ ਹੋ ਕੇ ਇਕ ਦੂਜੇ ਵੱਲ ਝਾਕਦੇ ਹਨ। ਕਈ ਵਾਰੀ ਤਾਂ ਸੁਨਣ ਵਿਚ ਆਉਂਦਾ ਹੈ ਕਿ ਪ੍ਰਾਣਾਂ ਤੋਂ ਪਿਆਰੇ ਵੀ ਪ੍ਰਾਣਾਂ ਦੇ ਪਿਆਸੇ ਹੋ ਨਿਬੜਦੇ ਹਨ। ਸਿਆਣੇ ਆਖਦੇ ਹਨ ਵਿਆਹ ਤਾਂ ਟਸ-ਟਸ ਕਰਦੀ ਉਮਰੇ ਹੋ ਜਾਣਾ ਚਾਹੀਦਾ ਹੈ। ਪਰ ਹੁਣ ਹਾਲਾਤ ਬਦਲ ਰਹੇ ਹਨ।

## ਢੰਗ

ਬੰਤਾ ਖੰਡ ਦੀ ਬੋਰੀ ਚੁੱਕੀ ਸਿਟੀ ਪੁਲੀਸ ਗੇਟ ਦੇ ਅੰਦਰ ਵੜ ਗਿਆ। ਤੁਰੇ ਜਾਂਦੇ ਦਾ ਪੁਲੀਸ ਵਾਲਿਆਂ ਦੀ ਖੜੀ ਕੀਤੀ ਬਹੁਕਰ ਨਾਲ ਪਾਸਾ ਲੱਗਣ ਕਰਕੇ ਉਹ ਡਿੱਗ ਪਈ। ਸਿਪਾਹੀ ਅੱਖਾਂ ਕੱਢਦਾ ਕੜਕ ਕੇ ਬੋਲਿਆ, "ਸਾਲਿਆ, ਮਾਂ ਆਪਣੀ ਥੱਲੇ ਸੁੱਟਤੀ, ਤੂੰ ਚਾਹੁੰਨਾਂ ਕੋਈ ਵੀ ਬੰਦਾ ਨਾ ਫਸੇ, ਸਾਲੇ ਨੂੰ ਬੋਰੀ ਲਿਜਾਣ ਦੀ ਵੀ ਅਕਲ ਨੀ...।"

ਬਸ਼ੀਰੇ ਨੂੰ ਫੜੀ ਪੁਲੀਸ ਦੀ ਜੀਪ ਧੂੜਾਂ ਪਟਦੀ ਸਿਟੀ ਮੂਹਰੇ ਆ ਕੇ ਰੁਕੀ। ਅੱਜ ਉਹ ਅਫੀਮ ਵੇਚਦਾ ਫੜਿਆ ਗਿਆ ਸੀ। ਥਾਣੇਦਾਰ ਨੇ ਖਿੱਚ ਕੇ ਜੀਪ 'ਚੋਂ ਥੱਲੇ ਸੁੱਟ ਲਿਆ ਤੇ ਧਰ ਦਿੱਤੀਆਂ ਤਿੰਨ ਚਾਰ ਮੌਰਾਂ 'ਚ। ਬਸ਼ੀਰਾ ਤਰਲੇ ਕੱਢਦਾ ਬੋਲਿਆ, 'ਸਰਦਾਰ ਮਾਈ ਬਾਪ, ਗਲਤੀ ਹੋਗੀ, ਗਾਂਹ ਨੂੰ ਨੀ ਵੇਚਦਾ।"

ਥਾਣੇਦਾਰ ਨੇ ਦੋ ਹੋਰ ਮਾਰਦਿਆਂ ਕਿਹਾ, "ਸਾਲਿਆ ਜੇ ਤੂੰ ਨੀ ਵੇਚੇਗਾ ਤਾਂ ਸਾਡਾ ਕੀ ਬਣੂ ਤੂੰ ਐਂ ਕਹਿ ਬਈ ਮਹੀਨਾ ਪਹੁੰਚਾਇਆ ਕਰੂੰਗਾ।' ਬਸ਼ੀਰਾ ਹੁਣ ਖੁਸ਼ ਸੀ ਉਸਨੂੰ ਹੁਣ ਕੰਮ ਕਰਨ ਦਾ ਢੰਗ ਆ ਗਿਆ ਸੀ।

**ਰਮੇਸ਼ ਕੁਮਾਰ ਅਗਰਵਾਲ**

## ਨੌਕਰੀ

...ਟਰਨ...ਟਰਨਟਰਨ...
ਟ..ਰ..ਨ
....ਹੈਲੋ?
.....ਕੌਣ? ਮਧੂ ਜੀ ਬੋਲ ਰਹੇ
...ਹਾਂ, ਮੈਂ ਮਧੂ ਹੀ ਬੋਲ ਰਹੀ ਆਂ, ਸੁਸ਼ਮਾ ਦੱਸ ਕੀ ਗੱਲ ਏ?
...ਤੁਸੀਂ ਅਜ ਆਫਿਸ ਨਹੀਂ ਗਏ? ਕੀ ਸਰਵਿਸ ਛੱਡ ਦਿੱਤੀ ਜੇ?
..ਨਹੀਂ ਤਾਂ...ਕਿਉਂ?
...ਅਕਸਰ ਤੁਹਾਨੂੰ ਘਰ ਹੀ ਵੇਖੀਦਾ ਏ, ਸ਼ਾਇਦ ਲੰਬੀ ਛੁੱਟੀ ਤੇ ਹੋਵੋਗੇ?



....ਨਹੀਂ, ਛੁੱਟੀ ਤੇ ਤਾਂ ਨਹੀਂ ਆਂ, ਆਫਿਸ ਹੀ ਲੇਟ ਜਾਈਦਾ ਏ, ਛੁੱਟੀ ਤਾਂ ਜਿੰਨੀ ਚਾਹਵਾਂ ਮਿਲ ਜਾਂਦੀ ਹੈ।
...ਉਹ ਕਿਸ ਤਰ੍ਹਾਂ?
....ਬਸ ਬੁੱਢੇ ਅਫਸਰ ਦਾ ਦਿਲ ਪਰਚਾਉਣਾ, ਉਸ ਦੀ ਕਿਸੇ ਬੇਢੰਗੀ ਗੱਲ ਤੇ ਹੱਸ ਕੇ ਪਰ ਜ਼ਰਾ ਅਦਾ ਨਾਲ ਤੇ ਲੋ-ਕਟ ਬਲਾਊਜ਼ ਪਾ ਕੇ ਅੱਧਾ ਪੌਣਾ ਘੰਟਾ ਸਾਹਮਣੇ ਬੈਠਣ ਤੇ ਲੇ ਟ ਕਵਰ ਹੋ ਜਾਂਦੀ ਏ ਤੇ ਛੁੱਟੀ ਵੀ ਜਦੋਂ ਮਰਜ਼ੀ।
...ਤੇ ਤਨਖਾਹ
...ਅਕਾਊਂਟੈਂਟ ਆਪਣੇ ਦੂਸਰੇ ਸਾਥੀਆਂ ਤੋਂ ਅੱਖ ਬਚਾਕੇ ਹੱਥ ਮਿਲਾਣ ਤੇ ਨਸ਼ਿਆਇਆ ਰਹਿੰਦਾ ਏ ਤਨਖਾਹ ਘਰ ਆ ਜਾਂਦੀ ਏ।
...ਪਰ ਐਨੀ ਛੁੱਟੀ?
...ਆਪਣੀ ਸੀਟ ਤੋਂ ਉਠਦਿਆਂ ਬੈਠਦਿਆਂ ਇੰਚਾਰਜ ਨਾਲ ਬਸ ਕਦੇ ਕਦੇ ਜ਼ਰਾ ਖਹਿਕੇ ਲੰਘ ਜਾਈਦਾ ਏ, ਛੁੱਟੀ ਐਂਟਰ ਨਹੀਂ ਹੁੰਦੀ।

**ਹਰਭਜਨ ਸਿੰਘ ਖੇਮਕਰਨੀ**

# "ਨਸ਼ਿਆਂ ਤੋਂ ਬਚਾਅ ਸਬੰਧੀ ਉਪਾਅ, ਰੋਕਥਾਮ"

ਅੱਜ ਦੇ ਇਸ ਤੇਜ਼ ਰਫਤਾਰ ਸਮੇਂ ਦੌਰਾਨ ਮਨੁੱਖ ਦੀ ਤੇਜ਼ੀ ਨਾਲ ਤਰੱਕੀ ਕਰਨ ਦੀ ਲਾਲਸਾ ਤੇ ਸਮੇਂ ਤੋਂ ਪਹਿਲਾਂ ਅਮੀਰ ਬਨਣ ਅਤੇ ਆਪਣੇ ਜ਼ਿੰਦਗੀ ਦੇ ਅਸਲ ਮੁਕਾਮ ਤੱਕ ਪਹੁੰਚਣ ਦੀ ਦੌੜ ਨੇ ਵਿਅਕਤੀ ਨੂੰ ਅੰਨ੍ਹਾ ਕਰ ਦਿੱਤਾ ਹੈ ਕਿ ਉਹ ਸਭ ਕੁੱਝ ਭੁੱਲ-ਭੁੱਲਾ ਕੇ ਦਿਨ-ਰਾਤ ਮਿਹਨਤ ਮੁਸ਼ੱਕਤ ਕਰਨ ਵਿੱਚ ਲੱਗਿਆ ਰਹਿੰਦਾ ਹੈ ਜਿਸ ਦੌਰਾਨ ਉਸਨੂੰ ਆਪਣੇ ਸ਼ਰੀਰ ਦੀ ਸਾਂਭ-ਸੰਭਾਲ ਰੱਖਣਾ ਤਾਂ ਦੂਰ ਦੀ ਗੱਲ ਉਹ ਸ਼ਿਫਟਾ ਲਾ ਕੇ ਘੰਟਿਆ ਬੰਦੀ ਕੰਮ ਵਿੱਚ ਜੁੱਟਿਆ ਹੋਇਆ ਆਪਣੇ ਸਰੀਰ ਨੂੰ ਵੱਖ-ਵੱਖ ਕਿਸਮ ਦੇ ਨਸ਼ਿਆ ਵਿੱਚ ਧੱਕ ਦਿੰਦਾ ਹੈ ਆਪਣੇ ਸਰੀਰ ਤੋਂ ਲੋੜ ਤੋਂ ਵੱਧ ਜ਼ੋਰ ਲਾਉਣ ਅਤੇ ਸਮੇਂ ਤੋ ਵਧਕੇ ਕੰਮ ਕਰਨ ਦੀ ਲਾਲਸਾ ਉਸਨੂੰ ਕਈ ਖਤਰਨਾਕ ਨਸ਼ਿਆ ਦਾ ਆਦੀ ਬਣਾ ਛੱਡਦੀ ਹੈ ਜੋ ਕਿ ਹੌਲੀ-ਹੌਲੀ ਉਹ ਇਹਨਾਂ ਵਿੱਚ ਡੁੱਬਦਾ ਜਾਂਦਾ ਹੈ ਅਤੇ ਉਸਨੂੰ ਇਹ ਤੱਕ ਯਾਦ ਨਹੀ ਰਹਿੰਦਾ ਕਿ ਉਹ ਕਿਸੇ ਨਸ਼ੇ ਦਾ ਗੁਲਾਮ ਹੋ ਗਿਆ ਹੈ ।ਕਈ ਵਾਰ ਵਿਅਕਤੀ ਇਹ ਸਮਝ ਹੀ ਨਹੀ ਸਕਦਾ ਕਿ ਅਸਲ ਵਿੱਚ ਉਹ ਕਿਵੇ ਅਤੇ ਕਿਸ ਤਰ੍ਹਾ ਨਸ਼ੇ ਦਾ ਗੁਲਾਮ ਬਣਿਆ ।ਸਭ ਤੋਂ ਅਹਿਮ ਅਤੇ ਵਿਸ਼ੇਸ ਗੱਲ ਸਮਝਣ ਦੀ ਲੋੜ ਹੋ ਕਿ ਅਸਲ ਵਿੱਚ ਨਸ਼ਾ ਹੈ ਕੀ........?



ਨਸ਼ਾਂ ਕੀ ਹੈ ?

ਨਸ਼ਾਂ ਜੋ ਕਿ ਇੱਕ ਮਿੱਠਾ ਜਹਿਰ ਹੈ ਕੋਈ ਵੀ ਵਸਤੂ ਜਿਸਦੀ ਲੋੜ ਅਤੇ ਮਾਤਰਾਂ ਤੋ ਜਿਆਦਾ ਸੇਵਨ ਕਰਨਾ ਜਾਂ ਫਿਰ ਇੱਕ ਗੋਲੀ ਜਾਂ ਦਵਾਈ ਦੇ ਤੌਰ ਤੋ ਲੰਬੇ ਸਮੇਂ ਤੋਂ ਲੈਣਾ ਅਤੇ ਉਸਦੀ ਆਦਤ ਪੈ ਜਾਣਾ ਇਸ ਤਰ੍ਹਾ ਰੋਜ਼ਾਨਾ ਦੀ ਆਦਤ ਅਤੇ ਉਸਦਾ ਸੇਵਨ ਜੋ ਕਿ ਪਹਿਲਾਂ-ਪਹਿਲ ਸਾਨੂੰ ਅਰਾਮ ਅਤੇ ਖੁਸ਼ੀ ਦਿੰਦਾ ਹੈ।ਪਰੰਤੂ ਅੰਤ ਵਿੱਚ ਇਹ ਸਾਡੀ ਅੰਦਰੂਨੀ ਕਮਜੋਰੀ ਵਜੋਂ ਉੱਭਰ ਕੇ ਸਾਹਮਣੇ ਆਉਦਾਂ ਹੈ। ਜਿਸ ਕਾਰਨ ਵਿਅਕਤੀ ਆਪਣੇ ਆਪ ਤੋਂ ਬੇਖਬਰ ਹੋ ਜਾਂਦਾ ਹੈ।ਅਤੇ ਉਸ ਨਸ਼ੇ ਅਤੇ ਦਵਾਈ ਦਾ ਆਦੀ ਹੋ ਜਾਂਦਾ ਹੈ।ਜਿਸ ਤੋਂ ਬਿਨ੍ਹਾਂ ਉਸਦਾ ਗੁਜਾਰਾ ਅਸੰਭਵ ਹੋ ਜਾਂਦਾ ਹੈ ।ਅਤੇ ਹੌਲੀ-ਹੌਲੀ ਉਹ ਵਿਅਕਤੀ ਉਸ ਨਸ਼ੇ ਦੇ ਅੰਦਰ ਧਸਦਾ ਚਲਾ ਜਾਂਦਾ ਹੈ।

ਇਸ ਤਰ੍ਹਾਂ ਇਹ ਨਸ਼ਾ ਜੋ ਕਿ ਅੱਗੇ ਚਲ ਕੇ ਬਹੁਤ ਹੀ ਭਿਆਨਕ ਰੂਪ ਅਖਿਤਿਆਰ ਕਰ ਲੈਂਦਾ ਹੈ ਜਿਸ ਵਿੱਚ ਘਰਾਂ ਦੇ ਇਕਲੌਤੇ ਦੀਵੇ ਤੱਕ ਬੁੱਝ ਜਾਂਦੇ ਹਨ ਇਹਨਾਂ ਨਸ਼ਿਆ ਬਾਰੇ ਇਕ ਵਿਦਵਾਨ ਨੇ ਬੜਾ ਸੋਹਣਾ ਲਿਖਿਆ ਹੈ........

ਬੰਦ ਬੋਤਲ ਨੂੰ ਬੰਦਿਆ ਖੋਲ ਨਾ ਤੂੰ<br>
ਇਸ ਬੋਤਲ ਦੇ ਵਿੱਚ ਕੰਗਾਲੀਆ ਨੇ<br>
ਇਹਨੇ ਰਚਕੇ ਕਈਆ ਦੇ ਦਿਲਾ ਅੰਦਰ<br>
ਕਾਂਗੜਾ ਵਾਗਰਾਂ ਹੱਡੀਆ ਗਾਲੀਆ ਨੇ<br>
ਯਾਰੋ ਸੁੱਕ ਸਰੀਰ 'ਚ ਖੂਨ ਜਾਂਦਾ<br>
ਉੱਡ ਚਿਹਰੇ ਤੋਂ ਜਾਂਦੀਆ ਲਾਲੀਆ ਨੇ

ਇਸ ਪ੍ਰਕਾਰ ਨਸ਼ਾਖੋਰੀ ਇੱਕ ਸਮਾਜਿਕ ਸਮੱਸਿਆ ਬਣਕੇ ਸਾਹਮਣੇ ਆ ਰਹੀ ਹੈ ਜੋ ਕਿ ਇਹ ਸਮੱਸਿਆ ਬਹੁਤ ਤੇਜ਼ੀ ਨਾਲ ਸਾਡੇ ਸਮਾਜ ਵਿੱਚ ਆਪਣੀਆ ਜੜ੍ਹਾਂ ਜਮਾ ਚੁੱਕੀ ਹੈ। ਅੱਜ ਦੇ ਇਸ ਤੇਜ਼ ਰਫ਼ਤਾਰ ਯੁੱਗ ਵਿੱਚ ਹਰ ਇੱਕ ਵਿਅਕਤੀ ਬੱਚੇ ਤੋ ਲੈ ਕੇ ਬਜੁਰਗਾਂ ਤੱਕ ਹਰ ਕੋਈ ਇਸ ਨਸ਼ਾਖੋਰੀ ਦਾ ਆਦੀ ਹੋ ਰਿਹਾ ਹੈ। ਇਸ ਤਰ੍ਹਾਂ ਦੇ ਸੇਵਨ ਕਰਨ ਵਾਲੇ ਵਿਅਕਤੀ ਕਹਿੰਦੇ ਹਨ ਕਿ ਅਸੀ ਇਸਦਾ ਸੇਵਨ ਨਸ਼ੀਲੀਆ ਦਵਾਈਆ ਜੋ ਕਿ ਸਾਡੇ ਸਰੀਰ ਨੂੰ ਅਰਾਮ ਅਤੇ ਖੁਸ਼ੀ ਦਿੰਦੀਆ ਹਨ ਪਰੰਤੂ ਉਹਨਾਂ ਨੂੰ ਇਹ ਪਤਾ ਹੀ ਨਹੀ ਚਲਦਾ ਕਿ ਇਸ ਤਰ੍ਹਾਂ ਦਾ ਅਰਾਮ ਅਤੇ ਖੁਸ਼ੀ ਉਹਨਾ ਦੇ ਸਰੀਰ ਦਾ ਸੰਤੁਲਨ ਵਿਗਾੜ ਕੇ ਰੱਖ ਦਿੰਦੀਆ ਹਨ ।ਨਸ਼ੇ ਦੀ ਸਰੀਰ ਅੰਦਰ ਪਹਿਚਾਣ ਕਿਵੇਂ ਕਰੀਏ ?

ਸਾਡੇ ਸਰੀਰ ਅੰਦਰ ਬਿਮਾਰੀ ਨਾਲ ਲੜਨ ਲਈ ਅਤੇ ਸਰੀਰ ਨੂੰ ਤੰਦਰੁਸਤ ਰੱਖਣ ਲਈ ਕੁੱਝ ਜੀਵਾਣੂ ਹੁੰਦੇ ਹਨ ਪਰੰਤੂ ਨਸ਼ੀਲੀਆ ਦਵਾਈਆ ਅਤੇ ਨਸ਼ੇ ਦੀ ਲਗਾਤਾਰ ਰੋਜ਼ਾਨਾ ਵਰਤੋਂ ਉਹਨਾਂ ਨੂੰ ਅੰਦਰੋ-ਅੰਦਰੀ ਮਾਰ ਦਿੰਦੀਆ ਹਨ। ਜਿਸ ਕਾਰਨ ਸਰੀਰ ਵਿੱਚ ਬਿਮਾਰੀਆ ਨਾਲ ਲੜਨ ਦੀ ਸ਼ਕਤੀ ਜੋ ਕਿ ਬਿਲਕੁਲ ਹੀ ਖਤਮ ਹੋ ਜਾਂਦੀ ਹੈ ਜਿਸਦੀ ਵਜ੍ਹਾਂ ਕਾਰਨ ਪੀੜਤ ਵਿਅਕਤੀ ਜਲਦੀ ਹੀ ਬਿਮਾਰੀਆਂ ਅਤੇ ਨਸ਼ੇ ਦਾ ਸ਼ਿਕਾਰ ਹੋ ਜਾਂਦਾ ਹੈ । ਜਿਸ ਕਾਰਨ ਉਹ ਛੋਟੀ ਤੋਂ ਛੋਟੀ ਬਿਮਾਰੀ ਦੀ ਲਪੇਟ ਵਿੱਚ ਜਲਦੀ ਆ ਜਾਂਦਾ ਹੈ ਅਤੇ ਇਹ ਬਿਮਾਰੀ ਜੋ ਕਿ ਲੰਬਾ ਸਮਾਂ ਉਸਦੇ ਸਰੀਰ ਨੂੰ ਚਿੰਬੜੀ ਰਹਿੰਦੀ ਹੈ ਅਤੇ ਨਸ਼ਾ ਕਰਨ ਵਾਲਾ ਵਿਅਕਤੀ ਹਮੇਸ਼ਾ ਕਾਹਲ ਵਿੱਚ ਰਹਿੰਦਾ ਹੈ ਅਤੇ ਉਸਦੇ ਚਿਹਰੇ ਦਾ ਰੰਗ ਹਰ ਸਮੇਂ ਲਾਲ ਜਾਂ ਗੁਲਾਬੀ ਹੋਇਆ ਰਹਿੰਦਾ ਹੈ ਇਸਦੇ ਨਾਲ ਹੀ ਉਸਦੀਆ ਅੱਖਾਂ ਅਤੇ ਉਸਦੇ ਕੰਮ ਕਰਨ ਦੇ ਢੰਗ ਜਾਂ ਬੋਲ-ਬਾਣੀ, ਤੁਰਨ-ਫਿਰਨ ਤੋਂ ਆਮ ਲੋਕ ਜਲਦੀ ਹੀ ਅੰਦਾਜ਼ਾ ਲਗਾ ਲੈਂਦੇ ਹਨ ਜੋ ਕਿ ਹਮੇਸ਼ਾ ਜਿਆਦਾਤਰ ਸਹੀ ਸਾਬਿਤ ਹੁੰਦਾ ਹੈ ।

ਨਸ਼ਾਖੋਰੀ ਦੇ ਕਾਰਨ..........?

ਨਸ਼ੇ ਕਿਹੜੇ ਹਨ ਅਤੇ ਇਹਨਾਂ ਦੇ ਕਾਰਨ ਕੀ ਹਨ ? ਜਿਸ ਵਿੱਚ ਬੀੜੀ, ਸਿਗਰਟ, ਸ਼ਰਾਬ, ਭੁੱਕੀ, ਅਫੀਮ, ਟੀਕੇ, ਕੋਕੀਨ, ਭੰਗ, ਚਰਸ਼, ਗਾਜਾ, ਚਿੱਟਾ, ਬਰਾਉਨ ਸ਼ੂਗਰ ਆਦਿ ਇਹ ਸਭ ਨਸ਼ੀਲੀਆਂ ਵਸਤੂਆਂ ਜੋ ਕਿ ਨਸ਼ੇ ਦੇ ਰੂਪ ਵਿੱਚ ਜਾਣੀਆ ਜਾਂਦੀਆ ਹਨ ।

ਕਾਰਨ, ਨਿਸ਼ਾਨੀਆ.............।

ਨੀਂਦ ਨਾ ਆਉਣਾ<br>
ਕੰਮ 'ਚ ਦਿਲ ਨਾ ਲੱਗਣਾ<br>
ਚਿੜਚਿੜਾ ਸ਼ੁਭਾਅ<br>
ਅੱਖਾਂ ਵਿੱਚ ਲਾਲੀ<br>
ਟੈਨਸ਼ਨ, ਦਿਮਾਗ ਤੇ ਬੋਝ<br>
ਤਨਾਅ<br>
ਜਿਆਦਾ ਕੰਮ ਕਰਨਾ<br>
ਮਾੜੀ ਸੰਗਤ

ਇਸ ਤਰ੍ਹਾ ਇਹ ਸਭ ਕਾਰਨ, ਵਜ੍ਹਾ ਬਣਦੇ ਹਨ ਅਤੇ ਵਿਸ਼ੇਸ ਨਿਸ਼ਾਨੀਆਂ ਵਜੋਂ ਉੱਭਰਕੇ ਸਾਹਮਣੇ ਸਪੱਸ਼ਟ ਸੰਕੇਤ ਕਰਦੇ ਹਨ । ਸਰਵੇਖਣ ਵਿੱਚ ਇੱਕ ਗੱਲ ਸਾਹਮਣੇ ਆਈ ਹੈ ਕਿ ਹਰ ਦਸ ਮਿੰਟ ਬਾਅਦ ਬਲਣ ਵਾਲਾ ਸਿਵਾ ਇੱਕ ਨਸ਼ਈ ਜਾ ਨਸ਼ੇ ਕਰਨ ਵਾਲੇ ਵਿਅਕਤੀ ਦਾ ਹੁੰਦਾ ਹੈ ।ਇਹਨਾਂ ਨਸ਼ਿਆ ਦੇ ਕਾਰਨ ਹੀ ਅਨੇਕਾ ਦੁਰਘਟਨਾਵਾਂ, ਬਲਤਕਾਰ, ਕਤਲ, ਲੜਾਈਆਂ, ਤਲਾਕ, ਰਿਸ਼ਤਿਆ ਦੀ ਟੁੱਟ ਭੱਜ ਹੁੰਦੀ ਹੈ ।ਰੋਜਾਨਾ ਕਿੰਨੀਆਂ ਹੀ ਸੁਹਾਗਣਾ ਦੇ ਸੁਹਾਗ ਉਜੜਦੇ ਵਿਖਾਈ ਦਿੰਦੇ ਹਨ ਉਹਨਾਂ ਦੇ ਪਿੱਛੇ ਲਵਾਰਿਸ ਬੱਚੇ ਬੁੱਢੇ ਮਾਂ-ਪਿਓ ਜਿਹਨਾਂ ਦਾ ਦੁੱਖ ਜੋ ਕਿ ਸ਼ਬਦਾਂ ਵਿੱਚ ਬਿਆਨ ਨਹੀ ਕੀਤਾ ਜਾ ਸਕਦਾ ।ਜੁਰਮਾਂ ਦੇ ਗਰਾਫ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ।ਅੱਜ ਦੇ ਨੌਜਵਾਨ ਨਸ਼ਿਆ ਦੀ ਲਪੇਟ ਵਿੱਚ ਆ ਕੇ ਨਾ ਸ਼ਿਰਫ ਆਪਣਾ-ਆਪ ਹੀ ਬਰਬਾਦ ਨਹੀ ਕਰਦੇ ਸਗੋਂ ਆਪਣੇ ਮਾਪਿਆ ਦੇ ਸੰਜੋਏ ਸੁਪਨਿਆਂ ਨੂੰ ਵੀ ਖੇਰੂ-ਖੇਰੂ ਕਰਦੇ ਹਨ ।ਜਦੋਂ ਤੱਕ ਮਾਪੇ ਗੋਰ ਕਰਦੇ ਹਨ ਉਦੋ ਤੱਕ ਸਥਿਤੀ ਕਾਬੂ ਤੋਂ ਬਾਹਰ ਹੋ ਜਾਂਦੀ ਹੈ ਜਿਉਂ-ਜਿਉਂ ਬੱਚੇ ਵੱਡੇ ਜਵਾਨ ਹੁੰਦੇ ਹਨ ਉਹਨਾਂ ਦੇ ਸੁਪਨੇ ਵੀ ਵੱਡੇ ਹੁੰਦੇ ਜਾਂਦੇ ਹਨ । ਉਹ ਸੁਪਨੇ ਤੋਂ ਜਾਣੂ ਤਾਂ ਹੋ ਜਾਂਦੇ ਹਨ ਪਰ ਉਹਨਾਂ ਸੁਪਨਿਆਂ ਦੀ ਪੂਰਤੀ ਕਿਝ ਕਰਨੀ ਹੈ ਤੋ ਜਾਣੂ ਨਹੀਂ ਹੁੰਦੇ ।ਜਿਸ ਲਈ ਉਹ ਗਲਤ ਦਿਸ਼ਾ ਨਿਰਦੇਸ਼ ਚੁਣਦੇ ਹਨ ।ਅਤੇ ਸੋਰਟ-ਕੱਟ ਰਾਸਤੇ ਚੁਣਦੇ ਹਨ ਪਰੰਤੂ ਉਸ ਸਮੇਂ ਮਾਪਿਆਂ ਦੇ ਮਾਰਗ ਦਰਸ਼ਨ ਦੀ ਲੋੜ ਹੁੰਦੀ ਹੈ ਉਹ ਉਸ ਵੇਲੇ ਜਿਹੜੇ ਮਾਪੇ ਸਥਿਤੀ ਨੂੰ ਸਮਝ ਲੈਂਦੇ ਹਨ ।ਉਹਨਾਂ ਦੇ ਬੱਚਿਆ ਦੇ ਹਰ ਸੁਪਨੇ ਕਰ ਲੈਂਦੇ ਹਨ ਇਸਦੇ ਉਲਟ ਜੋ ਸਮੇਂ ਦੀ ਨਜਾਕਤ ਨੂੰ ਨਹੀ ਸਮਝਦੇ ਸਿਰਫ ਪੈਸਾ ਕਮਾਉਣ ਤਰੱਕੀ ਕਰਨ ਤੱਕ ਸੀਮਤ ਰਹਿੰਦੇ ਹਨ। ਉਹ ਹਰ ਪਾਸੇ ਤੋਂ ਨਾਕਾਮਯਾਬ ਅਤੇ ਫੇਲ ਹੋ ਜਾਂਦੇ ਹਨ ।ਅੰਤ ਵਿੱਚ ਉਹ ਸਥਿਤੀ ਉੱਪਰ ਕਾਬੂ ਪਾਉਣ ਲਈ ਆਪਣੇ ਬੱਚਿਆ ਉੱਪਰ ਪ੍ਰੈਸ਼ਰ ਪਾਉਂਦੇ ਹਨ ਗਾਲੀ ਗਲੋਚ ਕਰਦੇ ਹਨ ਪਿਆਰ ਨਾਲ ਨਹੀ ਸਮਝਾਉਂਦੇ ਅੰਤ ਉਹਨਾਂ ਦੇ ਬੱਚੇ ਨਸ਼ਿਆ ਦੇ ਰਾਹ ਪੈ ਜਾਂਦੇ ਹਨ । ਜਿਸ ਕਰਕੇ ਉਹ ਆਪਣੇ ਅਤੇ ਆਪਣੇ ਮਾਪਿਆ ਦੀ ਇੱਜਤ ਮਿੱਟੀ ਵਿੱਚ ਰੋਲ ਦਿੰਦੇ ਹਨ।ਇਸ ਕਰਕੇ ਇੱਕ ਸਾਇਰ ਨੇ ਕਿਹਾ ਹੈ.........

ਸੁਪਨੇ ਹਮੇਸ਼ਾ ਨੀਂਦ ਵਿੱਚ ਨਹੀਂ ਲੈਣੇ ਚਾਹੀਦੇ<br>
ਸੁਪਨੇ ਜਾਗਦਿਆਂ ਲੈਣੇ ਚਾਹੀਦੇ ਹਨ, ਤਾਂ ਕਿ ਪੂਰੇ ਹੋ ਸਕਣ ।

ਨਸ਼ੇ ਤੋ ਕਿਵੇ ਬਚੀਏ............?

ਨੌਜਵਾਨ ਬੱਚਿਆ ਨੂੰ ਨਸ਼ਿਆ ਤੋਂ ਬਚਾਅ ਲਈ ਸਭ ਤੋ ਅਹਿਮ ਅਤੇ ਵਿਸ਼ੇਸ ਯੋਗਦਾਨ ਉਹਨਾਂ ਦੇ ਖੁਦ ਦੇ ਮਾਪੇ ਇਹ ਵਿਸ਼ੇਸ ਰੋਲ ਅਦਾ ਕਰ ਸਕਦੇ ਹਨ।ਉਹਨਾਂ ਨੂੰ ਚਾਹੀਦਾ ਹੈ ਕਿ ਬੱਚੇ ਦੀ ਹਰ ਹਰਕਤ ਅਤੇ ਉਸਦੀ ਦੋਸਤਾਂ ਦੀ ਸੰਗਤ ਕਿਵੇਂ ਦੀ ਹੈ ਅਤੇ ਬੱਚਿਆ ਪ੍ਰਤਿ ਆਪਣੀ ਵਿਸ਼ੇਸ ਜਿੰਮੇਵਾਰੀ ਅਤੇ ਫਰਜ ਕਿ ਉਹ ਕਿਸ ਸਮੇਂ ਅਤੇ ਕਦੋਂ ਕਿਥੇ ਜਾਂਦੇ ਹਨ ਅਤੇ ਕਦੋਂ ਵਾਪਿਸ ਆਉਂਦੇ ਹਨ ਬੱਚਿਆ ਉੱਪਰ ਕਰੜੀ ਨਜਰ ਰੱਖਣ ਅਤੇ ਵਿਸ਼ੇਸ ਵਿਅਕਤੀ ਦੁਆਰਾ ਆਪਣੇ ਬੱਚੇ ਦੀ ਸ਼ਿਕਾਇਤ ਦੱਸਣ ਉਪਰੰਤ ਉਸਦਾ ਧੰਨਵਾਦ ਕਰਨ ਨਾ ਕਿ ਉਲਟਾ ਉਸਨੂੰ ਗਾਲੀ ਗਲੋਚ ਕਰਨ ਕਿ ਹਮੇਸ਼ਾ ਸਾਡਾ ਬੱਚਾ ਹੀ ਸਹੀ ਹੈ ।ਇਸ ਤੋ ਇਲਾਵਾ ਹਰ ਪ੍ਰਕਾਰ ਦੀ ਖਾਣ-ਪੀਣ ਦੀਆਂ ਵਸਤੂਆਂ ਵੱਲ ਵਿਸ਼ੇਸ ਧਿਆਨ ਦੇਣ ਕਿ ਉਹਨਾਂ ਦਾ ਬੱਚਾ ਕਿਸੇ ਪ੍ਰਕਾਰ ਦੇ ਨਸ਼ੇ ਦੀ ਆਦਤ ਦਾ ਸ਼ਿਕਾਰ ਤਾਂ ਨਹੀ ।

ਇਸ ਪ੍ਰਕਾਰ ਸਮਝਦਾਰ ਮਾਪੇ ਆਪਣੇ ਬੱਚਿਆਂ ਸਾਹਮਣੇ ਕਦੇਂ ਵੀ ਇਹ ਹਰਕਤਾਂ ਨਹੀਂ ਕਰਦੇ ਜਿਵੇਂ ਕਿ :-

ਬੱਚਿਆਂ ਤੋਂ ਦਾਰੂ ਦੀ ਬੋਤਲ ਮੰਗਵਾਉਣਾ ।

ਘਰ ਵਿੱਚ ਦੋਸਤਾਂ-ਮਿੱਤਰਾਂ ਨੂੰ ਬੁਲਾਕੇ ਬੱਚਿਆਂ ਤੋਂ ਸ਼ਰਾਬ ਅਤੇ ਹੋਰ ਸਮਗੱਰੀ ਮੰਗਵਾਉਣਾ ਜਿਸ ਕਾਰਨ ਬੱਚੇ ਮਾਪਿਆ ਤੋਂ ਡਰਨੋ ਹੱਟ ਜਾਂਦੇ ਹਨ ਅਤੇ ਉਹਨਾਂ ਦੀ ਨਕਲ ਕਰਦੇ ਹਨ ਅਤੇ ਉਹਨਾਂ ਦੇ ਪਿੱਛੋ ਉਹ ਵੀ ਨਸ਼ੇ ਦੇ ਆਦਿ ਹੋ ਜਾਂਦੇ ਹਨ।

ਇਸ ਪ੍ਰਕਾਰ ਲੋੜ ਹੈ ਸਮਝਣ ਦੀ ਜਿਨ੍ਹਾਂ ਚਿਰ ਮਾਪੇ ਆਪਣੇ ਬੱਚਿਆਂ ਲਈ ਰੋਲ ਮਾਡਲ ਨਹੀਂ ਬਣਦੇ ਉਨ੍ਹਾਂ ਚਿਰ ਬੱਚੇ ਦੇ ਚੰਗੇ ਰਾਹ ਤੇ ਤੁਰਣ ਦਾ ਆਸ ਨਹੀ ਰੱਖ ਸਕਦੇ ਜੇਕਰ ਘਰ ਨਸ਼ਾ ਰਹਿਤ ਹੈ ਤਾਂ ਅਸੀ ਵਧੀਆ ਸਮਾਜ ਸਿਰਜਣ ਵਿੱਚ ਯੋਗਦਾਨ ਪਾ ਸਕਦੇ ਹਾਂ ।ਅਤੇ ਤੰਦਰੁਸ਼ਤ ਨੌਜਵਾਨ ਹੀ ਸਾਡੇ ਸਮਾਜ ਅਤੇ ਦੇਸ਼ ਦਾ ਅਸਲ ਭਵਿੱਖ ਹੁੰਦੇ ਹਨ ਜਿਸ ਸਮਾਜ ਵਿਚਲੇ ਨੌਜਵਾਨ ਨਸ਼ੇ ਤੋ ਮੁਕਤ ਅਤੇ ਸ਼ਰੀਰਕ ਪੱਖੋ ਤੰਦਰੁਸਤ ਹੁੰਦੇ ਹਨ ਉਸ ਸਮਾਜ ਦੀ ਤਰੱਕੀ ਅਤੇ ਉੱਨਤੀ ਦੀ ਰਾਹ ਵਿੱਚ ਕਿਸੇ ਪ੍ਰਕਾਰ ਦੀ ਰੁਕਾਵਟ ਜਾਂ ਅੜਚਣ ਪੈਦਾ ਨਹੀਂ ਹੁੰਦੀ ।

**ਜਗਮੀਤ ਸਿੰਘ ਚੁੰਬਰ**<br>
**ਪਿੰਡ ਤੇ ਡਾਕ ਬਰੜਵਾਲ**<br>
**ਫੋਨ ਨੰ :- 96536-39891**

# ਮੁੜ ਸ਼ੁਰੂ ਹੋਏ ਹਾਊਸ ਆਫ਼ ਕਾਮਨਜ਼ ਸੈਸ਼ਨ ਦੌਰਾਨ ਕਈ ਅਹਿਮ ਮੁੱਦਿਆਂ 'ਤੇ ਹੋਵੇਗੀ ਚਰਚਾ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਇਸ ਸਾਲ ਵਿੱਚ ਹਾਊਸ ਆਫ ਕਾਮਨਸ ਦਾ ਪਹਿਲਾ ਸੈਸ਼ਨ ਸ਼ੁਰੂ ਹੋਣ ਤੋਂ ਪਹਿਲਾਂ ਕਈ ਦਿਨਾਂ ਤੱਕ ਸੱਤਾਧਾਰੀ ਲਿਬਰਲ ਪਾਰਟੀ ਅਤੇ ਵਿਰੋਧੀ ਧਿਰਾਂ ਕੰਜ਼ਰਵਟਿਵ ਪਾਰਟੀ ਅਤੇ ਬਲਾਕ ਕਿਊਬੈਕਵਾ ਦੇ ਆਗੂਆਂ ਵੱਲੋਂ ਇੱਕ ਦੂਜੇ ਉਪਰ ਤਿੱਖੇ ਸ਼ਬਦੀ ਹਮਲੇ ਹੁੰਦੇ ਰਹੇ ਅਤੇ ਇਨ੍ਹਾਂ ਆਗੂਆਂ ਦੇ ਬਿਆਨਾਂ ਦਾ ਅਸਰ ਸੈਸ਼ਨ ਦੌਰਾਨ ਵੀ ਦੇਖਣ ਨੂੰ ਮਿਲਣ ਦੀ ਸੰਭਾਵਨਾ ਹੈ ਇਸ ਸੈਸ਼ਨ ਵਿਚ ਕਈ ਅਹਿਮ ਮੁੱਦੇ ਵਿਚਾਰੇ ਜਾਣੇ ਹਨ। ਫੈਡਰਲ ਐਨਡੀਪੀ ਆਗੂ ਜਗਮੀਤ ਸਿੰਘ ਨੇ ਮੰਗ ਕੀਤੀ ਹੈ ਕਿ ਹਾਊਸ ਆਫ ਕਾਮਨਜ਼ ਵਿੱਚ ਹੈਲਥ ਕੇਅਰ ਦਾ ਨਿੱਜੀਕਰਣ ਕੀਤੇ ਜਾਣ ਦੇ ਮਾਮਲੇ ਉੱਤੇ ਐਮਰਜੰਸੀ ਬਹਿਸ ਕਰਵਾਈ ਜਾਵੇ। ਜਗਮੀਤ ਸਿੰਘ ਨੇ ਆਖਿਆ ਕਿ ਹੈਲਥ ਕੇਅਰ ਦਾ ਮਾਮਲਾ ਸਾਡੇ ਲਈ ਮੁੱਖ ਹੈ ਤੇ ਇੱਥੇ ਪਹਿਲਾਂ ਹੀ ਸਟਾਫ ਦੀ ਕਾਫੀ ਘਾਟ ਪਾਈ ਜਾ ਰਹੀ ਹੈ ਤੇ ਜੇ ਇਹ ਸਾਰਾ ਸਿਸਟਮ ਪ੍ਰਾਈਵੇਟ ਹੱਥਾਂ ਵਿੱਚ ਚਲਾ ਗਿਆ ਤਾਂ ਹਸਪਤਾਲ ਡਾਕਟਰਾਂ ਤੇ ਨਰਸਾਂ ਤੋਂ ਹੋਰ ਸੱਖਣੇ ਹੋ ਜਾਣਗੇ। ਵਰਨਣਯੋਗ ਹੈ ਕਿ ਓਨਟਾਰੀਓ ਅਲਬਰਟਾ ਤੇ ਸਸਕੈਚਵਨ ਦੀਆਂ ਸਰਕਾਰਾਂ ਵੱਲੋਂ ਕਈ ਸਰਜਰੀਆਂ ਦਾ ਕੰਮ ਨਿੱਜੀ ਹੱਥਾਂ ਵਿਚ ਦੇਣ ਵਰਗੇ ਕਦਮ ਚੁੱਕੇ ਗਏ ਹਨ ਅਤੇ ਐਨ ਡੀ ਪੀ ਵੱਲੋਂ ਸ਼ੁਰੂ ਤੋਂ ਹੀ ਇਸ ਦੀ ਆਲੋਚਨਾ ਕੀਤੀ ਜਾ ਰਹੀ ਹੈ

# ਅਮਰੀਕਾ ਨੇ 31 ਅਤੇ ਕਨੇਡਾ ਨੇ 4 ਟੈਂਕ ਯੂਕਰੇਨ ਦੀ ਮੱਦਦ ਲਈ ਭੇਜੇ ਹਨ।

ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਬੀਤੇ ਦਿਨੀ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਈਡਨ ਨੇ ਐਲਾਨ ਕੀਤਾ ਸੀ ਕਿ ਰੂਸ ਨਾਲ ਜੰਗ ਦਾ ਸਾਹਮਣਾ ਕਰ ਰਹੇ ਯੂਕਰੇਨ ਨੂੰ 31 ਅਬਰਾਮ ਟੈਂਕ ਭੇਜੇ ਜਾਣਗੇ । ਇਸ ਉਪਰੰਤ ਰੂਸ ਵੱਲੋਂ ਯੂਕਰੇਨ ਉੱਪਰ ਮਿਜ਼ਾਈਲ ਹਮਲੇ ਤੇਜ਼ ਕਰ ਦਿੱਤੇ ਗਏ ਹਨ ਪਰ ਇਸੇ ਦੌਰਾਨ ਹੁਣ ਕੈਨੇਡਾ ਵੱਲੋਂ ਵੀ ਯੂਕਰੇਨ ਨੂੰ 4 ਟੈਂਕ ਭੇਜਣ ਦਾ ਐਲਾਨ ਕੀਤਾ ਗਿਆ ਹੈ। ਇਹ ਐਲਾਨ ਰੱਖਿਆ ਮੰਤਰੀ ਅਨੀਤਾ ਆਨੰਦ ਵੱਲੋਂ ਕੀਤਾ ਗਿਆ ਹੈ। ਊਨਾ ਦੱਸਿਆ ਕਿ ਇਹ ਅਤਿ ਆਧੁਨਿਕ ਟੈਂਕ ਯੂਕਰੇਨ ਵਾਸੀਆਂ ਨੂੰ ਆਪਣੀ ਆਜ਼ਾਦੀ ਕਾਇਮ ਰੱਖਣ 'ਚ ਮਦਦ ਦੇਣਗੇ।

# ਹੋਮ ਡਿਪੂ ਆਲੇ ਤੁਹਾਡੀ ਜਾਣਕਾਰੀ ਅੱਗੇ ਕਿਸੇ ਨੂੰ ਹੋਰ ਦਿੰਦੇ ਰਹੇ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਅਸੀਂ ਜਦੋਂ ਵੀ ਕਿਸੇ ਸਟੋਰ ਤੇ ਜਾਂਦੇ ਹਾਂ ਤਾਂ ਸਟੋਰਾਂ ਵਾਲਿਆਂ ਵੱਲੋਂ ਤੁਹਾਡੀਆਂ ਕਈ ਜਾਣਕਾਰੀਆਂ ਤੁਹਾਡੀ ਮਰਜ਼ੀ ਨਾਲ ਲੈ ਲਈਆਂ ਜਾਂਦੀਆਂ ਹਨ ਅਤੇ ਤੁਸੀਂ ਆਪਣੀ ਜਾਣਕਾਰੀ ਇਸ ਵਿਸ਼ਵਾਸ ਨਾਲ ਸਾਂਝੀ ਕਰਦੇ ਹੋ ਕਿ ਇਹ ਜਾਣਕਾਰੀ ਸਿਰਫ਼ ਉਸ ਸਟੋਰ ਤੱਕ ਹੀ ਸੀਮਤ ਰਹੇਗੀ ਪਰ ਹਰ ਵਾਰ ਇਸ ਤਰ੍ਹਾਂ ਨਹੀਂ ਹੁੰਦਾ । ਤਾਜ਼ਾ ਘਟਨਾ ਕਰਮ ਹੋਮ ਡਿਪੂ ਨਾਲ ਜੁੜਿਆ ਹੋਇਆ ਹੈ। ਕੈਨੇਡਾ ਦੇ ਪ੍ਰਾਈਵੇਸੀ ਕਮਿਸ਼ਨਰ ਫਿਲਿਪ ਡੂਫ੍ਰੇਨ ਨੇ ਜਾਣਕਾਰੀ ਸਾਂਝੀ ਕੀਤੀ ਹੈ ਕਿ ਹੋਮ ਡਿਪੂ ਨੇ ਆਪਣੇ ਗਾਹਕਾਂ ਦੀ ਜਾਣਕਾਰੀ ਉਨ੍ਹਾਂ ਦੀ ਸਹਿਮਤੀ ਲਏ ਬਿਨਾਂ ਹੀ ਮੇਟਾ ਕੰਪਨੀ ਨਾਲ ਨਾਲ ਸਾਂਝੀ ਕਰ ਦਿੱਤੀ ਹੈ ਜੋ ਕਿ ਫੇਸਬੁੱਕ ਸੋਸ਼ਲ ਮੀਡੀਆ ਨੈਟਵਰਕ ਚਲਾਉਂਦੀ ਹੈ।

# ਕੈਲਗਰੀ 'ਚ ਮੈਂਟਲ ਹੈਲਥ ਸਬੰਧੀ ਵਿਸ਼ੇਸ਼ ਪ੍ਰੋਗਰਾਮ ਆਯੋਜਿਤ ਕੀਤਾ ਗਿਆ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਪੰਜਾਬੀ ਕਮਿਊਨਿਟੀ ਹੈਲਥ ਸਰਵਿਸਜ਼ ਵੱਲੋਂ ਕੈਨੇਡਾ ਦੇ ਵੱਖ ਵੱਖ ਸ਼ਹਿਰਾਂ ਵਿੱਚ ਸੇਵਾਵਾਂ ਨਿਭਾਈਆਂ ਜਾ ਰਹੀਆਂ ਹਨ ਜਿਸ ਵਿੱਚ ਘਰੇਲੂ ਹਿੰਸਾ ਨਸ਼ੇ ਅਤੇ ਮਾਨਸਿਕ ਤਣਾਅ ਕਾਰਨ ਪ੍ਰੇਸ਼ਾਨ ਲੋਕਾਂ ਦੀ ਮਦਦ ਕੀਤੀ ਜਾਂਦੀ ਹੈ ਇਸ ਸੰਸਥਾ ਵੱਲੋਂ ਕੈਲਗਰੀ ਦੇ ਨਾਰਥ ਈਸਟ ਇਲਾਕੇ ਵਿੱਚ ਸਥਿਤ ਜੈਨੇਸਿਸ ਸੈਂਟਰ ਵਿਖੇ ਇੱਕ ਵਿਸ਼ੇਸ਼ ਸਮਾਗਮ ਕਰਵਾਇਆ ਗਿਆ। ਜਿਸ ਵਿੱਚ ਮਾਹਿਰਾਂ ਵੱਲੋਂ ਮੈਂਟਲ ਹੈਲਥ ਵਰਗੇ ਗੰਭੀਰ ਮੁੱਦੇ ਉਤੇ ਲੋਕਾਂ ਨੂੰ ਜਾਗਰੂਕ ਕੀਤਾ ਗਿਆ। ਇਸ ਸਮਾਗਮ ਸਬੰਧੀ ਇਸ ਸੰਸਥਾ ਦੀ ਕੌਂਸਲਰ ਤਾਨੀਆ ਭੁੱਲਰ ਨੇ ਦੱਸਿਆ ਕਿ ਸਾਡੇ ਪੰਜਾਬੀ ਭਾਈਚਾਰੇ ਅੰਦਰ ਬਹੁਤ ਜਿਆਦਾ ਮਾਨਸਿਕ ਤਨਾਅ ਦੇ ਕੇਸ ਹਨ ਪਰ ਬਹੁਤੇ ਲੋਕ ਅਜਿਹੇ ਹਨ ਜੋ ਕਿਸੇ ਨਾਲ ਆਪਣੀ ਸਮੱਸਿਆ ਸਾਂਝੀ ਕਰਨ ਤੋਂ ਝਿਜਕਦੇ ਹਨ। ਪੰਜਾਬੀ ਕਮਿਊਨਿਟੀ ਹੈਲਥ ਸਰਵਿਸਜ਼ ਅਜਿਹੇ ਲੋਕਾਂ ਦੀ ਮੱਦਦ ਲਈ ਹਮੇਸ਼ਾ ਤਿਆਰ ਹੈ।



# ਪਾਕਿਸਤਾਨ ’ਚ ਕੱਪੜਾ ਕਾਰੋਬਾਰ ਵੀ ਠੱਪ, 70 ਲੱਖ ਲੋਕ ਹੋ ਗਏ ਬੇਰੁਜ਼ਗਾਰ



ਇਸਲਾਮਾਬਾਦ (ਪੰਜਾਬੀ ਅਖਬਾਰ ਬਿਊਰੋ)– ਆਰਥਿਕ ਮੰਦੀ ਅਤੇ ਕਰਜ਼ੇ ਦੀ ਮਾਰ ਪਾਕਿਸਤਾਨ ਦੇ ਸਾਰੇ ਖੇਤਰਾਂ ’ਤੇ ਸਾਫ਼ ਨਜ਼ਰ ਆ ਰਹੀ ਹੈ। ਆਟਾ ਅਤੇ ਬਿਜਲੀ ਸੰਕਟ ਤੋਂ ਇਲਾਵਾ ਰੇਲ ਕਿਰਾਏ ਦੀਆਂ ਕੀਮਤਾਂ ਆਸਮਾਨ ਛੂਹ ਰਹੀਆਂ ਹਨ। ਇੰਨਾ ਹੀ ਨਹੀਂ ਪਾਕਿਸਤਾਨ ਦੀ ਟੈਕਸਟਾਈਲ ਇੰਡਸਟਰੀ ਵੀ ਪੂਰੀ ਤਰ੍ਹਾਂ ਠੱਪ ਹੋ ਗਈ ਹੈ। ਹਾਲਾਤ ਇੰਨੇ ਮਾੜੇ ਹੋ ਗਏ ਹਨ ਕਿ ਕੱਪੜਾ ਕਾਰੋਬਾਰ ਨਾਲ ਜੁੜੇ 70 ਲੱਖ ਮਜ਼ਦੂਰਾਂ ਨੂੰ ਨੌਕਰੀ ਤੋਂ ਬਾਹਰ ਕਰ ਦਿੱਤਾ ਗਿਆ ਹੈ। ਪਿਛਲੇ ਸਾਲ ਆਏ ਹੜ੍ਹ ਨੇ ਕਪਾਹ ਦੀ ਫ਼ਸਲ ਦਾ ਵੱਡਾ ਹਿੱਸਾ ਤਬਾਹ ਕਰ ਦਿੱਤਾ ਸੀ। ਕਪਾਹ ਦੀ ਤਬਾਹੀ ਨੇ ਕੱਪੜਾ ਕਾਰੋਬਾਰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਇਸ ਦੇ ਨਾਲ ਹੀ ਹੜ੍ਹਾਂ ਕਾਰਨ 1,700 ਤੋਂ ਵਧ ਲੋਕਾਂ ਦੀ ਮੌਤ ਵੀ ਹੋ ਗਈ ਹੈ। ਲੱਗਭਗ ਸਾਢੇ 3 ਕਰੋੜ ਲੋਕ ਹੜ੍ਹਾਂ ਕਾਰਨ ਪ੍ਰਭਾਵਿਤ ਹੋਏ ਹਨ। ਜਿਹੜੀਆਂ ਮਿੱਲਾਂ ਬੰਦ ਹੋਈਆਂ ਹਨ ਇਨ੍ਹਾਂ ਵਿੱਚ ਬਣਨ ਵਾਲੀਆਂ ਚਾਦਰਾਂ, ਤੌਲੀਏ ਅਤੇ ਹੋਰ ਡੈਨੀਮ ਫ਼ੈਬਰਿਕ ਯੂਰਪ ਅਤੇ ਅਮਰੀਕਾ ਨੂੰ ਨਿਰਯਾਤ ਕੀਤਾ ਜਾਂਦਾ ਸੀ। ਇਸ ਤੋਂ ਇਲਾਵਾ ਤਾਜ਼ਾ ਟੈਕਸ ਵਾਧੇ ਨੇ ਉਦਯੋਗ ਨੂੰ ਹੋਰ ਤਬਾਹ ਕਰ ਦਿੱਤਾ ਹੈ। ਟੈਕਸਟਾਈਲ ਉਦਯੋਗ ਵਿੱਚ ਨਿਘਾਰ ਦਾ ਇਹ ਸਮਾਂ ਵੀ ਬਹੁਤ ਖ਼ਤਰਨਾਕ ਹੈ। ਇਸ ਸਮੇਂ ਪਾਕਿਸਤਾਨ ਨਕਦੀ ਦੀ ਕਮੀ, ਮਹਿੰਗਾਈ ਅਤੇ ਘਟਦੇ ਕਰੰਸੀ ਭੰਡਾਰ ਦੇ ਸੰਕਟ ਨਾਲ ਜੂਝ ਰਿਹਾ ਹੈ। ਇਸ ਦੇ ਨਾਲ ਹੀ ਉਹ ਅੰਤਰਰਾਸ਼ਟਰੀ ਮੁਦਰਾ ਫ਼ੰਡ (ਆਈ.ਐੱਮ.ਐੱਫ਼.) ਦੇ ਸਖ਼ਤ ਨਿਯਮਾਂ ਦਾ ਵੀ ਸਾਹਮਣਾ ਕਰ ਰਿਹਾ ਹੈ। ਸਰਕਾਰੀ ਪਾਬੰਦੀਆਂ ਕਾਰਨ ਕੱਪੜਾ ਉਦਯੋਗ ਲੋੜੀਂਦਾ ਕੱਚਾ ਮਾਲ ਖਰੀਦਣ ਤੋਂ ਅਸਮਰੱਥ ਹੈ ਅਤੇ ਇਸੇ ਕਾਰਨ ਅੰਤਰਰਾਸ਼ਟਰੀ ਮੰਗ ਦੀ ਪੂਰਤੀ ਕਰਨ ਵਿੱਚ ਵੀ ਪਛੜ ਰਿਹਾ ਹੈ। ਪਾਕਿਸਤਾਨ ਦਾ ਵਿਦੇਸ਼ੀ ਮੁਦਰਾ ਭੰਡਾਰ ਲੱਗਭਗ 4 ਅਰਬ ਡਾਲਰ ’ਤੇ ਆ ਗਿਆ ਹੈ, ਜੋ ਫ਼ਰਵਰੀ 2014 ਤੋਂ ਬਾਅਦ ਸਭ ਤੋਂ ਹੇਠਲੇ ਪੱਧਰ ’ਤੇ ਹੈ। ਕੱਪੜਾ ਉਦਯੋਗ ਲਈ ਦੁਨੀਆਂ ’ਚ ਮਸ਼ਹੂਰ ਪਾਕਿਸਤਾਨ ’ਚ ਟੈਕਸਟਾਈਲ ਐਕਸਪੋਰਟ ’ਚ ਆਈ ਗਿਰਾਵਟ ਕਾਰਨ ਕਰੀਬ 70 ਲੱਖ ਕਾਮਿਆਂ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ ਹੈ, ਜਿਸ ਕਾਰਨ ਉੱਥੋਂ ਦਾ ਟੈਕਸਟਾਈਲ ਉਦਯੋਗ ਤਬਾਹੀ ਦੇ ਕੰਢੇ ’ਤੇ ਪਹੁੰਚ ਗਿਆ ਹੈ। ਜ਼ਿਕਰਯੋਗ ਹੈ ਕਿ ਟੈਕਸਟਾਈਲ ਉਤਪਾਦਨ ਦੇ ਮਾਮਲੇ ਵਿੱਚ ਪਾਕਿਸਤਾਨ ਮੋਹਰੀ ਦੇਸ਼ਾਂ ਵਿੱਚੋਂ ਇੱਕ ਹੈ। ਜਿਸ ਨੂੰ ਪਾਕਿਸਤਾਨ ਨੇ 2021 ਵਿੱਚ ਦੁਨੀਆਂ ਭਰ ਵਿੱਚ 19.3 ਬਿਲੀਅਨ ਡਾਲਰ ਦਾ ਕੱਪੜਾ ਨਿਰਯਾਤ ਕੀਤਾ ਸੀ। ਹੁਣ ਸਥਿਤੀ ਪੂਰੀ ਤਰ੍ਹਾਂ ਬਦਲ ਚੁੱਕੀ ਹੈ। ਹੜ੍ਹਾਂ ਤੋਂ ਬਾਅਦ ਕਪਾਹ ਦੀ ਕਮੀ ਕਾਰਨ ਪਾਕਿਸਤਾਨ ਦੀਆਂ ਛੋਟੀਆਂ ਟੈਕਸਟਾਈਲ ਮਿੱਲਾਂ ਬੰਦ ਹੋ ਗਈਆਂ ਹਨ। ਜਦੋਂ ਕਿ ਇਸ ਦੇਸ਼ ਦੀ ਕੁੱਲ ਬਰਾਮਦ ਦਾ ਅੱਧਾ ਹਿੱਸਾ ਕੱਪੜਾ ਕਾਰੋਬਾਰ ਦਾ ਹੈ।

# ਇਵਾਨਾ ਦੀ ਵਸੀਅਤ ’ਚ ਟਰੰਪ ਲਈ ਕੁੱਝ ਨਹੀਂ, ਸਹਾਇੱਕਾ ਅਤੇ ਕੁੱਤੇ ਨੂੰ ਅਪਾਰਟਮੈਂਟ ’ਚ ਦਿੱਤਾ ਹਿੱਸਾ




ਵਾਸ਼ਿੰਗਟਨ (ਪੰਜਾਬੀ ਅਖਬਾਰ ਬਿਊਰੋ)– ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਮਰਹੂਮ ਪਤਨੀ ਇਵਾਨਾ ਟਰੰਪ ਦੀ ਵਸੀਅਤ ਸਾਹਮਣੇ ਆ ਗਈ ਹੈ। ਉਸ ਦੀ ਕੁੱਲ ਜਾਇਦਾਦ 3.4 ਕਰੋੜ ਡਾਲਰ (ਕਰੀਬ 280 ਕਰੋੜ ਰੁਪਏ) ਸੀ। ਆਪਣੀ ਵਸੀਅਤ ਵਿੱਚ ਉਸ ਨੇ ਜਾਇਦਾਦ ਨੂੰ ਆਪਣੇ 3 ਬੱਚਿਆਂ ਵਿੱਚ ਬਰਾਬਰ ਵੰਡ ਦਿੱਤਾ। ਇਵਾਨਾ ਨੇ ਜਾਇਦਾਦ ਦਾ ਵੱਡਾ ਹਿੱਸਾ ਆਪਣੇ ਬੱਚਿਆਂ ਦੇ ਨਾਲ–ਨਾਲ ਬੇਬੀਸਿਟਰ ਅਤੇ ਪਾਲਤੂ ਕੁੱਤੇ ਦੇ ਨਾਮ ਕਰ ਦਿੱਤਾ। ਵਸੀਅਤ ਬਣਾਉਂਦੇਸਮੇਂ ਇਵਾਨਾ ਨੇ ਕਿਹਾ ਸੀ – ਮੈਂ ਆਪਣੀ ਵਿਰਾਸਤ ਦਾ ਇੱਕ ਹਿੱਸਾ ਆਪਣੇ ਪਾਲਤੂ ਜਾਨਵਰ ਟਾਈਗਰ ਟਰੰਪ ਅਤੇ ਉਨ੍ਹਾਂ ਸਾਰੇ ਜਾਨਵਰਾਂ ਨੂੰ ਦੇ ਰਹੀ ਹਾਂ ਜੋ ਮੇਰੀ ਮੌਤ ਦੇ ਸਮੇਂ ਮੇਰੇ ਕੋਲ ਹੋਣਗੇ। ਇਸ ਤੋਂ ਇਲਾਵਾ ਮੈਂ ਆਪਣੀ ਸਹਾਇੱਕਾ ਅਤੇ ਬੇਬੀਸਿਟਰ ਸੁਜ਼ਾਨਾ ਡੋਰਥੀ ਕਰੀ ਨੂੰ ਵੀ ਮਿਆਮੀ ਬੀਚ ਨੇੜੇ ਇੱਕ ਅਪਾਰਟਮੈਂਟ ਦੇ ਰਹੀ ਹਾਂ।

ਉਸ ਨੇ ਪਤੀ ਡੋਨਾਲਡ ਟਰੰਪ ਲਈ ਕੁਝ ਵੀ ਨਹੀਂ ਛੱਡਿਆ। ਦਰਅਸਲ, 73 ਸਾਲਾ ਇਵਾਨਾ ਦੀ ਪਿਛਲੇ ਸਾਲ ਜੁਲਾਈ ਵਿੱਚ ਮੈਨਹਟਨ ਦੇ ਘਰ ਦੀਆਂ ਪੌੜੀਆਂ ਤੋਂ ਡਿੱਗ ਕੇ ਮੌਤ ਹੋ ਗਈ ਸੀ। ਇਵਾਨਾ ਵੱਲੋਂ ਸਹਾਇੱਕਾ ਸੁਜਾਨਾ ਨੂੰ ਦਿੱਤੇ ਗਏ ਅਪਾਰਟਮੈਂਟ ਦੀ ਕੀਮਤ ਤਕਰੀਬਨ 9 ਕਰੋੜ ਰੁਪਏ ਹੈ। ਇਸ ਵਿੱਚ ਇੱਕ ਬੈੱਡਰੂਮ, ਬਾਥਰੂਮ ਅਤੇ ਰਸੋਈ ਸ਼ਾਮਲ ਹੈ। ਇਹ ਫ਼ਲੈਟ 1000 ਵਰਗ ਫ਼ੁੱਟ ਦਾ ਹੈ। ਇਹ 2001 ਵਿੱਚ ਬਣਾਇਆ ਗਿਆ ਸੀ। ਇਵਾਨਾ ਨੇ ਇਸਨੂੰ 2009 ਵਿੱਚ ਕੁੱਲ 5.25 ਕਰੋੜ ਰੁਪਏ ਵਿੱਚ ਖਰੀਦਿਆ ਸੀ। 2017 ਵਿੱਚ ਇਵਾਨਾ ਨੇ ਆਪਣੀ ਕਿਤਾਬ ਰਾਈਜ਼ਿੰਗ ਟਰੰਪ ਵਿੱਚ ਸੁਜਾਨਾ ਬਾਰੇ ਲਿਖਿਆ। ਜਦੋਂ ਇਵਾਨਾ ਦੇ ਬੱਚੇ ਵੱਡੇ ਹੋਏ ਤਾਂ ਉਸ ਨੇ ਸੁਜਾਨਾ ਨੂੰ ਆਪਣੀ ਸਹਾਇੱਕਾ ਬਣਾ ਲਿਆ।

ਇਵਾਨਾ ਨੇ ਵਸੀਅਤ ਵਿੱਚ ਅਲਮਾਰੀ ਦੀਆਂ ਚੀਜ਼ਾਂ ਵੀ ਵੰਡੀਆਂ। ਉਸਦਾ ਅਲਮਾਰੀ ਦਾ ਬਹੁਤਾ ਹਿੱਸਾ ਰੈੱਡ ਕਰਾਸ ਅਤੇ ਸਾਲਵੇਸ਼ਨ ਆਰਮੀ ਨੂੰ ਦਾਨ ਕਰਨ ਦਾ ਇਰਾਦਾ ਸੀ। ਕਲੈਕਸ਼ਨ ਅਤੇ ਗਹਿਣੇ ਵੇਚਣ ਤੋਂ ਬਾਅਦ ਪ੍ਰਾਪਤ ਹੋਏ ਪੈਸੇ ਦਾ ਵੀ ਉਸ ਦੇ ਬੱਚਿਆਂ ਨੂੰ ਦੇਣ ਦੀ ਵਸੀਅਤ ਵਿੱਚ ਜ਼ਿਕਰ ਕੀਤਾ ਗਿਆ ਸੀ।

## ਸੋਸ਼ਲ ਮੀਡੀਆ ’ਤੇ ਛਾਈ

# ਸੰਦੀਪ ਮਾਣਕ ਅਤੇ ਸੁਖਮਨ ਹੀਰਕੇ ਦੀ ਜੋੜੀ



**ਮਾਨਸਾ ਜਿਲਾ** ਜਿਸ ਨੂੰ ਪੁਰਾਤਨ ਸਮਿਆਂ ਤੋਂ ਪੰਜਾਬ ਦਾ ਸਭ ਤੋਂ ਪਛੜਿਆ ਇਲਾਕਾ ਗਿਣਿਆ ਜਾਂਦਾ ਸੀ ਪਰ ਪਿਛਲੇ ਕੁੱਝ ਸਮੇਂ ਤੋਂ ਸੰਗੀਤ ਅਤੇ ਸਾਹਿਤ ਦੇ ਖੇਤਰ ਵਿੱਚ ਇਸ ਜ਼ਿਲੇ ਦੀਆਂ ਕਾਫੀ ਜ਼ਿਕਰਯੋਗ ਪ੍ਰਾਪਤੀਆਂ ਰਹੀਆਂ ਹਨ। ਨਾਟਕਕਾਰ ਅਜਮੇਰ ਔਲਖ ਤੋਂ ਲੈਕੇ ਅਸ਼ੋਕ ਬਾਂਸਲ ਅਤੇ ਪੰਜਾਬੀ ਸੰਗੀਤ ਵਿੱਚ ਛੋਟੀ ਉਪਰ ਵੱਡਾ ਰੁਤਬਾ ਹਾਸਿਲ ਕਰਕੇ ਭਰ ਜਵਾਨੀ ਵਿੱਚ ਚਲ ਗਏ ਗਾਇਕ ਸਿੱਧੂ ਮੂਸੇਵਾਲਾ ਵਰਗੇ ਕਲਾਕਾਰਾਂ ਨੇ ਜਿੱਥੇ ਮਾਨਸਾ ਤੋਂ ਪਛੜੇ ਇਲਾਕੇ ਦੀ ਛਾਪ ਨੂੰ ਧੋ ਦਿੱਤਾ ਹੈ, ਉੱਥੇ ਇਨਾਂ ਦਿਨਾਂ ਵਿੱਚ ਸ਼ੋਸ਼ਲ ਮੀਡੀਆ ’ਤੇ ਦੋ ਬੱਚੇ ਸੰਦੀਪ ਮਾਣਕ ਅਤੇ ਸੁਖਮਨ ਹੀਰਕੇ ਛਾਏ ਹੋਏ ਹਨ। ਬੇਸ਼ੱਕ ਅੱਜ ਗਾਇਕੀ ਅਤੇ ਸੰਗੀਤ ਦਾ ਸੁਹਜ ਸਵਾਦ ਪਿਛਲੇ ਦੋ ਢਾਈ ਦਹਾਕਿਆਂ ਤੋਂ ਕਾਫੀ ਬਦਲਿਆ ਹੋਇਆ ਹੋਇਆ ਹੈ ਪਰ ਇਹ ਬੱਚੇ ਫੋਕ ਰੰਗਾਂ ਵਿੱਚ ਆਪਣੀ ਕਲਾ ਦਾ ਪ੍ਰਦਰਸ਼ਨ ਕਰ ਰਹੇ ਹਨ ਜਿਸ ਨੂੰ ਕਾਫੀ ਹੱਦ ਤੱਕ ਸਲਾਹਿਆ ਜਾ ਰਿਹਾ ਹੈ। ਸ਼ੋਸ਼ਲ ਮੀਡੀਆ ’ਤੇ ਇਨਾਂ ਦੀ ਵੱਡੀ ਫੈਨ ਫਾਲੋਅਰ ਹੈ ਜੋ ਇਨਾਂ ਉੱਭਰਦੇ ਕਲਾਕਰਾਂ ਤੋਂ ਕਲੀਆਂ ਦੇ ਬਾਦਸ਼ਾਹ ਕੁਲਦੀਪ ਮਾਣਕ, ਅਮਰ ਸਿੰਘ ਚਮਕੀਲਾ ਦੇ ਗੀਤ ਅਤੇ ਤਰਜਾਂ ਸੁਣਦੇ ਹਨ।

ਦੋਵਾਂ ਨੂੰ ਸੰਗੀਤ ਅਤੇ ਸੁਰ ਦੀ ਗੁੜਤੀ ਪਰਿਵਾਰ ਵਿੱਚੋਂ ਹੀ ਮਿਲੀ ਹੈ। ਸੰਦੀਪ ਮਾਣਕ ਕਲੀਆਂ ਦੇ ਬਾਦਸ਼ਾਹ ਕੁਲਦੀਪ ਮਾਣਕ ਦੇ ਗੁਰਭਾਈ ਮੇਘਾ ਮਾਣਕ ਦਾ ਬੇਟਾ ਹੈ। ਮੇਘਾ ਮਾਣਕ ਖੁਦ ਇੱਕ ਚੰਗਾ ਕਲਾਕਾਰ ਹੈ। ਸੁਖਮਨ ਹੀਰਕੇ ਉੱਘੇ ਸਾਜਿੰਦੇ ਬਲਜੀਤ ਹੀਰਕੇ ਦਾ ਬੇਟਾ ਹੈ। ਬਲਜੀਤ ਹੀਰਕੇ ਸਟੇਜਾਂ ਉੱਪਰ ਕਾਫੀ ਉੱਘੇ ਕਲਾਕਰਾਂ ਲਾਭ ਹੀਰਾ, ਜਸਵਿੰਦਰ ਬਰਾੜ, ਲਵਲੀ ਨਿਰਮਾਣ ਨਾਲ, ਤੂੰਬੀ ਹਰਮੋਨੀਅਮ ਅਤੇ ਮੈਡੋਲੀਅਮ ਪਲੇ ਕਰਦਾ ਹੈ।

ਸੁਖਮਨ ਦਾ ਜਨਮ 26 ਅਗਸਤ 2006 ਨੂੰ ਮਾਨਸਾ ਜਿਲੇ ਦੇ ਪਿੰਡ ਹੀਰਕੇ ਵਿੱਚ ਪਿਤਾ ਬਲਜੀਤ ਸਿੰਘ ਦੇ ਘਰ ਮਾਤਾ ਮਨਜੀਤ ਕੌਰ ਦੀ ਕੁੱਖੋਂ ਹੋਇਆ। ਸੁਖਮਨ ਨੇ ਬਾਲ ਉਮਰ ਵਿੱਚ ਆਪਣੇ ਪਿਤਾ ਨੂੰ ਸਾਜ ਵਜਾਦਿਆਂ ਵੇਖਿਆ ਅਤੇ ਰੁਚੀ ਉੱਧਰ ਹੀ ਹੋ ਗਈ। ਬਲਜੀਤ ਸਿੰਘ ਭਾਵੇਂ ਆਰਥਿਕ ਤੌਰ ’ਤੇ ਸਧਾਰਨ ਵਿਅਕਤੀ ਹੈ ਪਰ ਘਰ ਵਿੱਚ ਸੰਗੀਤ ਦੀ ਅਮੀਰੀ ਸੀ। ਸੁਖਮਨ ਨੇ ਜਦ ਪੰਜ ਸਾਲ ਦੀ ਉਮਰ ਵਿੱਚ ਪੰਜਾਬੀ ਦੇ ਕਾਇਦਾ ਫੜ ਕੇ ਉੜਾ ਐੜਾ ਸਿੱਖਣਾ ਸ਼ੁਰੂ ਕੀਤੀ ਨਾਲ ਹੀ ਸਾ..ਰੇ.. ਗਾ..ਮਾ.. ਵਾਲਾ ਗਿਆਨ ਵੀ ਘਰ ਦੇ ਮਾਹੌਲ ਵਿੱਚੋਂ ਮਿਲਣ ਲੱਗਾ। ਜਿਉਂ ਸੁਖਮਨ ਬਚਪਨ ਤੋਂ ਗਭਰੇਟ ਉਮਰ ਵੱਲ ਵਧ ਰਿਹਾ ਸੀ ਨਾਲ ਹੀ ਉਹ ਸੰਗੀਤ ਵਿੱਦਿਆ ਵਿੱਚ ਪ੍ਰਪੱਕ ਹੁੰਦਾ ਜਾ ਰਿਹਾ ਸੀ। ਅੱਜ ਸੁਖਮਨ ਦਾ ਮੈਡੋਲੀਅਨ ਤੋਂ ਐਨਾ ਹੱਥ ਖੁੱਲ ਗਿਆ ਹੈ ਜਦ ਉਹ ਮੈਡੋਲੀਅਨ ਤੇ ਚਮਕੀਲੇ ਦੀਆਂ ਗੀਤਾਂ ਦੀਆਂ ਧੁੰਨਾਂ ਵਜਾ ਰਿਹਾ ਹੁੰਦਾ ਤਾਂ ਉਹ ਸੰਗੀਤ ਸਮਰਾਟ ਚਰਨਜੀਤ ਅਹੂਜਾ ਦੀ ਬੁੱਕਲ ਵਿੱਚ ਬੈਠਾ ਅਠਖੇਲੀਆਂ ਕਰਦਾ ਨਜਰ ਅਉਂਦਾ ਹੈ। ਸੁਖਮਨ ਦੀ ਕਲਾ ਦੇ ਸਥਾਪਤ ਗਾਇਕ ਦੀਵਾਨੇ ਹਨ, ਵਿਦੇਸਾਂ ਵਿੱਚ ਬੈਠੇ ਦੁਨੀਆਂ ਭਰ ਦੇ ਪੰਜਾਬੀ ਦੀਵਾਨੇ ਹਨ, ਆਈ.ਪੀ.ਐਸ., ਪੀ.ਸੀ.ਐਸ. ਅਫਸਰ ਦੀਵਾਨੇ ਹਨ, ਜੋ ਅਕਸਰ ਉਸ ਨੂੰ ਮਹਿਫਲਾਂ ਵਿੱਚ ਬੁਲਾ ਕੇ ਸੰਗੀਤ ਦਾ ਅਨੰਦ ਮਾਣਦੇ। ਸੁਖਮਨ ਉੱਘੇ ਲੋਕ ਗਾਇਕ ਗਿੱਲ ਹਰਦੀਪ ਦੀਆਂ ਨਜਰਾਂ ਵਿੱਚ ਵੀ ਆ ਚੁੱਕਾ ਹੈ ਅਤੇ ਆਉਣ ਵਾਲੇ ਸਮੇਂ ਸਟੇਜ ਜਾਂ ਗੀਤ ਵਿੱਚ ਉਹ ਉਸ ਨੂੰ ਲੈਣ ਦੇ ਇੱਛਕ ਹਨ। ਸੁਖਮਨ ਦਾ ਪਹਿਲਾ ਨਿਸ਼ਾਨਾ ਪੜਾਈ ਹੈ, ਉਹ ਇਸ ਸਮੇਂ ਬੀਏ ਚ ਪਹਿਲੇ ਸਾਲ ਦਾ ਵਿਦਿਆਰਥੀ ਹੈ ਉਸ ਤੋਂ ਬਾਅਦ ਉਹ ਬਤੌਰ ਸੰਗੀਤਕਾਰ ਪਿੜ ਵਿੱਚ ਉਤਰਨਾ ਚਾਹੁੰਦਾ ਹੈ। ਇਸ ਬੱਚੇ ਤੋਂ ਬਹੁਤ ਉਮੀਦਾਂ ਹਨ, ਪਰਮਾਤਮਾ ਅੱਗੇ ਦੁਆ ਹੈ ਕਿ ਉਸ ਦੀਆਂ ਉਮੀਦਾਂ ਨੂੰ ਬੂਰ ਪਵੇ ਅਤੇ ਉਹ ਸੰਗੀਤ ਦੇ ਖੇਤਰ ਵਿੱਚ ਇਕ ਧਰੂ ਤਾਰੇ ਵਾਂਗ ਚਮਕੇ।

ਸੁਖਮਨ ਦੇ ਜੋਟੀਦਾਰ ਸੰਦੀਪ ਮਾਣਕ ਨੂੰ ਗਾਇਕੀ ਵਿਰਾਸਤ ’ਚ ਮਿਲੀ ਹੈ। ਉਸ ਦੇ ਪਿਤਾ ਮੇਘਾ ਮਾਣਕ ਉਸਤਾਦ ਖ਼ੁਸ਼ੀ ਮੁੰਹਮਦ ਦੇ ਸ਼ਾਗਿਰਦ ਹਨ, ਭਾਵ ਕਲੀਆਂ ਦੇ ਬਾਦਸ਼ਾਹ ਕੁਲਦੀਪ ਮਾਣਕ ਦੇ ਗੁਰ ਭਾਈ ਹਨ। ਸੰਦੀਪ ਮਾਣਕ ਦੀ ਗਾਇਨ ਕਲਾ ਅੱਜ ਕੱਲ ਮੇਘਾ ਮਾਣਕ ਦੀ ਦੇਖ ਰੇਖ ਹੇਠ ਵਿਗਸ ਰਹੀ ਹੈ। ਸੰਦੀਪ ਆਪਣੇ ਪਿਤਾ ਨਾਲ ਸਟੇਜਾਂ ਕਰਦਾ ਹੈ ਅਤੇ ਉਸ ਦੀਆਂ ਸਿੰਗਲ ਟਰੈਕ ਰਿਕਾਰਡਿੰਗ ਵੀ ਆ ਚੁੱਕੀਆਂ ਹਨ। ਮੇਘਾ ਮਾਣਕ ਦਾ ਕੁਲਦੀਪ ਮਾਣਕ ਦੇ ਪਰਿਵਾਰ ਨਾਲ ਅੱਜ ਵੀ ਵਾਹ ਵਾਸਤਾ ਹੈ, ਅਤੇ ਉਹ ਗਾਹੇ ਬਗਾਹੇ ਮਾਣਕ ਦੀ ਧਰਮ ਪਤਨੀ ਸਰਬਜੀਤ ਕੌਰ ਅਤੇ ਉਨਾਂ ਦੇ ਬੇਟੇ ਯੁਧਵੀਰ ਨੂੰ ਮਿਲਦੇ ਰਹਿੰਦੇ ਹਨ। ਉਨਾਂ ਦਾ ਕਹਿਣਾ ਹੈ ਸਾਡਾ ਸਭ ਕੁੱਝ ਮਾਣਕ ਹੈ ਅਤੇ ਉਨਾਂ ਦੇ ਬੇਟੇ ਨੇ ਜੇਕਰ ਆਪਣੇ ਨਾਮ ਪਿੱਛੇ ਮਾਣਕ ਲਗਾਇਆ ਹੈ ਤਾਂ ਸਾਨੂੰ ਉਮੀਦ ਹੈ ਕਿ ਉਹ ਇਸ ਨਾਮ ਦੀ ਲਾਜ ਜਰੂਰ ਰੱਖੇਗਾ।

The Punjabi Newspaper
ਪੰਜਾਬੀ ਅਖ਼ਬਾਰ Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ (001) 403 640 2000

ਮੁਖਤਿਆਰ ਸਿੰਘ
ਪੱਖੋ ਕਲਾਂ
+91 86995 94800





# ਸਨਮਾਨ ਸਮਾਰੋਹ ਤੇ 'ਲੋਹੜੀ ਧੀਆਂ ਦੀ ਸੱਭਿਆਚਾਰਕ ਮੇਲਾ' ਸ਼ਾਨੋ-ਸ਼ੌਕਤ ਨਾਲ ਸੰਪੰਨ



ਚੰਡੀਗੜ੍ਹ (ਪ੍ਰੀਤਮ ਲੁਧਿਆਣਵੀ): ਲੁਧਿਆਣਾ ਵਿਖੇ ਲੋਹੜੀ ਧੀਆਂ ਦੀ ਸੱਭਿਆਚਾਰਕ ਮੇਲਾ ਅਤੇ ਸਨਮਾਨ ਸਮਾਰੋਹ ਫਿਲਮੀ ਫੋਕਸ ਵੱਲੋ ਕਰਵਾਇਆ ਗਿਆ ਜਿਸ ਵਿਚ ਪੰਜਾਬੀ ਸ਼੍ਰੋਮਣੀ ਗਾਇਕ ਸੁਰਿੰਦਰ ਛਿੰਦਾ ਵੱਲੋਂ 'ਨਵਾਂ ਲੈ ਲਿਆ ਟਰੱਕ ਤੇਰੇ ਯਾਰ ਨੇ', 'ਲੋਕੀਂ ਨੋਟ ਨੇ ਕਮਾਂਦੇ ਅਸੀਂ ਯਾਰੀਆਂ ਕਮਾਈਆਂ' ਤੇ 'ਜਿਉਣਾ ਮੋੜ' ਆਪਣੇ ਹਿੱਟ ਗੀਤਾਂ ਨਾਲ ਹਾਜਰੀ ਲਗਵਾਈ। ਉਨ੍ਹਾਂ ਤੋਂ ਇਲਾਵਾ ਸ਼੍ਰੋਮਣੀ ਗਾਇਕ ਪਾਲੀ ਦੇਤਵਾਲੀਆ, ਅਸ਼ਵਨੀ ਵਰਮਾ, ਨਰੈਣ ਨਿੰਦੀ, ਮਨਿੰਦਰ ਸ਼ਿੰਦਾ, ਵਰਿੰਦਰ ਸਿੱਧੂ, ਮੰਗਤ ਫੁਰਤੀਲਾ, ਬੀਬਾ ਸੁਮਨ ਧਾਲੀਵਾਲ, ਨਰਿੰਦਰ ਨੂਰ, ਮੰਜੂ ਮਾਂਨ, ਸੁਖਦੀਪ ਬੱਗਾ, ਗੁਰਜੀਤ ਕਾਕਾ, ਨਿਸ਼ਾ ਸਿਸਟਰ, ਸਿਕੰਦਰ ਸ਼ੀਂਮਾਰ, ਲਵਲੀ ਢਿੱਲੋਂ, ਪੰਮਾ ਸੋਢੀਆਂ ਵਾਲਾ, ਰਾਕੇਸ਼ ਸ਼ਰਮਾ, ਬਲਜੀਤ ਬਬਲੀ, ਅਤੇ ਕਈ ਹੋਰ ਗਾਇਕਾਂ ਨੇ ਹਾਜਰੀ ਲਗਵਾਈ।



ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਫਿਲਮੀ ਫੋਕਸ ਦੇ ਚੀਫ ਐਡੀਟਰ ਸ੍ਰੀ ਨਰਿੰਦਰ ਨੂਰ ਨੇ ਦੱਸਿਆ ਕਿ ਇਸ ਮੌਕੇ ਗਾਇਕ ਅਤੇ ਐਕਟਰ ਹੀਰ ਢਿੱਲੋਂ ਨੂੰ 'ਧੀ ਪੰਜਾਬ ਦੀ', ਗਾਇਕਾ ਮੰਜੂ ਮਾਂਨ ਨੂੰ 'ਮਾਣ ਪੰਜਾਬ ਦਾ', ਫਿਲਮ ਡਾਇਰੈਕਟਰ ਰਜੇਸ਼ ਰਾਜਾ ਨੂੰ 'ਮਾਂਣ ਪੰਜਾਬ ਦਾ', ਮੰਗਤ ਫੁਰਤੀਲਾ ਨੂੰ 'ਵਧਦੇ ਕਦਮ' ਗੀਤਕਾਰ ਰਾਜੂ ਨਾਹਰ ਨੂੰ 'ਕਲਮ ਦਾ ਧਨੀ' ਐਵਾਰਡ ਨਾਲ ਸਨਮਾਨਿਆ ਗਿਆ। ਇਨ੍ਹਾਂ ਤੋਂ ਇਲਾਵਾ ਮੈਡਮ ਸੁੰਦਰਪਾਲ ਰਾਜਾਸਾਂਸੀ ਕੈਨੇਡਾ, ਵੀਡੀਓ ਡਇਰੈਕਟਰ ਲਾਲੀ ਗਿੱਲ, ਗਾਇਕ ਖੁਸ਼ ਸੋਹਲ, ਵੀਡਿਓ ਐਡੀਟਰ ਮਾਲਵਿੰਦਰ ਚੰਨੋ, ਗੀਤਕਾਰ ਕਲਾ ਕਲਾਲ ਮਾਜਰਾ, ਜੱਸ ਦੀਪ ਦੇ ਨਾਲ-ਨਾਲ ਮੁੱਖ ਮਹਿਮਾਨ ਰਾਕੇਸ਼ ਕੁਮਾਰ ਨੈਸ਼ਨਲ ਪ੍ਰਧਾਨ ਸੁਨਹਿਰਾ ਭਾਰਤ ਪਾਰਟੀ ਤੇ ਜਸਪਾਲ ਸ਼ਰਮਾ ਨੂੰ ਵਿਸ਼ੇਸ ਸਨਮਾਨ ਪਰਬੰਧਕ ਕਮੇਟੀ ਵੱਲੋਂ ਦਿੱਤੇ ਗਏ ਜਿਸ ਵਿੱਚ ਸਰਪ੍ਰਸਤ ਜਰਨੈਲ ਸਿੰਘ ਤੂਰ, ਨਰਿੰਦਰ ਨੂਰ, ਮਨਜੀਤ ਸਿੰਘ ਸ਼ਿਮਲਾਪੁਰੀ, ਦਵਿੰਦਰ ਅਰੋੜਾ, ਬਲਵੀਰ ਸਿੰਘ ਕੁਲਾਰ, ਵਿਜੇ ਮਹਿਤਾ, ਮਲਕੀਤ ਸਿੰਘ ਦਿਓਲ, ਭੁਪਿੰਦਰ ਸਿੰਘ ਦਿਓਲ, ਰਾਕੇਸ਼ ਸ਼ਰਮਾ, ਸਨੀ ਜਿੰਦਲ, ਸਾਬਕਾ ਸਰਪੰਚ ਬਲੋਰ ਸਿੰਘ, ਜਗਸੀਰ ਸਿੰਘ ਜੱਗਾ, ਬਲਦੇਵ ਸਿੰਘ ਦੇਵ ਅਤੇ ਹੋਰ ਹਾਜਰ ਸਨ।

## ਟੋਰਾਂਟੋ 'ਚ ਲੱਖਾਂ ਡਾਲਰਾਂ ਦੀ ਨਗਦੀ ਸਮੇਤ 4 ਨਸ਼ਾ ਤਸਕਰ ਗ੍ਰਿਫਤਾਰ ਕੀਤੇ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਗਰੇਟਰ ਟਰਾਂਟੋ ਏਰੀਏ ਵਿੱਚ ਨਸ਼ਾ ਤਸਕਰਾਂ ਦਾ ਇੱਕ ਵੱਡਾ ਜਾਲ ਵਿਛਿਆ ਹੋਇਆ ਹੈ। ਪਿਛਲੇ ਦਿਨਾਂ ਵਿੱਚ ਟੋਰਾਂਟੋ ਅਤੇ ਆਸਪਾਸ ਦੇ ਖੇਤਰਾਂ ਵਿੱਚੋਂ ਪੁਲੀਸ ਨੇ ਵੱਡੀ ਮਾਤਰਾ ਵਿੱਚ ਨਸ਼ੀਲੀਆਂ ਵਸਤਾਂ , ਹਥਿਆਰ ਅਤੇ ਨਕਦੀ ਬਰਾਮਦ ਕੀਤੀ ਸੀ ਇਸੇ ਤਰ੍ਹਾਂ ਇੱਕ ਵਾਰ ਫੇਰ ਪੁਲਿਸ ਨੂੰ ਲੰਮੀ ਜਾਂਚ ਉਪਰੰਤ ਵੱਡੀ ਕਾਮਯਾਬੀ ਮਿਲੀ ਹੈ ਜਿਸ ਵਿਚ ਪੁਲਿਸ ਨੇ ਨਸ਼ੇ ਦੀ ਤਸਕਰੀ ਵਿਚ ਸ਼ਾਮਲ ਚਾਰ ਜਣਿਆਂ ਨੂੰ ਲੱਖਾਂ ਡਾਲਰਾਂ ਦੀ ਨਕਦੀ ਸਮੇਤ ਗ੍ਰਿਫਤਾਰ ਕੀਤਾ ਹੈ।

## ਕੈਨੇਡਾ ਦੇ ਲੋਕਾਂ ਨੂੰ ਵਿਆਜ਼ ਦਰਾਂ 'ਚ ਹੋਰ ਵਾਧੇ ਦੀ ਸ਼ੰਕਾ ਹੈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬੀਤੇ ਦਿਨੀ ਬੈਂਕ ਆਫ ਕੈਨੇਡਾ ਵੱਲੋਂ ਆਪਣੀਆਂ ਵਿਆਜ ਦਰਾਂ ਵਿੱਚ 25 ਬੇਸਿਸ ਪੁਆਇੰਟਸ ਦਾ ਵਾਧਾ ਕਰਕੇ ਵਿਆਜ ਦਰਾਂ ਨੂੰ ਸਾਢੇ ਚਾਰ ਫ਼ੀਸਦ ਤੱਕ ਪਹੁੰਚਾ ਦਿੱਤਾ ਗਿਆ ਸੀ। ਇਸ ਦੌਰਾਨ ਬੈਂਕ ਆਫ ਕੈਨੇਡਾ ਦੇ ਗਵਰਨਰ ਵੱਲੋਂ ਇਸ਼ਾਰਾ ਕੀਤਾ ਗਿਆ ਸੀ ਕਿ ਹੁਣ ਵਿਆਜ਼ ਦਰਾਂ ਵਿਚ ਹੋਰ ਵਾਧਾ ਨਹੀਂ ਹੋਵੇਗਾ ਪਰ ਤਾਜ਼ਾ ਸਰਵੇਖਣ ਵਿਚ ਕੈਨੇਡਾ ਦੇ ਜ਼ਿਆਦਾਤਰ ਲੋਕ ਇਸ ਗੱਲ ਉਪਰ ਯਕੀਨ ਨਹੀਂ ਕਰਦੇ ਅਤੇ ਉਨ੍ਹਾਂ ਨੂੰ ਲੱਗਦਾ ਹੈ ਕਿ ਵਿਆਜ ਦਰਾਂ ਫਿਰ ਤੋਂ ਵਧਣਗੀਆਂ

# ਬ੍ਰਿਟੇਨ 'ਚ ਹੁਣ ਕੇਵਲ ਭਾਰਤੀ ਡਾਕਟਰਾਂ ਦੇ ਹਵਾਲੇ ਲੋਕਾਂ ਦਾ ਇਲਾਜ




ਲੰਡਨ (ਪੰਜਾਬੀ ਅਖਬਾਰ ਬਿਊਰੋ)- ਬ੍ਰਿਟੇਨ 'ਚ ਇਨ੍ਹੀਂ ਦਿਨੀਂ ਭਾਰਤੀ ਡਾਕਟਰ ਮਸੀਹਾ ਬਣੇ ਹੋਏ ਹਨ। ਇੱਥੇ ਸਿਹਤ ਮੁਲਾਜ਼ਮਾਂ ਦੀ ਡੇਢ ਮਹੀਨਿਆਂ ਤੋਂ ਚੱਲ ਰਹੀ ਹੜਤਾਲ ਕਾਰਨ ਦੇਸ਼ ਵਾਸੀਆਂ ਦਾ ਇਲਾਜ ਭਾਰਤੀ ਡਾਕਟਰਾਂ ਦੇ ਹਵਾਲੇ ਹੈ। ਸਰਕਾਰੀ ਸਿਹਤ ਸੇਵਾ ਮੁਲਾਜ਼ਮ ਤਨਖ਼ਾਹ ਵਧਾਉਣ ਲਈ ਹੜਤਾਲ 'ਤੇ ਹਨ। ਸਰਕਾਰੀ ਸਿਹਤ ਸੇਵਾ 'ਚ 1.15 ਲੱਖ ਭਾਰਤੀ ਡਾਕਟਰ ਹਨ ਜਿਨ੍ਹਾਂ 'ਚੋਂ ਜ਼ਿਆਦਾਤਰ ਹੜਤਾਲ 'ਤੇ ਸ਼ਾਮਿਲ ਨਹੀਂ। ਇਸ ਨਾਲ ਕੰਮ ਦਾ ਬੋਝ ਇਨ੍ਹਾਂ ਡਾਕਟਰਾਂ ਅਤੇ ਨਰਸਾਂ 'ਤੇ ਪੈ ਰਿਹਾ ਹੈ। ਕੌਨਟਰੈਕਟ 'ਚ ਹਫ਼ਤੇ 'ਚ 40 ਘੰਟਿਆਂ ਦੀ ਸ਼ਿਫ਼ਟ ਹੈ।ਖ਼ਾਸ ਗੱਲ ਇਹ ਹੈ ਕਿ ਬ੍ਰਿਟੇਨ ਦੇ ਪਿੰਡਾਂ, ਛੋਟੇ ਕਸਬਿਆਂ, ਪੱਛੜੇ ਇਲਾਕਿਆਂ 'ਚ ਬ੍ਰਿਟਿਸ਼ ਡਾਕਟਰ ਕੰਮ ਨਹੀਂ ਕਰਦੇ। ਸਿਰਫ਼ ਭਾਰਤੀ ਡਾਕਟਰ ਹੀ ਉੱਥੇ ਜਾਂਦੇ ਹਨ। ਕਾਮਿਆਂ, ਖਾਨ ਮਜ਼ਦੂਰਾਂ ਦੀਆਂ ਬਸਤੀਆਂ 'ਚ ਭਾਰਤੀ ਡਾਕਟਰ ਹੀ ਜਾ ਕੇ ਆਪਣੀਆਂ ਸੇਵਾਵਾਂ ਦੇ ਰਹੇ ਹਨ। ਵੇਲਸ ਦੀ ਰੋਂਡਾ ਵੈਲੀ ਕਮਜ਼ੋਰ ਵਰਗ ਦੀ ਬਸਤੀ ਹੈ, ਜਿਥੇ 73 ਫ਼ੀਸਦੀ ਡਾਕਟਰ ਭਾਰਤੀ ਹਨ। ਬ੍ਰਿਟੇਨ 'ਚ 70 ਲੱਖ ਮਰੀਜ਼ ਡਾਕਟਰ ਕੋਲੋਂ ਸਮਾਂ ਮਿਲਣ ਦੇ ਇੰਤਜ਼ਾਰ 'ਚ ਹਨ। ਹਸਪਤਾਲ 'ਚ ਬੈੱਡਜ਼ ਲਈ ਇੰਤਜ਼ਾਰ 2011 ਦੇ ਮੁਕਾਬਲੇ 'ਚ 2019 'ਚ ਅੱਠ ਗੁਣਾ ਵੱਧ ਗਿਆ ਹੈ। ਇਸ ਸਮਾਂ ਹੱਦ 'ਚ ਇਲੈਕਟਿਵ ਕੇਅਰ ਲਈ 18 ਹਫ਼ਤੇ ਤੋਂ ਵੱਧ ਦਾ ਇੰਤਜ਼ਾਰ ਕਰਨ ਵਾਲੇ ਤਿੰਨ ਗੁਣਾ ਵੱਧ ਗਏ।ਹੜਤਾਲ ਕਾਰਨ ਭਾਰਤੀ ਡਾਕਟਰਾਂ ਨੂੰ ਰੋਜ਼ 12 ਘੰਟੇ ਜਾਂ ਜ਼ਿਆਦਾ ਡਿਊਟੀ ਕਰਨੀ ਪੈ ਰਹੀ ਹੈ। ਕਈ ਭਾਰਤੀ ਡਾਕਟਰਾਂ ਦਾ ਕਹਿਣਾ ਹੈ ਕਿ ਕੰਮ ਦੇ ਦਬਾਅ 'ਚ ਉਨ੍ਹਾਂ ਦੀ ਦਿਮਾਗੀ ਤੇ ਭਾਵਨਾਮਤਕ ਸਿਹਤ 'ਤੇ ਬੁਰਾ ਅਸਰ ਪੈ ਰਿਹਾ ਹੈ।

# ਸਰਵੇਖਣ 'ਚ ਟੋਰਾਂਟੋ ਦੇ ਮੁਕਾਬਲੇ ਵੈਨਕੂਵਰ ਨੂੰ ਵਧੀਆ ਸ਼ਹਿਰ ਮੰਨਿਆ ਗਿਆ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਦੁਨੀਆਂ ਭਰ ਦੇ ਪ੍ਰਮੁੱਖ ਸ਼ਹਿਰਾਂ ਦੀ ਦਰਜਾਬੰਦੀ ਲਈ ਸਮੇਂ ਸਮੇਂ ਤੇ ਕਈ ਤਰਾਂ ਦੇ ਸਰਵੇਖਣ ਕਰਵਾਏ ਜਾਂਦੇ ਹਨ ।ਇਨ੍ਹਾਂ ਸਰਵੇਖਣਾਂ ਵਿੱਚ ਕਈ ਵਾਰ ਇਹ ਆਧਾਰ ਬਣਾਇਆ ਜਾਂਦਾ ਹੈ ਕਿ ਕਿਸੇ ਸ਼ਹਿਰ ਵਿੱਚ ਰਹਿਣਾ ਕਿੰਨਾ ਆਸਾਨ ਹੈ ਜਾਂ ਕਿੰਨਾ ਮੁਸ਼ਕਿਲ ਜਾਂ ਫਿਰ ਉਸ ਸ਼ਹਿਰ ਦੀਆਂ ਵਿੱਤੀ ਗਤੀਵਿਧੀਆਂ ਨੂੰ ਆਧਾਰ ਬਣਾਇਆ ਜਾਂਦਾ ਹੈ। ਸਟੈਂਡਰਡ ਆਫ ਲਿਵਿੰਗ ਵੀ ਇਨ੍ਹਾਂ ਸਰਵੇਖਣਾਂ ਵਿੱਚ ਪ੍ਰਮੁੱਖਤਾ ਨਾਲ ਸ਼ਾਮਲ ਕੀਤੇ ਜਾਂਦੇ ਹਨ। ਇਸੇ ਤਰ੍ਹਾਂ ਦਾ ਇੱਕ ਹੋਰ ਸਰਵੇਖਣ ਹੁਣ ਆਇਆ ਹੈ ਜਿਸ ਵਿੱਚ ਇਹ ਆਧਾਰ ਬਣਾਇਆ ਗਿਆ ਹੈ ਕਿ ਕਿਸ ਸ਼ਹਿਰ ਨੂੰ ਲੋੜੋਂ ਵੱਧ ਵਧਾ ਚੜ੍ਹਾ ਕੇ ਦੱਸਿਆ ਜਾਂਦਾ ਹੈ ਇਸ ਸਰਵੇਖਣ ਵਿੱਚ ਵੈਨਕੂਵਰ ਟੋਰਾਂਟੋ ਨਾਲੋਂ ਕੁੱਝ ਬੇਹਤਰ ਸਥਿਤੀ ਵਿੱਚ ਨਜ਼ਰ ਆ ਰਿਹਾ ਹੈ।

# ਗ੍ਰੇਟਰ ਟੋਰਾਂਟੋ ਏਰੀਏ 'ਚ ਮਕਾਨ ਮਾਲਕਾਂ ਦੀ ਜਾਣਕਾਰੀ ਤੋਂ ਬਿਨ੍ਹਾਂ 30 ਦੇ ਕਰੀਬ ਘਰ ਵੇਚ ਦਿੱਤੇ ਗਏ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਸਾਨੂੰ ਅਕਸਰ ਇਹ ਚਿੰਤਾ ਰਹਿੰਦੀ ਹੈ ਕਿ ਭਾਰਤ ਵਿਚਲੀ ਸਾਡੀ ਪ੍ਰਾਪਰਟੀ ਉਪਰ ਕੋਈ ਕਬਜ਼ਾ ਨਾ ਕਰ ਲਵੇ ਪਰ ਹੁਣ ਕੈਨੇਡਾ ਵਿੱਚ ਅਜਿਹੀਆਂ ਕਈ ਉਦਾਹਰਨਾ ਸਾਹਮਣੇ ਆ ਰਹੀਆਂ ਹਨ ਕਿ ਮਕਾਨ ਮਾਲਕਾਂ ਦੀ ਮਰਜ਼ੀ ਜਾਂ ਜਾਣਕਾਰੀ ਤੋਂ ਬਿਨਾਂ ਹੀ ਉਹਨਾਂ ਦੇ ਘਰ ਜਾਂ ਤਾਂ ਵੇਚ ਦਿੱਤੇ ਗਏ ਜਾਂ ਉਸ ਉੱਪਰ ਮੌਰਗੇਜ ਲੈ ਲਈ ਗਈ ਹੈ। ਇਕੱਲੇ ਗਰੇਟਰ ਟਰਾਂਟੋ ਏਰੀਆ ਵਿੱਚ ਹੀ 30 ਦੇ ਕਰੀਬ ਘਰ ਮਕਾਨ ਮਾਲਕਾਂ ਦੀ ਜਾਣਕਾਰੀ ਤੋਂ ਬਿਨਾਂ ਹੀ ਵੇਚ ਦਿੱਤੇ ਗਏ ਅਤੇ ਹੁਣ ਇਹ ਇੱਕ ਸੰਗਠਿਤ ਅਪਰਾਧ ਬਣ ਚੁੱਕਾ ਹੈ।


# ਬੀ ਸੀ 'ਚ ਬਜ਼ੁਰਗ ਮਹਿਲਾ ਕੋਲੋਂ 80,000 ਡਾਲਰ ਦੀ ਠੱਗੀ




ਸਰੀ (ਪੰਜਾਬੀ ਅਖ਼ਬਾਰ ਬਿਊਰੋ) ਫੋਨ ਕਾਲਾਂ ਤੇ ਈਮੇਲਾਂ ਜਾਂ ਮੈਸਿਜ ਰਾਹੀਂ ਲੋਕਾਂ ਨੂੰ ਠੱਗਣ ਲਈ ਕਈ ਕਈ ਤਰ੍ਹਾਂ ਦੇ ਢੰਗ ਤਰੀਕੇ ਅਪਣਾਏ ਜਾ ਰਹੇ ਹਨ ਕਦੇ ਤੁਹਾਡੇ ਕਿਸੇ ਨਜ਼ਦੀਕੀ ਰਿਸ਼ਤੇਦਾਰ ਦੇ ਕਿਤੇ ਫਸੇ ਹੋਣ ਦੇ ਨਾਮ ਤੇ ਕਦੇ ਤੁਹਾਡੇ ਲਾਲਚ ਨੂੰ ਅਧਾਰ ਬਣਾ ਕੇ ਅਤੇ ਕਦੇ ਕਈ ਲੁਭਾਉਣੀਆਂ ਆਫਰਜ਼ ਆਦਿ ਦੇ ਕੇ ਬੈਂਕਾਂ ਚੋਂ ਹਜ਼ਾਰਾਂ ਡਾਲਰ ਉਡਾ ਲੈ ਜਾਂਦੇ ਹਨ। ਇਨ੍ਹਾਂ ਠੱਗਾਂ ਵੱਲੋਂ ਅੱਜ ਕੱਲ ਬਜ਼ੁਰਗਾਂ ਨੂੰ ਜ਼ਿਆਦਾ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਇਸ ਦੀ ਤਾਜ਼ਾ ਮਿਸਾਲ ਬ੍ਰਿਟਿਸ਼ ਕੋਲੰਬੀਆ ਤੋਂ ਸਾਹਮਣੇ ਆਈ ਹੈ ਜਿੱਥੇ ਇੱਕ ਬਜ਼ੁਰਗ ਮਹਿਲਾ ਦੇ ਖਾਤੇ ਵਿੱਚੋ 80 ਹਜ਼ਾਰ ਡਾਲਰ ਉਡਾ ਲਏ ਗਏ ਹਨ।




















ਗੱਲ ਤਾਂ ਹੈ ਈ
ਪਰਦੇ ਦੀ!
TWC
TIMELESS WINDOW
COVERINGS
ਘਰ ਨਵਾਂ ਹੋਵੇ ਜਾਂ ਪੁਰਾਣਾ ਉਹਦੀ ਦਿੱਖ
ਤਾਂ ਪਰਦਿਆਂ ਨਾਲ ਹੀ ਬਣਦੀ ਐ!
ਸਾਡੇ ਕੋਲ ਵਿੰਡੋ ਬਲਾਈਂਡ ਦੀ ਬੇ-ਸ਼ੁਮਾਰ ਵਰਾਇਟੀ ਹੈ
ਸਾਡੀ ਟੀਮ ਦੇ ਮੈਂਬਰ ਤੁਹਾਡੇ
ਘਰ ਆਕੇ ਹੀ ਤੁਹਾਨੂੰ
ਡਿਜ਼ਾਈਨ ਦਿਖਾਕੇ ਤੁਹਾਡੀ
ਪਸੰਦ ਦੇ ਬਲਾਈਂਡ
ਬਣਾਕੇ ਦੇਣਗੇ।
E Mail: Info@twcoverings.com
Web: www.twcoverings.com
Timelesswindowcoverings
ਕਾਲ: 403 953 1000

## ਮੈਨੀਟੋਬਾ ਵਾਸੀਆਂ ਨੂੰ 200 ਮਿਲੀਅਨ ਡਾਲਰ ਦਾ ਕਾਰਬਨ ਟੈਕਸ ਰਾਹਤ ਫ਼ੰਡ ਮਿਲੇਗਾ

ਵਿਨੀਪੈਗ(ਪੰਜਾਬੀ ਅਖ਼ਬਾਰ ਬਿਊਰੋ) ਬੀਤੇ ਦਿਨੀ ਮੈਨੀਟੋਬਾ ਦੀ ਪ੍ਰੀਮੀਅਰ ਹੈਦਰ ਸਟੀਫਨਸਨ ਨੇ ਐਲਾਨ ਕੀਤਾ ਹੈ ਕਿ ਮਹਿੰਗਾਈ ਦੀ ਮਾਰ ਨਾਲ ਜੂਝ ਰਹੇ ਸੂਬਾ ਵਾਸੀਆਂ ਨੂੰ ਸਰਕਾਰ ਵੱਲੋਂ ਕਾਰਬਨ ਟੈਕਸ ਰਾਹਤ ਫੰਡ ਦਿੱਤਾ ਜਾ ਰਿਹਾ ਹੈ ਜਿਸ ਉਪਰ 200 ਮਿਲੀਅਨ ਡਾਲਰ ਖਰਚ ਹੋਣਗੇ। ਉਨ੍ਹਾਂ ਦੱਸਿਆ ਕਿ ਇਸ ਫੰਡ ਤਹਿਤ ਇਕੱਲੇ ਵਿਅਕਤੀ ਨੂੰ ਸਵਾ ਦੋ ਸੌ ਡਾਲਰ ਅਤੇ ਇੱਕ ਜੋੜੇ ਨੂੰ ਪੌਣੇ ਚਾਰ ਸੋ ਡਾਲਰ ਮਿਲਣਗੇ।ਪ੍ਰੀਮੀਅਰ ਨੇ ਆਖਿਆ ਕਿ ਇਸ ਰਾਹਤ ਫੰਡ ਨਾਲ 7 ਲੱਖ ਲੋਕਾਂ ਨੂੰ ਮਦਦ ਮਿਲੇਗੀ। ਉਨ੍ਹਾਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਕਾਰਬਨ ਟੈਕਸ ਲਗਾਉਣ ਅਤੇ ਇਸ ਵਿੱਚ ਐਨ ਡੀ ਪੀ ਵੱਲੋਂ ਸਰਕਾਰ ਦਾ ਸਾਥ ਦੇਣ ਦੀ ਅਲੋਚਨਾ ਵੀ ਕੀਤੀ।

## ਪਾਕਿਸਤਾਨ ਦੀ ਮਸਜਿਦ 'ਚ ਆਤਮਘਾਤੀ ਬੰਬ ਧਮਾਕੇ 'ਚ 62 ਪੁਲਿਸ ਮੁਲਾਜ਼ਮਾਂ ਦੀ ਮੌਤ

ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਮਹਿੰਗਾਈ ਅਤੇ ਆਰਥਿਕ ਮੰਦਹਾਲੀ ਨਾਲ ਪੂਰੀ ਤਰ੍ਹਾਂ ਜੂਝ ਰਹੇ ਪਾਕਿਸਤਾਨ ਦੀਆਂ ਮੁਸੀਬਤਾਂ ਘਟਣ ਦੀ ਥਾਂ ਲਗਾਤਾਰ ਵਧ ਰਹੀਆਂ ਹਨ ਅਤੇ ਪਾਕਿਸਤਾਨ ਦੀਆਂ ਮੁਸ਼ਕਿਲਾਂ ਵਿੱਚ ਅੱਤਵਾਦੀ ਹਮਲੇ ਹੋਰ ਜ਼ਿਆਦਾ ਵਾਧਾ ਕਰ ਰਹੇ ਹਨ । ਅੱਤਵਾਦੀਆਂ ਵੱਲੋਂ ਪੁਲਿਸ ਅਤੇ ਸੁਰੱਖਿਆ ਬਲਾਂ ਨੂੰ ਵਿਸ਼ੇਸ਼ ਤੌਰ 'ਤੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਹੁਣ ਫੇਰ ਪਾਕਿਸਤਾਨ ਦੇ ਪੇਸ਼ਾਵਰ ਵਿੱਚ ਇੱਕ ਮਸਜਿਦ ਵਿੱਚ ਹੋਏ ਅੱਤਵਾਦੀ ਹਮਲੇ ਵਿੱਚ 62 ਪੁਲਿਸ ਮੁਲਾਜ਼ਮਾਂ ਦੀ ਮੌਤ ਹੋ ਗਈ ਹੈ ਅਤੇ ਡੇਢ ਸੌ ਦੇ ਕਰੀਬ ਲੋਕ ਜ਼ਖਮੀ ਹੋਏ ਹਨ।

# ਵਿਨੀਪੈਗ ਟਰਾਂਜ਼ਿਟ ਦੇ ਪੰਜਾਬੀ ਓਪਰੇਟਰਾਂ ਨੇ ਮਨਾਈ ਲੋਹੜੀ



ਵਿਨੀਪੈਗ-ਸੁਰਿੰਦਰ ਮਾਵੀ- ਲੋਹੜੀ ਇੱਕ ਬਹੁਤ ਹੀ ਪ੍ਰਸਿੱਧ ਸਰਦੀਆਂ ਦਾ ਤਿਉਹਾਰ ਹੈ ਜੋ ਪੂਰੇ ਪੰਜਾਬ ਵਿਚ ਮਨਾਇਆ ਜਾਂਦਾ ਹੈ।ਲੋਹੜੀ ਦੇ ਮੁੱਢ ਬਹੁਤ ਹਨ। ਬਹੁਤ ਸਾਰੇ ਲੋਕਾਂ ਦਾ ਮੰਨਣਾ ਹੈ ਕਿ ਇਹ ਤਿਉਹਾਰ ਸਰਦੀਆਂ ਦੀ ਸੰਗਰਾਂਦ ਦੀ ਪੂਰਵ ਸੰਧਿਆ ਦੇ ਜਸ਼ਨ ਵਜੋਂ ਸ਼ੁਰੂ ਹੋਇਆ ਸੀ।ਲੋਕ-ਕਥਾ ਦੇ ਅਨੁਸਾਰ, ਪ੍ਰਾਚੀਨ ਪੰਜਾਬ ਵਿਚ ਲੋਹੜੀ ਸਰਦੀਆਂ ਦੇ ਸੰਗਰਾਂਦ ਦੇ ਦਿਨ ਦੀ ਪੂਰਵ ਸੰਧਿਆ 'ਤੇ ਮਨਾਈ ਜਾਂਦੀ ਸੀ। ਇਹੀ ਕਾਰਨ ਹੈ ਕਿ ਲੋਕ ਮੰਨਦੇ ਹਨ ਕਿ ਲੋਹੜੀ ਦੀ ਰਾਤ ਸਾਲ ਦੀ ਸਭ ਤੋਂ ਲੰਬੀ ਰਾਤ ਹੁੰਦੀ ਹੈ ਅਤੇ ਲੋਹੜੀ ਤੋਂ ਅਗਲੇ ਦਿਨ, ਦਿਨ ਦੀ ਰੌਸ਼ਨੀ ਵਧਾਉਣ ਲਈ ਹੁੰਦੀ ਹੈ।

ਲੋਹੜੀ ਰਵਾਇਤੀ ਤੌਰ 'ਤੇ ਹਾੜ੍ਹੀ ਦੀਆਂ ਫ਼ਸਲਾਂ ਦੀ ਵਾਢੀ ਨਾਲ ਜੁੜੀ ਹੋਈ ਹੈ। ਲੋਕ ਚੰਗੀ ਫ਼ਸਲ ਲਈ ਪ੍ਰਮਾਤਮਾ ਦਾ ਧੰਨਵਾਦ ਕਰਨ ਲਈ ਧਾਰਮਿਕ ਪੂਜਾ ਸਥਾਨਾਂ 'ਤੇ ਮੂੰਗਫਲੀ, ਰਿਉੜੀ, ਆਟਾ, ਮੱਖਣ ਅਤੇ ਵੱਖ-ਵੱਖ ਖਾਣ ਪੀਣ ਦੀਆਂ ਚੀਜ਼ਾਂ ਲੈ ਕੇ ਜਾਂਦੇ ਹਨ।ਬਹੁਤ ਸਾਰੇ ਪਰਿਵਾਰ ਇਸ ਮੌਕੇ ਨੂੰ ਆਪਣੇ ਅਜ਼ੀਜ਼ਾਂ ਨੂੰ ਇਕੱਠਾ ਕਰਨ ਲਈ, ਨਵੇਂ ਜਨਮੇ ਬੱਚੇ ਦੇ ਜਨਮ ਦਾ ਜਸ਼ਨ ਮਨਾਉਣ ਲਈ, ਅੱਗ ਜਲਾ ਕੇ, ਅਤੇ ਪੌਪਕੌਰਨ, ਮੂੰਗਫਲੀ, ਚਾਵਲ ਨੂੰ ਅੱਗ ਵਿਚ ਸੁੱਟ ਕੇ, ਬੱਚੇ 'ਤੇ ਬੁਰਾਈ ਨੂੰ ਦੂਰ ਕਰਨ ਲਈ, ਅਤੇ ਬੱਚੇ ਨੂੰ ਨਿੱਘੀਆਂ ਸ਼ੁੱਭਕਾਮਨਾਵਾਂ ਦੇ ਕੇ ਅਸ਼ੀਰਵਾਦ ਦਿੰਦੇ ਹਨ. ਇਨ੍ਹਾਂ ਹੀ ਪਰੰਪਰਾਵਾਂ ਨੂੰ ਕਾਇਮ ਰੱਖਦੇ ਹੋਏ ਵਿਨੀਪੈਗ ਟਰਾਂਜ਼ਿਟ ਦੇ ਪੰਜਾਬੀ ਬੱਸ ਉਪਰੇਟਰਾਂ ਵੱਲੋਂ ਜ਼ਾਇਕਾ ਰੈਸਟੋਰੈਂਟ ਵਿਚ ਇਕ ਫੰਕਸ਼ਨ ਦਾ ਆਯੋਜਨ ਕੀਤਾ ਗਿਆ ਜਿਸ ਵਿਚ ਬੱਸ ਡਰਾਈਵਰਾਂ ਨੇ ਆਪਣੇ ਕੰਮ ਤੋਂ ਸਮਾਂ ਕੱਢ ਕਿ ਇਸ ਫੰਕਸ਼ਨ ਵਿਚ ਖੂਬ ਆਨੰਦ ਮਾਣਿਆ । ਠੰਢ, ਸਨੋਅ ਅਤੇ ਬਹੁਤ ਸਾਰੇ ਮੈਂਬਰਾਂ ਦੇ ਕੰਮ ਹੋਣ ਦੇ ਬਾਵਜੂਦ ਇਸ ਪ੍ਰੋਗਰਾਮ ਵਿਚ ਕਾਫੀ ਰੌਣਕ ਰਹੀ। ਇਸ ਪ੍ਰੋਗਰਾਮ ਦੀ ਰੂਪ ਰੇਖਾ ਤਿਆਰ ਕਰਨ ਵਿਚ ਨਵੇਂ ਮੈਂਬਰਾਂ ਦਾ ਯੋਗਦਾਨ ਵਧੇਰੇ ਸੀ। ਚਾਹ ਪਾਣੀ ਤੋਂ ਬਾਅਦ ਪ੍ਰਬੰਧਕ ਮੈਂਬਰਾਂ ਨੇ ਜੀ ਆਇਆਂ ਕਹਿੰਦਿਆਂ ਖ਼ੁਸ਼ੀਆਂ ਭਰੇ ਅਤੇ ਭਾਈਚਾਰਕ ਸਾਂਝ ਨੂੰ ਦਰਸਾਉਂਦੇ ਭਾਈਚਾਰਕ ਤੇ ਆਪਸੀ ਸਾਂਝ ਕਾਇਮ ਰੱਖਣ 'ਤੇ ਜ਼ੋਰ ਦਿੱਤਾ।

ਦੁਨੀਆਂ ਭਾਵੇਂ ਇੱਕ ਗਲੋਬਲ ਪਿੰਡ ਬਣ ਗਈ ਹੈ ਪਰ ਸਾਨੂੰ ਆਪਣੇ ਗੁਆਂਢੀਆਂ ਬਾਰੇ ਵੀ ਕੁੱਝ ਪਤਾ ਨਹੀਂ ਹੁੰਦਾ। ਦਿਨੋਂ ਦਿਨ ਮਨੁੱਖ, ਮਨੁੱਖ ਤੋਂ ਦੂਰ ਜਾ ਰਿਹਾ ਹੈ। ਭਾਈਚਾਰਕ ਸਾਂਝ ਘਟ ਰਹੀ ਹੈ।ਇਸ ਤੋਂ ਬਾਅਦ ਮੈਂਬਰਾਂ ਨੇ ਪੰਜਾਬੀ ਗਾਣਿਆਂ ਰਾਹੀ ਪ੍ਰੋਗਰਾਮ ਵਿਚ ਪੰਜਾਬ ਦਾ ਮਾਹੌਲ ਪੈਦਾ ਕਰ ਦਿੱਤਾ। ਸਾਰੇਆਂ ਨੇ ਇਸ ਪ੍ਰੋਗਰਾਮ ਦਾ ਪੂਰਾ ਆਨੰਦ ਮਾਣਿਆ।ਇਹ ਪ੍ਰੋਗਰਾਮ ਬਹੁਤ ਹੀ ਸਫਲ ਰਿਹਾ.ਇਸ ਵਿਚ ਵੱਡੀ ਗਿਣਤੀ ਵਿਚ ਸ਼ਮੂਲੀਅਤ ਨੇ ਇਹ ਦਰਸਾ ਦਿੱਤਾ ਕਿ ਪ੍ਰਦੇਸਾਂ ਵਿਚ ਪੰਜਾਬੀ ਆਪਣੇ ਵਿਰਾਸਤੀ ਦਿਨ ਦਿਹਾੜਿਆਂ ਨੂੰ ਭੁੱਲਦੇ ਨਹੀਂ ਸਗੋਂ ਬੜੀ ਧੂਮ ਧਾਮ ਨਾਲ ਮਨਾਉਂਦੇ ਹਨ?

# 2022 'ਚ ਦਿੱਤੀਆਂ ਗਈਆਂ ਸਭ ਤੋਂ ਵੱਧ ਮੌਤ ਦੀਆਂ ਸਜ਼ਾਵਾਂ



ਨਵੀਂ ਦਿੱਲੀ (ਪੰਜਾਬੀ ਅਖਬਾਰ ਬਿਊਰੋ) ਦੇਸ਼ ਭਰ 'ਚ ਬੀਤੇ ਸਾਲ ਟਰਾਇਲ ਕੋਰਟ ਨੇ 165 ਕੈਦੀਆਂ ਨੂੰ ਸਜ਼ਾ-ਏ-ਮੌਤ ਸੁਣਾਈ ਹੈ। ਸਾਲ 2022 ਦਾ ਇਹ ਅੰਕੜਾ ਬੀਤੇ ਦੋ ਦਹਾਕਿਆਂ 'ਚ ਸਭ ਤੋਂ ਵੱਧ ਰਿਹਾ ਹੈ। ਇਸ ਤੋਂ ਪਹਿਲਾਂ ਸਾਲ 2021 'ਚ 146 ਲੋਕਾਂ ਨੂੰ ਫ਼ਾਂਸੀ ਦੀ ਸਜ਼ਾ ਸੁਣਾਈ ਗਈ ਸੀ। ਹੈਰਾਨ ਕਰਨ ਵਾਲੀ ਗੱਲ ਹੈ ਕਿ ਫ਼ਾਂਸੀ ਦੀ ਸਜ਼ਾ ਪ੍ਰਾਪਤ ਹਰ ਤੀਜਾ ਸ਼ਖ਼ਸ ਸੈਕਸ ਅਪਰਾਧਾਂ ਨਾਲ ਜੁੜਿਆ ਹੋਇਆ ਹੈ।ਇਹ ਗਿਣਤੀ 2016 ਤੋਂ ਬਾਅਦ ਸਭ ਤੋਂ ਵੱਧ ਹੈ। ਰਿਪੋਰਟ ਮੁਤਾਬਿਕ 2015 ਤੋਂ 2022 ਤਕ 40 ਫ਼ੀਸਦੀ ਤਕ ਅਜਿਹੇ ਕੈਦੀਆਂ ਦੀ ਗਿਣਤੀ 'ਚ ਵਾਧਾ ਹੋਇਆ ਜਿਨ੍ਹਾਂ ਨੂੰ ਮੌਤ ਦੀ ਸਜ਼ਾ ਸੁਣਾਈ ਜਾ ਚੁੱਕੀ ਹੈ। ਇਸ ਦੀ ਅਹਿਮ ਵਜ੍ਹਾ ਹਾਲ ਦੇ ਸਾਲਾਂ 'ਚ ਵੱਡੀ ਗਿਣਤੀ 'ਚ ਟਰਾਇਲ ਕੋਰਟ ਵਲੋਂ ਦਿੱਤੀ ਗਈ ਮੌਤ ਦੀ ਸਜ਼ਾ ਅਤੇ ਫ਼ਿਰ ਅਪੀਲੀ ਅਦਾਲਤਾਂ ਵਲੋਂ ਅਜਿਹੇ ਮਾਮਲਿਆਂ ਦੇ ਨਿਪਟਾਰੇ ਦੀ ਘੱਟ ਦਰ ਦੱਸਿਆ ਗਿਆ ਹੈ।ਇਹ ਜਾਣਕਾਰੀ ਸਾਲਾਨਾ ਗਿਣਤੀ 2022 ਦੇ ਹਵਾਲੇ ਤੋਂ ਸਾਹਮਣੇ ਆਈ ਹੈ। ਇਸ ਰਿਪੋਰਟ ਮੁਤਾਬਿਕ 2008 ਦੇ ਸੀਰੀਅਲ ਬਲਾਸਟ ਮਾਮਲੇ 'ਚ ਅਹਿਮਦਾਬਾਦ ਦੀ ਇੱਕ ਅਦਾਲਤ ਵਲੋਂ ਫ਼ਰਵਰੀ 2022 'ਚ 38 ਲੋਕਾਂ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਸੀ। ਇਸ ਮਾਮਲੇ ਨੇ ਹੀ 2022 'ਚ ਸਜ਼ਾ-ਏ-ਮੌਤ ਦੇ ਅੰਕੜਿਆਂ ਨੂੰ ਵਧਾਉਣ 'ਚ ਸਭ ਤੋਂ ਵੱਡਾ ਯੋਗਦਾਨ ਪਾਇਆ। ਉੱਥੇ ਹੀ ਸਾਲ 2022 'ਚ ਸੈਕਸ ਅਪਰਾਧਾਂ ਦੇ 165 ਮਾਮਲਿਆਂ ਦੇ 52 ਕੈਦੀਆਂ ਨੂੰ ਫ਼ਾਂਸੀ ਦੀ ਸਜ਼ਾ ਸੁਣਾਈ ਗਈ। ਜੋ ਕੁੱਲ ਮਾਮਲਿਆਂ ਦਾ 31.5 ਫ਼ੀਸਦੀ ਹੈ।

# ਟਰੰਪ ਨੇ 2024 ਲਈ ਸ਼ੁਰੂ ਕੀਤਾ ਚੋਣ ਪ੍ਰਚਾਰ

ਸਾਲੇਮ (ਪੰਜਾਬੀ ਅਖਬਾਰ ਬਿਊਰੋ)ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੌਨਲਡ ਟਰੰਪ ਨੇ 2024 'ਚ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ ਲਈ ਆਪਣੀ ਪ੍ਰਚਾਰ ਮੁਹਿੰਮ ਦੀ ਸ਼ੁਰੂਆਤ ਕਰ ਦਿੱਤੀ ਹੈ। ਦੋ ਮਹੀਨੇ ਤੋਂ ਵੱਧ ਸਮਾਂ ਪਹਿਲਾਂ ਉਨ੍ਹਾਂ ਨੇ ਤੀਜੀ ਵਾਰ ਰਾਸ਼ਟਰਪਤੀ ਚੋਣਾਂ 'ਚ ਕਿਸਮਤ ਅਜ਼ਮਾਉਣ ਦਾ ਐਲਾਨ ਕੀਤਾ ਸੀ। ਸਾਲੇਮ ਦੇ ਨਿਊ ਹੈਂਪਸ਼ਾਇਰ 'ਚ ਰੀਪਬਲਿਕਨ ਪਾਰਟੀ ਦੀ ਸਾਲਾਨਾ ਮੀਟਿੰਗ 'ਚ ਟਰੰਪ ਨੇ ਪਾਰਟੀ ਨੇਤਾਵਾਂ ਨੂੰ ਕਿਹਾ, "ਇਹ ਉਹ ਥਾਂ ਹੈ ਜਿੱਥੇ ਅਸੀਂ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਵਜੋਂ ਆਪਣੀ ਮੁਹਿੰਮ ਦੀ ਸ਼ੁਰੂਆਤ ਕਰ ਰਹੇ ਹਾਂ।" ਟਰੰਪ




ਕੋਲੰਬੀਆ ਜਾਣ ਤੋਂ ਪਹਿਲਾਂ ਸਾਲੇਮ 'ਚ ਰੁੱਕੇ ਸਨ। ਉਨ੍ਹਾਂ ਨੇ ਸਾਲੇਮ 'ਚ ਰੀਪਬਲਿਕਨ ਪਾਰਟੀ ਦੇ ਨੇਤਾਵਾਂ ਨੂੰ ਦੱਖਣੀ ਕੈਰੋਲੀਨਾ ਦੀ ਆਪਣੀ ਪ੍ਰਚਾਰ ਟੀਮ ਤੋਂ ਵਾਕਿਫ਼ ਕਰਾਉਣਾ ਸੀ।ਟਰੰਪ ਨੇ ਕਿਹਾ, "ਮੈਂ ਹੁਣ ਹੋਰ ਨਾਰਾਜ਼ ਹਾਂ ਅਤੇ ਪਹਿਲਾਂ ਦੀ ਤੁਲਨਾ 'ਚ (ਰਾਸ਼ਟਰਪਤੀ ਚੋਣ ਲਈ) ਜ਼ਿਆਦਾ ਵਚਨਬੱਧ ਹਾਂ।" ਫ਼ਿਲਹਾਲ ਸਿਰਫ਼ ਟਰੰਪ ਨੇ ਹੀ 2024 ਦੀਆਂ ਰਾਸ਼ਟਰਪਤੀ ਚੋਣਾਂ ਲਈ ਆਪਣੀ ਉਮੀਦਵਾਰੀ ਦਾ ਐਲਾਨ ਕੀਤਾ ਹੈ। ਫ਼ਲੌਰੀਡਾ ਦੇ ਗਵਰਨਰ ਰੌਨ ਡੀਸੈਂਟਸ, ਸਾਬਕਾ ਉੱਪ ਰਾਸ਼ਟਰਪਤੀ ਮਾਈਕ ਪੈਂਸ, ਦੱਖਣੀ ਕੈਰੋਲਾਈਨਾ ਦੀ ਸਾਬਕਾ ਗਵਰਨਰ ਨਿਕੀ ਹੇਲੀ ਅਤੇ ਕਈ ਸੰਭਾਵੀ ਉਮੀਦਵਾਰਾਂ ਦੇ ਆਉਣ ਵਾਲੇ ਮਹੀਨਿਆਂ 'ਚ ਆਪਣੀਆਂ ਮੁਹਿੰਮਾਂ ਸ਼ੁਰੂ ਕਰਨ ਦੀ ਉਮੀਦ ਹੈ।

# ਕਿਹੜੀਆਂ ਜੇਲ੍ਹਾਂ, ਕਾਹਦੀਆਂ ਜੇਲ੍ਹਾਂ !

**ਜੇਲ੍ਹ, ਹਰੇਕ ਲਈ ਜੇਲ੍ਹ ਨ੍ਹੀਂ ਹੁੰਦੀ !**
**ਡਾਢੇ ਦਾ ਸੱਤੀਂ ਵੀਹੀਂ ਸੌ !**

ਸਾਡਾ ਮੁਲਕ, ਸੰਵਿਧਾਨ ਅਨੁਸਾਰ ਚੱਲਣ ਵਾਲੀ, ਦੁਨੀਆ ਦੀ ਸਭ ਤੋਂ ਵੱਡੀ ਅਜਿਹੀ ਸੈਕੂਲਰ ਵਿਵਸਥਾ ਹੈ। ਇਥੇ ਧਰਮ, ਜਾਤ ਤੇ ਖੇਤਰ ਦੇ ਅਧਾਰ ਤੇ ਬਿਨਾਂ ਕਿਸੇ ਵਿਤਕਰੇ, ਸਮਾਨ ਅਧਿਕਾਰ ਮਿਲੇ ਹੋਏ ਹਨ ਪਰ ਸਮੇਂ ਦੀਆਂ ਤਾਕਤਾਂ, ਆਪਣੇ ਵੋਟਬੈਂਕ ਲਈ, ਧਰਮ ਤੇ ਅੰਧਵਿਸ਼ਵਾਸ ਦੇ ਮਿਲਗੋਭੇ ਰਾਹੀਂ, ਅਜਿਹੇ ਕੁਕਰਮ ਕਰਦੀਆਂ ਰਹੀਆਂ ਨੇਂ ਕਿ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ ਸ਼ਰਮਿੰਦਾ ਹੋਇਆ ਹੈ। ਗੁਜਰਾਤ ਦੰਗਿਆਂ ਦੌਰਾਨ ਵਾਪਰੇ 'ਬਿਲਕਿਸ ਬਾਨੋ' ਬਲਾਤਕਾਰ ਕੇਸ ਦੇ ਸਾਰੇ ਦੋਸ਼ੀਆਂ ਨੂੰ ਛੱਡ ਦਿੱਤਾ ਗਿਆ ਹੈ ਤੇ ਹੋਰ ਵੀ ਸ਼ਰਮਨਾਕ ਹੈ ਕਿ ਬਾਹਰ ਆਉਣ ਤੇ ਉਨਾਂ ਦਾ ਸਨਮਾਨ ਮਾਲਾ ਪਾ ਕੇ ਕੀਤਾ ਗਿਆ, ਪੰਜਾਬ ਦੀ ਪਿਛਲੀ ਸਰਕਾਰ ਨੇਂ ਉਤਰ ਪ੍ਰਦੇਸ਼ ਦੇ 'ਮੁਖਤਾਰ ਅੰਸਾਰੀ' ਨੂੰ, ਝੂਠੇ-ਸੱਚੇ ਕੇਸ 'ਚ, ਪੰਜਾਬ ਲਿਆਉਣ ਤੋਂ ਬਾਅਦ, ਸ਼ਰੇਆਮ ਪ੍ਰਾਹੁਣਚਾਰੀ ਨਿਭਾਉਂਦੇ ਹੋਏ, ਸਿਰਫ਼ ਵੀਆਈਪੀ ਜੇਲ੍ਹ ਸੁਵਿਧਾ ਹੀ ਨ੍ਹੀਂ ਦਿੱਤੀ ਸਗੋਂ ਉਤਰ ਪ੍ਰਦੇਸ਼ ਲਿਜਾਉਣ ਤੋਂ ਰੋਕਣ ਲਈ, ਲੱਖਾਂ ਰੁਪਈਆ ਖਰਚ, ਕੋਰਟ 'ਚ ਮਹਿੰਗੇ ਵਕੀਲਾਂ ਰਾਹੀਂ ਵਾਹ ਲਾ ਦਿੱਤੀ ਸੀ, ਸਿਵਾਨ ਦੇ ਬਾਹੁਬਲੀ ਨੇਤਾ 'ਸ਼ਹਾਬੁਦੀਨ' ਦਾ, ਸਿਵਾਨ ਜੇਲ੍ਹ 'ਚ ਰਹਿੰਦਿਆਂ, ਜਨਤਾ ਦਰਬਾਰ ਲੱਗਦਾ ਰਿਹਾ ਹੈ, ਰਾਜੀਵ ਗਾਂਧੀ ਦੇਸ਼ ਦੇ ਪ੍ਰਧਾਨ ਮੰਤਰੀ ਨੂੰ ਕਤਲ ਕਰਨ ਵਾਲਿਆਂ ਨੂੰ ਵੀ ਸਜਾ ਪੂਰੀ ਹੋਣ ਤੇ ਛੱਡ ਦਿੱਤਾ ਗਿਆ ਹੈ, ਜਦਕਿ ਪੰਜਾਬ ਤੇ ਦੇਸ਼ ਦੇ ਹੋਰ ਵੱਖ-ਵੱਖ ਖੇਤਰਾਂ ਨਾਲ ਸੰਬੰਧਤ ਅਣਗਿਣਤ ਲੋਕ ਅੱਜ ਵੀ ਆਪਣੀ ਸਜਾ ਪੂਰੀ ਹੋਣ ਤੋਂ ਬਾਅਦ ਵੀ ਤਸ਼ੱਦਦ ਝੱਲਦੇ, ਜੇਲਾਂ ਕੱਟਣ ਲਈ ਮਜਬੂਰ ਨੇਂ, ਜਿਸ ਖਿਲਾਫ ਲੋਕ ਰੋਹ ਵੱਧਦਾ ਜਾ ਰਿਹਾ ਹੈ ਤੇ ਇਨਸਾਫ ਪਸੰਦ ਲੋਕ ਧਰਨੇ ਲਾ ਰਹੇ ਨੇਂ ਤੇ ਇਸੇ ਦੌਰਾਨ ਸਿਰਸਾ ਡੇਰਾ ਪ੍ਰਮੁੱਖ ਗੁਰਮੀਤ ਰਾਮ ਰਹੀਮ ਨੂੰ, ਹਰਿਆਣਾ ਸਰਕਾਰ ਦੀ ਮੰਜ਼ੂਰੀ ਤੋਂ ਬਾਅਦ, ਇਕ ਵਾਰ ਫੇਰ ਤੋਂ ਪੈਰੋਲ ਮਿਲ ਚੁੱਕੀ ਹੈ ।



ਦਰਅਸਲ ਸਾਡੇ ਦੇਸ਼ ਦੀ ਤ੍ਰਾਸਦੀ ਹੈ ਕਿ ਇੱਥੋਂ ਦੀਆਂ ਸਰਕਾਰਾਂ, ਸ਼ਰੇਆਮ ਬੇਸ਼ਰਮੀ ਨਾਲ, ਧਰਮ ਵਿਸ਼ੇਸ਼, ਡੇਰੇ ਵਿਸ਼ੇਸ਼ ਜਾਂ ਵਿਅਕਤੀ ਵਿਸ਼ੇਸ਼ ਲਈ, ਕਾਨੂੰਨ ਨੂੰ ਛਿੱਕੇ ਟੰਗਕੇ, ਸਾਰੇ ਰਾਹ ਖੋਲ੍ਹਦੀਆਂ ਹੀ ਰਹੀਆਂ ਨੇਂ, 1986 'ਚ ਰਾਜੀਵ ਗਾਂਧੀ ਨੇਂ, ਇਕ ਮੁਸਲਿਮ ਔਰਤ 'ਸ਼ਾਹਬਾਨੋ', ਜਿਸਨੂੰ 43 ਸਾਲਾਂ ਬਾਅਦ ਉਸਦੇ ਵਕੀਲ ਪਤੀ ਨੇ ਤਲਾਕ ਦੇ ਦਿੱਤਾ ਸੀ ਤੇ ਕੋਰਟ ਨੇ, ਪਤੀ ਨੂੰ ਸ਼ਾਹਬਾਨੋ ਨੂੰ ਗੁਜਾਰਾ ਭੱਤਾ ਦੇਣ ਦੇ ਆਦੇਸ਼ ਦਿੱਤੇ ਪਰ ਧਰਮ ਵਿਸ਼ੇਸ਼ ਦੇ ਵੋਟਬੈਂਕ ਲਈ ਰਾਜੀਵ ਗਾਂਧੀ ਨੇਂ ਇਸੇ ਸਮੇਂ ਸੰਸਦ 'ਚ 'ਮੁਸਲਿਮ ਮਹਿਲਾ ਵਿਧੇਅਕ' ਪਾਸ ਕਰਕੇ, ਮੁਸਲਿਮਾਂ ਨੂੰ ਆਪਣੀ ਪਤਨੀ ਨੂੰ ਤਲਾਕ ਤੋਂ ਬਾਅਦ ਸਿਰਫ਼ ਤਿਨ ਮਹੀਨੇ ਹੀ ਖਰਚਾ ਦੇਣ ਦਾ ਕਾਨੂੰਨ ਬਣਾ ਦਿੱਤਾ ਸੀ ਹਾਲਾਂਕਿ ਉਦੋਂ ਤਾਂ ਮੀਡੀਆ ਕਮਜ਼ੋਰ ਸੀ, ਅਨਪੜ੍ਹਤਾ ਸੀ ਪਰ ਹੁਣ 21 ਵੀਂ ਸਦੀ ਦੇ ਇੰਟਰਨੈੱਟ ਤੇ ਸੋਸ਼ਲ ਮੀਡੀਆ ਦੇ ਦੋਰ 'ਚ, ਇਸ ਤਰਾਂ ਦੇ ਘਟਨਾਕ੍ਰਮ, ਆਉਣ ਵਾਲੇ ਸਮੇਂ 'ਚ ਸਾਡੇ ਦੇਸ਼ ਦੇ ਸੰਘੀ ਢਾਂਚੇ ਲਈ ਬਹੁਤ-ਬਹੁਤ ਖਤਰਨਾਕ ਸਾਬਤ ਹੋ ਸਕਦੇ ਨੇਂ ਹਾਲਾਂਕਿ ਕਿਸੇ ਵੀ ਕੈਦੀ ਲਈ ਪੈਰੋਲ, ਫਰਲੋ ਆਦਿ ਕਾਨੂੰਨੀ ਅਧਿਕਾਰ ਨੇਂ ਪਰ ਸਰਕਾਰ ਵੱਲੋਂ, ਇਕੋ ਵਿਅਕਤੀ ਦੀ ਪੈਰੋਲ ਅਰਜ਼ੀ ਨੂੰ ਵਾਰ-ਵਾਰ, ਮੰਜ਼ੂਰ ਕਰਕੇ ਅੱਗੇ ਕੋਰਟ ਨੂੰ ਫਾਰਵਰਡ ਕਰਨ 'ਚ, ਜੋ ਤੇਜੀ ਵਿਖਾਈ ਜਾ ਰਹੀ ਹੈ, ਉਹ ਹੋਰ ਸ਼ੰਕੇ ਪੈਦਾ ਕਰਦੀ ਹੈ ਕਿਉਂਕਿ ਸੰਬੰਧਤ ਕੈਦੀ ਜੋ ਅੱਜ ਵੀ ਬਹੁਤ ਤਾਕਤਵਰ ਹੈ , ਕਿਤੇ ਮਨੁੱਖੀ ਅਧਿਕਾਰਾਂ ਦੀ ਆੜ 'ਚ, ਉਸ ਰਾਹੀਂ ਸਰਕਾਰਾਂ ਬਣਾਉਣ ਦੀ ਖਿਚੜੀ ਤਾਂ ਨ੍ਹੀਂ ਪਕਾਈ ਜਾ ਰਹੀ।

ਰਾਜਸਥਾਨ ਦੇ 'ਸ਼੍ਰੀਗੰਗਾਨਗਰ' ਜਿਲੇ ਦੀ ਮੰਡੀ 'ਗੋਲੂਵਾਲਾ' ਲਾਗੇ ਇਕ ਛੋਟੇ ਜਿਹੇ ਪਿੰਡ 'ਗੁਰੂਸਰ ਮੋਡਿਆ' 'ਚ ਜਨਮ ਲੈਣ ਤੋਂ ਬਾਅਦ ਹੋਲੀ-ਹੋਲੀ, ਡੇਰਾ ਸੱਚਾ ਸੌਦਾ ਸਿਰਸਾ ਪ੍ਰਮੁੱਖ ਬਣਕੇ, ਕਰੋੜਾਂ ਦੀ ਗਿਣਤੀ 'ਚ, ਭੋਲੇ-ਭਾਲੇ ਤੇ ਪ੍ਰੇਸ਼ਾਨ ਲੋਕਾਂ ਨੂੰ ਆਪਣੇ ਖਾਸ ਪ੍ਰਚਾਰ ਰਾਹੀਂ ਮਗਰ ਲਾਉਣ ਤੋਂ ਬਾਅਦ, ਦੇਸ਼ ਦੇ ਗਿਣਤੀ ਦੇ ਸਭ ਤੋਂ ਤਾਕਤਵਰ ਲੋਕਾਂ 'ਚ ਸ਼ੁਮਾਰ ਹੋ ਕੇ, ਬਹੁਤ ਵੱਡੀ ਸ਼ਖਸੀਅਤ 'ਗੁਰਮੀਤ ਰਾਮ ਰਹੀਮ ਸਿੰਘ' ਬਣ ਜਾਂਦਾ ਹੈ। ਜਿਸਦੇ ਡੇਰੇ 'ਚ ਹਰੇਕ ਪਾਰਟੀ ਦੇ ਵੱਡੇ-ਵੱਡੇ ਲੀਡਰ ਵੋਟਾਂ ਲਈ, ਮੰਤਰੀ ਤੇ ਮੁੱਖ ਮੰਤਰੀ ਤੀਕ ਵੋਟਾਂ ਦੀ ਭੀਖ ਮੰਗਦੇ, ਸਣੇ ਪਰਿਵਾਰ ਸ਼ਰੇਆਮ ਨੱਕ ਰੱਗੜਦੇ ਰਹੇ ਹੀ ਨੇਂ, ਵੱਡੇ-ਵੱਡੇ ਐਕਟਰ, ਦੇਸ਼ ਦੇ ਪ੍ਰਮੁੱਖ ਕ੍ਰਿਕਟ ਖਿਲਾੜੀ, ਬਿਜਨਸਮੈਨ ਤੇ ਕੇਂਦਰ ਸਰਕਾਰਾਂ ਦੇ ਨੁਮਾਇੰਦੇ ਵੀ, ਬਾਬਾ ਜੀ ਦੇ ਪੈਰਾਂ 'ਚ ਡਿੱਗ-ਡਿੱਗ, ਆਸ਼ੀਰਵਾਦ ਲਈ ਲੇਲੜੀਆਂ ਕੱਢਦੇ ਜਨਤਕ ਤੌਰ ਤੇ ਦੇਖਦੇ ਰਹੇ ਹਾਂ।ਪਾਕ-ਪਵਿੱਤਰ ਧਰਮ ਤੇ ਡੇਰੇ ਦੀ ਸੱਚਾਈ ਦੀ ਆੜ 'ਚ, ਡੇਰੇ ਦੀ ਤਾਕਤ ਹਾਸਲ ਹੋਣ ਤੋਂ ਬਾਅਦ, ਕੁੱਝ ਅਨੈਤਿਕ ਲੋਕਾਂ ਦੇ ਸਾਥ ਨਾਲ, ਆਮ ਸ਼ਰਧਾਲੂਆਂ ਵੱਲੋਂ ਕੀਤੇ ਜਾਂਦੇ ਲੋਕਭਲਾਈ ਦੇ ਬੇਹਤਰੀਨ ਕਾਰਜਾਂ ਦਾ ਕ੍ਰੈਡਿਟ ਲੈ ਕੇ, ਉਸ ਕਲਿਆਣ ਦੀ ਆੜ 'ਚ, ਅਜਿਹੇ ਸ਼ਰਮਨਾਕ ਕੁਕਰਮ ਨੇਪਰੇ ਚਾੜ੍ਹੇ ਗਏ ਕਿ ਇਨਸਾਨੀਅਤ ਵੀ ਕੰਬ ਜਾਵੇ, ਇੰਨੇਂ ਤਾਕਤਵਰ ਲੋਕਾਂ ਸਾਹਮਣੇ, ਆਵਾਜ਼ ਉਠਾਉਣ ਦੀ ਜੁਰਅੱਤ ਵੀ ਤਾਂ ਕੋਈ ਆਮ ਬੰਦਾ ਥੋੜੀ ਕਰ ਸਕਦਾ ਸੀ।

ਸਭ ਤੋਂ ਪਹਿਲਾਂ ਹਿੰਮਤ ਕੀਤੀ ਉਨਾਂ ਸਾਧਵੀ ਕੁੜੀਆਂ ਨੇਂ, ਜਿੰਨਾਂ ਨਾਲ ਧਰਮ ਦੀ ਆੜ 'ਚ ਬਲਾਤਕਾਰ ਹੋਏ, ਉਨਾਂ ਆਪਣੇ ਨਾਲ ਹੋਏ ਦਰਦਨਾਕ, ਰੂਹਕੰਬਾਊ ਕਾਰੇ ਨੂੰ ਆਪਣੇ ਸ਼ਬਦਾਂ 'ਚ ਚਿੱਠੀਆਂ ਰਾਹੀਂ, ਦੇਸ਼ ਦੇ ਵੱਡੇ ਜੱਜਾਂ ਤੇ ਇੱਥੋਂ ਤੀਕ ਕੇ ਪ੍ਰਧਾਨਮੰਤਰੀ ਅਟਲ ਬਿਹਾਰੀ ਵਾਜਪਾਈ ਤੀਕ ਪਹੁੰਚ ਦਿੱਤਾ। ਦਰਅਸਲ ਕਿਸੇ ਵੀ ਡੇਰੇ, ਪੰਥ ਜਾਂ ਸੰਪਰਦਾਇ ਨੂੰ ਮੰਨਣ ਵਾਲੇ ਜਿਆਦਾਤਰ ਲੋਕ ਤਾਂ ਸੱਚੇ-ਸੁੱਚੇ ਹੀ ਹੁੰਦੇ ਨੇਂ ਜਿਹਨਾਂ ਨੂੰ ਕੁੱਝ ਕੁ ਚੁਸਤ-ਚਲਾਕ, ਅਨੈਤਿਕ ਲੋਕ ਵਰਤਦੇ ਨੇਂ, ਡੇਰੇ ਦੀ ਇਸ ਮੰਡਲੀ ਨੂੰ ਵੀ ਆਪਣੇ ਹੀ ਸਾਬਕਾ ਪ੍ਰਬੰਧਕੀ ਮੈਂਬਰ ਕੁਰੂਕਸ਼ੇਤਰ ਦੇ 'ਰਣਜੀਤ ਸਿੰਘ' ਤੇ ਸ਼ੱਕ ਸੀ ਕਿ ਉਸਨੇ ਇਹ ਚਿੱਠੀਆਂ ਅੱਗੇ ਪਹੁੰਚਾਈਆਂ ਨੇਂ, ਜੋ ਰੋਹਤਕ ਦਾ ਰਹਿਣ ਵਾਲਾ ਸੀ ਤੇ ਡੇਰੇ ਨਾਲ ਜੁੜਿਆ ਸੱਚਾ-ਸੁੱਚਾ ਇਨਸਾਨ ਸੀ।ਮੇਰੀ ਜਾਣਕਾਰੀ 'ਚ, ਅੱਜ ਤੱਕ ਦੇ ਸਭ ਤੋਂ ਦਲੇਰ ਪੱਤਰਕਾਰ, ਸਿਰਸਾ ਦੇ ਸ਼ਹੀਦ 'ਰਾਮਚੰਦਰ ਛੱਤਰਪਤੀ', ਜਿੰਨਾਂ ਆਪਣੇ ਅਖਬਾਰ 'ਪੂਰਾ ਸੱਚ' 'ਚ ਇਹ ਤਿੰਨ ਪੇਜਾਂ ਦੀ ਚਿੱਠੀ ਛਾਪ ਦਿੱਤੀ, ਹਾਹਾਕਾਰ ਮੱਚ ਗਿਆ, ਡੇਰੇ ਹੱਥੋਂ ਧਮਕੀਆਂ ਦੀ ਭਰਮਾਰ ਪਰ ਇਸ ਬਹਾਦਰ ਸ਼ੇਰ ਨੇਂ ਪਰਵਾਹ ਨਾ ਕੀਤੀ, ਅਖੀਰ ਪੰਜਾਬ ਹਰਿਆਣਾ ਕੋਰਟ ਨੇ ਇਸ ਚਿੱਠੀ ਤੇ ਪ੍ਰਧਾਨਮੰਤਰੀ ਦਫਤਰ ਦੇ ਦਖਲ ਤੋਂ ਬਾਅਦ ਸਿਰਸਾ ਦੇ ਸ਼ੇਸ਼ਨ ਜੱਜ ਨੂੰ ਜਾਂਚ ਦੇ ਹੁਕਮ ਦੇ ਦਿੱਤੇ ਤੇ ਅਖੀਰ ਕੇਸ ਸੀਬੀਆਈ ਨੂੰ ਸੌਂਪ ਦਿੱਤਾ ਗਿਆ ਸੀ ਪਰ ਇੰਨਾਂ ਦਰਿੰਦਿਆਂ ਨੇਂ, 24 ਅਕਤੂਬਰ 2002 ਨੂੰ, ਸ਼ੂਰਵੀਰ ਰਾਮਚੰਦਰ ਛੱਤਰਪਤੀ ਦਾ ਗੋਲੀਆਂ ਮਾਰਕੇ ਉਸਦੇ ਘਰ ਅੱਗੇ ਹੀ ਕਤਲ ਕਰ ਦਿੱਤਾ ਕਿਉਂਕਿ ਪੈਸੇ ਤੇ ਸੱਤਾ ਦੀ ਤਾਕਤ 'ਚ, ਇਹ ਲੋਕ ਅੰਨ੍ਹੇ ਜੋ ਹੋ ਚੁੱਕੇ ਸਨ, ਦਰਅਸਲ 10 ਜੁਲਾਈ 2002 ਨੂੰ ਇਹੀ ਜੁੰਡਲੀ ਰਣਜੀਤ ਸਿੰਘ ਦਾ ਕਤਲ ਵੀ ਤਾਂ ਕਰ ਚੁੱਕੀ ਸੀ ਜਦੋਂ ਰਣਜੀਤ ਸਿੰਘ ਆਪਣੇ ਖੇਤ ਚਾਹ ਦੇਣ ਜਾ ਰਿਹਾ ਸੀ।

ਆਪਣਾ-ਆਪ ਦਾਅ ਤੇ ਲਾਕੇ, ਸੰਘਰਸ਼ ਕਰਦੇ ਰਹੇ, ਕਰੋੜਾਂ-ਅਰਬਾਂ ਨੂੰ ਠੋਕਰ ਮਾਰਕੇ ਕਦੇ ਨਾ ਵਿਕਣ ਵਾਲੇ, 'ਅੰਸ਼ੂਲ ਛੱਤਰਪਤੀ' ਵਰਗੇ ਦਲੇਰ ਯੋਧੇ ਤੇ ਹੋਰ ਪਰਿਵਾਰਕ ਮੈਂਬਰ ਜਿੰਨਾਂ ਆਪਣੇ ਪਰਿਵਾਰਕ ਮੈਂਬਰਾਂ ਨੂੰ ਅੱਖਾਂ ਸਾਹਮਣੇ ਕਤਲ ਹੁੰਦਿਆਂ ਦੇਖਿਆਂ, ਸੰਘਰਸ਼ਸ਼ੀਲ ਇਨਸਾਫ ਪਸੰਦ ਆਮ ਲੋਕ, ਦਲੇਰ ਗਵਾਹ, ਦਲੇਰ ਵਕੀਲ, ਦਲੇਰ ਜੱਜ ਤੇ ਹੋਰ ਜੱਥੇਬੰਦੀਆਂ ਜਿਹਨਾਂ ਲੰਮੇ ਘੋਲ ਲੜਕੇ ਇਹ ਦੋਸ਼ ਸਾਬਤ ਕਰਵਾਉਣ ਲਈ ਵਾਹ ਲਾ ਦਿਤੀ ਤੇ ਅਖੀਰ ਸਾਧਵੀ ਬਲਾਤਕਾਰ, ਰਾਮਚੰਦਰ ਛੱਤਰਪਤੀ ਤੇ ਰਣਜੀਤ ਸਿੰਘ ਕਤਲਕਾਂਡ ਕੇਸ 'ਚ ਦੋਸ਼ ਸਾਬਤ ਹੋਏ ਪਰ ਇਹਨਾਂ ਕੇਸਾਂ 'ਚ ਉਮਰ ਕੈਦ ਹੋਣ ਤੋਂ ਬਾਅਦ ਵਾਰ-ਵਾਰ ਪੈਰੋਲ, ਫਰਲੋ ਮੰਗਣ ਤੇ ਸਰਕਾਰ ਵੱਲੋਂ ਝੱਟ ਕੋਰਟ ਨੂੰ ਚਿੱਠੀ ਫਾਰਵਰਡ ਕਰਨਾ ਤੇ ਸਰਕਾਰੀ ਮੰਜ਼ੂਰੀ ਦੇਣਾ, ਬਹੁਤ-ਬਹੁਤ ਸ਼ਰਮਨਾਕ ਹੈ ਤੇ ਉਸ ਤੋਂ ਵੱਧ ਸ਼ਰਮਨਾਕ ਹੈ, ਪੈਰੋਲ ਦੌਰਾਨ ਬਾਬੇ ਦਾ ਸ਼ਰੇਆਮ ਆਨਲਾਈਨ ਸਤਸੰਗ ਸੰਬੋਧਨ ਰਾਹੀਂ ਸ਼ਰੇਆਮ ਆਪਣਾ ਪ੍ਰਚਾਰ-ਪ੍ਰਸਾਰ। ਆਖਰ ਉਹਨਾਂ ਪਰਿਵਾਰਕ ਮੈਂਬਰਾਂ ਤੇ ਕੀ ਗੁਜਰਦੀ ਹੋਵੇਗੀ ਜਿਨਾਂ ਦੇ ਪਰਿਵਾਰਕ ਮੈਂਬਰ ਕਤਲ ਹੋਏ ਨੇਂ, ਕੀ ਇਹ ਨੈਤਿਕਤਾ ਹੈ, ਦੂਜੇ ਪਾਸੇ ਸਜਾ ਪੂਰੀ ਕਰ ਚੁੱਕੇ ਅਣਗਿਣਤ ਆਮ ਕੈਦੀ, ਜੋ ਜੇਲਾਂ 'ਚ ਹੀ ਆਪਣੀ ਸਾਰੀ ਜਿੰਦਗੀ ਬਿਤਾਉਣ ਤੋਂ ਬਾਅਦ ਮਾਮੂਲੀ ਪੈਰੋਲ ਨੂੰ, ਇੱਥੋਂ ਤੀਕ ਕੇ ਆਪਣੇ ਪਰਿਵਾਰਕ ਮੈਂਬਰਾਂ ਦੇ ਸਸਕਾਰ ਤੇ ਆਉਣ ਨੂੰ ਵੀ ਤਰਸਦੇ ਰਹੇ ਨੇਂ, ਉਨਾਂ ਤੇ ਉਨਾਂ ਦੇ ਪਰਿਵਾਰਕ ਮੈਂਬਰਾਂ ਦੀ ਕੀ ਹਾਲ ਹੁੰਦਾ ਹੋਵੇਗਾ, ਜਦੋਂ ਅਜਿਹੇ ਸਾਧ ਦੇ ਡੇਰੇ ਅੱਜ ਵੀ ਆਮ ਭੋਲੇ-ਭਾਲੇ ਲੋਕ ਹੀ ਨ੍ਹੀਂ ਸਗੋਂ ਰਾਜਨੀਤਕ ਪਾਰਟੀਆਂ ਦੇ ਵੱਡੇ ਲੀਡਰ ਤੇ ਇੱਥੋਂ ਤੱਕ ਕੇ ਮੌਜੂਦਾ ਮੰਤਰੀ, ਐਮ ਐਲ ਏ ਤੇ ਸਰਕਾਰਾਂ ਦੇ ਹੋਰ ਨੁਮਾਇੰਦੇ ਮੱਥੇ ਟੇਕਦੇ, ਸ਼ਰੇਆਮ ਨਿਆਂ, ਨੈਤਿਕਤਾ ਤੇ ਸੱਚਾਈ ਨੂੰ ਚਿੜਾਉਂਦੇ, ਨਫ਼ਰਤ ਦਾ ਲਾਂਬੂ ਲਾਉਣ 'ਚ ਮੋਹਰੀ ਭੂਮਿਕਾ ਨਿਭਾ ਰਹੇ ਨੇਂ, ਯਾਦ ਰੱਖਣਾ ਅਜਿਹੇ ਘਟਨਾਕ੍ਰਮ ਆਉਣ ਵਾਲੇ ਸਮੇਂ 'ਚ, ਆਪਸੀ ਭਾਈਚਾਰੇ, ਨਿਆਂ ਵਿਵਸਥਾ ਤੇ ਲੋਕਤੰਤਰ ਲਈ ਬਹੁਤ-ਬਹੁਤ ਖਤਰਨਾਕ ਤੇ ਆਤਮਘਾਤੀ ਸਾਬਤ ਹੋ ਸਕਦੇ ਨੇਂ।

**ਅਸ਼ੋਕ ਸੋਨੀ, ਕਾਲਮਨਵੀਸ**
**ਪਿੰਡ ਖੂਈ ਖੇੜਾ, ਫਾਜ਼ਿਲਕਾ**
**9872705078**

# ਇੰਗਲੈਂਡ-ਕੈਨੇਡਾ 'ਚ ਪੜ੍ਹਾਈ ਕਰਨ ਲਈ ਪੰਜਾਬੀਆਂ ਨੂੰ ਦਰਪੇਸ਼ ਪੰਜ ਵੱਡੀਆਂ ਚੁਣੌਤੀਆਂ

ਫ਼ਗਵਾੜਾ (ਪੰਜਾਬੀ ਅਖਬਾਰ ਬਿਊਰੋ)- ਭਾਰਤ 'ਚ ਵਿਦਿਆਰਥੀਆਂ ਦੀ ਵੱਡੀ ਗਿਣਤੀ ਹੈ ਜੋ ਹਰ ਸਾਲ ਵਿਦੇਸ਼ਾਂ 'ਚ ਪੜ੍ਹਾਈ ਕਰਨ ਜਾਂਦੇ ਹਨ। ਹਾਲ ਹੀ ਦੇ ਸਾਲਾਂ 'ਚ ਵਿਦੇਸ਼ਾਂ 'ਚ ਪੜ੍ਹਨ ਵਾਲੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ 'ਚ ਲਗਾਤਾਰ ਵਾਧਾ ਹੋ ਰਿਹਾ ਹੈ ਜਿਨ੍ਹਾਂ 'ਚੋਂ ਜ਼ਿਆਦਾਤਰ ਅਮਰੀਕਾ, ਯੂਨਾਈਟਿਡ ਕਿੰਗਡਮ (ਇੰਗਲੈਂਡ), ਆਸਟ੍ਰੇਲੀਆ ਅਤੇ ਕੈਨੇਡਾ 'ਚ ਉੱਚ ਸਿੱਖਿਆ ਪ੍ਰਾਪਤ ਕਰ ਰਹੇ ਹਨ। ਵਿਦੇਸ਼ਾਂ 'ਚ ਪੜ੍ਹਾਈ ਕਰਨ ਦੇ ਆਪਣੇ ਖ਼ਤਰੇ ਹਨ ਜਿਨ੍ਹਾਂ ਬਾਰੇ ਭਾਰਤੀ ਵਿਦਿਆਰਥੀਆਂ ਨੂੰ ਜਾਗਰੂਕ ਹੋਣ ਅਤੇ ਇਸ ਲਈ ਤਿਆਰੀ ਕਰਨ ਦੀ ਲੋੜ ਹੈ।

**ਵਿਦੇਸ਼ੀ ਸੱਭਿਆਚਾਰ ਅਤੇ ਜੀਵਨ ਸ਼ੈਲੀ ਦੇ ਅਨੁਕੂਲ ਹੋਣਾ**

ਉੱਥੇ ਪਹੁੰਚਦੇ ਹੀ ਭਾਰਤੀ ਵਿਦਿਆਰਥੀਆਂ ਨੂੰ ਪੜ੍ਹਾਈ ਦੌਰਾਨ ਜਿਸ ਸਭ ਤੋਂ ਵੱਡੇ ਖ਼ਤਰੇ ਦਾ ਸਾਹਮਣਾ ਕਰਨਾ ਪੈਂਦਾ ਹੈ, ਉਹ ਹੈ ਕਿਸੇ ਵਿਦੇਸ਼ੀ ਦੇਸ਼ 'ਚ ਨਵੇਂ ਸਭਿਆਚਾਰ ਅਤੇ ਜੀਵਨ ਸ਼ੈਲੀ ਦੇ ਅਨੁਕੂਲ ਹੋਣਾ। ਜਾਣਕਾਰਾਂ ਦਾ ਕਹਿਣਾ ਹੈ ਇਹ ਹਕੀਕਤ 'ਚ ਔਖਾ ਹੁੰਦਾ ਹੈ ਜਦੋਂ ਵਿਦਿਆਰਥੀ ਕੁਝ ਵੀ ਸਮਝ ਨਹੀਂ ਆਉਂਦੀ। ਇਸ ਚੱਕਰ 'ਚ ਉਹ ਅਲੱਗ-ਥਲੱਗ ਅਤੇ ਇਕੱਲੇ ਮਹਿਸੂਸ ਕਰਨ ਅਤੇ ਘਰ ਵਿਖੇ ਆਪਣੇ ਪਰਿਵਾਰ ਅਤੇ ਦੋਸਤਾਂ ਨੂੰ ਜ਼ਰੂਰਤ ਤੋਂ ਜ਼ਿਆਦਾ ਯਾਦ ਕਰਨਾ ਸ਼ੁਰੂ ਕਰ ਦਿੰਦੇ ਹਨ। ਇਸ ਦਾ ਸਿੱਟਾ ਉਦਾਸੀਨਤਾ ਅਤੇ ਚਿੰਤਾ ਦੇ ਰੂਪ 'ਚ ਨਿਕਲ ਸਕਦਾ ਹੈ ਅਤੇ ਉਨ੍ਹਾਂ ਦੇ ਅਕਾਦਮਿਕ ਪ੍ਰਦਰਸ਼ਨ ਨੂੰ ਪ੍ਰਭਾਵਿਤ ਕਰ ਸਕਦਾ ਹੈ। ਇਸ ਨੂੰ ਦੂਰ ਕਰਨ ਲਈ ਵਿਦਿਆਰਥੀਆਂ ਨੂੰ ਆਪਣੇ ਆਪ ਨੂੰ ਵਿਅਸਤ ਰੱਖਣ ਲਈ ਨਵੇਂ ਦੋਸਤ ਬਣਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਅਤੇ ਪਾਠਕ੍ਰਮ ਤੋਂ ਬਾਹਰੀ ਗਤੀਵਿਧੀਆਂ 'ਚ ਹਿੱਸਾ ਲੈਣਾ ਚਾਹੀਦਾ ਹੈ।

**ਭਾਸ਼ਾ ਦੀ ਰੁਕਾਵਟ**

ਇੱਕ ਹੋਰ ਖ਼ਤਰਾ ਜਿਸ ਦਾ ਭਾਰਤੀ ਵਿਦਿਆਰਥੀਆਂ ਨੂੰ ਸਾਹਮਣਾ ਕਰਨਾ ਪੈਂਦਾ ਹੈ, ਉਹ ਹੈ ਭਾਸ਼ਾ ਦੀ ਰੁਕਾਵਟ।




ਹੋ ਸਕਦਾ ਹੈ ਕਿ ਬਹੁਤ ਸਾਰੇ ਵਿਦਿਆਰਥੀ ਉਸ ਦੇਸ਼ ਦੀ ਭਾਸ਼ਾ 'ਚ ਮਾਹਿਰ ਹੀ ਨਾ ਹੋਣ ਜਿਸ 'ਚ ਉਹ ਪੜ੍ਹ ਰਹੇ ਹਨ ਜਿਸ ਨਾਲ ਉਨ੍ਹਾਂ ਵਾਸਤੇ ਆਪਣੇ ਸਾਥੀਆਂ ਅਤੇ ਪ੍ਰੋਫ਼ੈਸਰਾਂ ਨਾਲ ਅਸਰਦਾਰ ਤਰੀਕੇ ਨਾਲ ਸੰਚਾਰ ਕਰਨਾ ਮੁਸ਼ਕਿਲ ਹੋ ਸਕਦਾ ਹੈ। ਇਹ ਉਨ੍ਹਾਂ ਲਈ ਆਪਣੀ ਖੋਜ ਨੂੰ ਸਮਝਣਾ ਅਤੇ ਉਨ੍ਹਾਂ ਦੇ ਅਕਾਦਮਿਕ ਪ੍ਰਦਰਸ਼ਨ ਨੂੰ ਪ੍ਰਭਾਵਿਤ ਕਰਨਾ ਮੁਸ਼ਕਿਲ ਬਣਾ ਸਕਦਾ ਹੈ। ਇਸ 'ਤੇ ਕਾਬੂ ਪਾਉਣ ਲਈ ਵਿਦਿਆਰਥੀਆਂ ਨੂੰ ਭਾਸ਼ਾ ਦੀਆਂ ਕਲਾਸਾਂ ਲੈਣੀਆਂ ਚਾਹੀਦੀਆਂ ਹਨ ਅਤੇ ਵੱਧ ਤੋਂ ਵੱਧ ਸੰਭਵ ਹੱਦ ਤਕ ਭਾਸ਼ਾ ਬੋਲਣ ਦਾ ਅਭਿਆਸ ਕਰਦੇ ਰਹਿਣਾ ਚਾਹੀਦਾ ਹੈ।

**ਵਿਤਕਰੇ ਅਤੇ ਨਸਲਵਾਦ ਦਾ ਸਾਹਮਣਾ**

ਇਤਿਹਾਸ ਗਵਾਹ ਬਣਿਆ ਹੈ ਕਿ ਭਾਰਤੀ ਵਿਦਿਆਰਥੀਆਂ ਨੂੰ ਵਿਤਕਰੇ ਅਤੇ ਨਸਲਵਾਦ ਦੇ ਖ਼ਤਰੇ ਦਾ ਵੀ ਸਾਹਮਣਾ ਕਰਨਾ ਪਿਆ ਹੈ। ਉਨ੍ਹਾਂ ਨੂੰ ਨਸਲਵਾਦੀ ਅਤੇ ਪੱਖਪਾਤੀ ਟਿੱਪਣੀਆਂ ਅਤੇ ਕਾਰਵਾਈਆਂ ਦਾ ਸਾਹਮਣਾ ਕਰਨਾ ਪਿਆ ਹੈ ਜੋ ਨੁਕਸਾਨਦੇਹ ਅਤੇ ਨਿਰਾਸ਼ਾਜਨਕ ਹੋ ਸਕਦੀਆਂ ਹਨ। ਇਹ ਉਨ੍ਹਾਂ ਦੀ ਮਾਨਸਿਕ ਤੰਦਰੁਸਤੀ ਨੂੰ ਵੀ ਪ੍ਰਭਾਵਿਤ ਕਰਦਾ ਹੈ ਅਤੇ ਉਨ੍ਹਾਂ ਵਾਸਤੇ ਆਪਣੇ ਨਵੇਂ ਆਲੇ-ਦੁਆਲੇ ਦੇ ਅਨੁਕੂਲ ਹੋਣਾ ਮੁਸ਼ਕਿਲ ਬਣਾ ਸਕਦਾ ਹੈ। ਇਸ 'ਤੇ ਕਾਬੂ ਪਾਉਣ ਲਈ ਵਿਦਿਆਰਥੀਆਂ ਨੂੰ ਆਪਣੇ ਨਾਲ ਦੇ ਸਾਥੀਆਂ ਅਤੇ ਪ੍ਰੋਫ਼ੈਸਰਾਂ ਤੋਂ ਸਹਾਇਤਾ ਲੈਣੀ ਚਾਹੀਦੀ ਹੈ, ਅਤੇ ਕਿਸੇ ਵੀ ਪੱਖਪਾਤੀ ਨਸਲਵਾਦੀ ਘਟਨਾਵਾਂ ਦੀ ਰਿਪੋਰਟ ਤੁਰੰਤ ਉਚਿੱਤ ਪ੍ਰਸ਼ਾਸ਼ਕੀ ਅਥਾਰਟੀਆਂ ਨੂੰ ਕਰਨੀ ਚਾਹੀਦੀ ਹੈ। ਮਾਹਿਰਾਂ ਦੀ ਰਾਏ 'ਚ ਭਾਰਤੀ ਵਿਦਿਆਰਥੀਆਂ ਨੂੰ ਵਿੱਤੀ ਮੁਸ਼ਕਿਲਾਂ ਦਾ ਵੀ ਸਾਹਮਣਾ ਕਰਨਾ ਪੈਂਦਾ ਹੈ।

**ਵਿੱਤੀ ਸੰਕਟ**

ਵਿਦੇਸ਼ਾਂ 'ਚ ਪੜ੍ਹਾਈ ਕਰਨਾ ਮਹਿੰਗਾ ਪੈ ਸਕਦਾ ਹੈ ਅਤੇ ਬਹੁਤ ਸਾਰੇ ਵਿਦਿਆਰਥੀਆਂ ਨੂੰ ਬਾਹਰਲੇ ਦੇਸ਼ 'ਚ ਰਹਿਣ ਦਾ ਖ਼ਰਚਾ ਚੁੱਕਣਾ ਮੁਸ਼ਕਿਲ ਲੱਗਦਾ ਹੈ। ਉਨ੍ਹਾਂ ਨੂੰ ਆਪਣਾ ਗੁਜ਼ਾਰਾ ਕਰਨ ਲਈ ਕੋਈ ਅੰਸ਼ਕ-ਸਮੇਂ ਦੀ ਨੌਕਰੀ ਲੱਭਣਾ ਵੀ ਮੁਸ਼ਕਿਲ ਲੱਗਦਾ ਹੈ ਜਿਸ ਕਾਰਨ ਉਨ੍ਹਾਂ ਵਾਸਤੇ ਆਪਣੀਆਂ ਟਿਊਸ਼ਨ ਫ਼ੀਸਾਂ ਅਤੇ ਹੋਰ ਖ਼ਰਚਿਆਂ ਨੂੰ ਸਹਿਣ ਕਰਨਾ ਬੇਹੱਦ ਮੁਸ਼ਕਿਲ ਬਣਾ ਸਕਦਾ ਹੈ। ਇਸ 'ਤੇ ਕਾਬੂ ਪਾਉਣ ਲਈ, ਵਿਦਿਆਰਥੀਆਂ ਨੂੰ ਆਪਣੇ ਵਿੱਤ ਸਰੋਤਾਂ ਦੀ ਧਿਆਨਪੂਰਵਕ ਯੋਜਨਾ ਬਣਾਉਣੀ ਚਾਹੀਦੀ ਹੈ ਅਤੇ ਵਜ਼ੀਫ਼ਿਆਂ ਅਤੇ ਵਿੱਤੀ ਸਹਾਇਤਾ ਦੀ ਤਲਾਸ਼ ਕਰਦੇ ਰਹਿਣਾ ਚਾਹੀਦਾ ਹੈ।

**ਘਰੇਲੂ ਡਿਪਰੇਸ਼ਨ**

ਅੰਤ 'ਚ ਭਾਰਤੀ ਵਿਦਿਆਰਥੀਆਂ ਨੂੰ ਘਰੇਲੂ ਡਿਪਰੈਸ਼ਨ ਦੇ ਖ਼ਤਰੇ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ। ਬਹੁਤ ਸਾਰੇ ਵਿਦਿਆਰਥੀ ਆਪਣੇ ਪਰਿਵਾਰ ਅਤੇ ਦੋਸਤਾਂ ਨੂੰ ਬਹੁਤ ਜ਼ਿਆਦਾ ਯਾਦ ਕਰਦੇ ਹਨ ਅਤੇ ਖ਼ੁਦ ਨੂੰ ਇਕੱਲਾ ਮਹਿਸੂਸ ਕਰ ਸਕਦੇ ਹਨ। ਇਹ ਉਨ੍ਹਾਂ ਦੀ ਮਾਨਸਿਕ ਤੰਦਰੁਸਤੀ ਨੂੰ ਪ੍ਰਭਾਵਿਤ ਕਰ ਸਕਦਾ ਹੈ ਅਤੇ ਉਨ੍ਹਾਂ ਵਾਸਤੇ ਆਪਣੇ ਨਵੇਂ ਆਲੇ-ਦੁਆਲੇ ਦੇ ਮਾਹੌਲ ਦੇ ਅਨੁਕੂਲ ਹੋਣਾ ਮੁਸ਼ਕਿਲ ਬਣਾ ਸਕਦਾ ਹੈ। ਇਸ ਨੂੰ ਦੂਰ ਕਰਨ ਲਈ ਵਿਦਿਆਰਥੀਆਂ ਨੂੰ ਹਮੇਸ਼ਾ ਸੋਸ਼ਲ ਮੀਡੀਆ ਅਤੇ ਵੀਡੀਓ ਕਾਲਾਂ ਰਾਹੀਂ ਆਪਣੇ ਪਰਿਵਾਰ ਅਤੇ ਦੋਸਤਾਂ ਦੇ ਸਿੱਧੇ ਸੰਪਰਕ 'ਚ ਰਹਿਣਾ ਚਾਹੀਦਾ ਹੈ, ਅਤੇ ਆਪਣੇ ਮੇਜ਼ਬਾਨ ਦੇਸ਼ 'ਚ ਨਵੇਂ ਦੋਸਤ ਬਣਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।ਸੰਖੇਪ 'ਚ ਭਾਰਤੀ ਵਿਦਿਆਰਥੀਆਂ ਨੂੰ ਵਿਦੇਸ਼ਾਂ 'ਚ ਪੜ੍ਹਾਈ ਦੌਰਾਨ ਕਈ ਤਰ੍ਹਾਂ ਦੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਹ ਸ਼ੁਰੂ ਤੋਂ ਹੁੰਦਾ ਆ ਰਿਹਾ ਹੈ, ਅੱਜ ਵੀ ਹੈ ਅਤੇ ਅੱਗੇ ਵੀ ਰਹੇਗਾ।

